# ਚਿਰਾਗ

ਜੁਲਾਈ-ਸਤੰਬਰ 1998

**July -September 1998**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼



ਮੁੱਲ : ਦਸ ਰੁਪਏ -15- ਜੁਲਾਈ-ਸਤੰਬਰ, 1998

# ਚਿਰਾਗ਼ (ਤਿਮਾਹੀ)

**ਜੁਲਾਈ-ਸਤੰਬਰ, 1998**

ਸੰਪਾਦਕ : **ਹਰਭਜਨ ਸਿੰਘ ਹੁੰਦਲ**

ਸੰਪਾਦਕੀ ਮੰਡਲ : **ਡਾ. ਕਰਮਜੀਤ ਸਿੰਘ**
**ਸੁਰਜੀਤ ਗਿੱਲ, ਸੂਫ਼ੀ ਅਮਰਜੀਤ,**



○ ਸੰਪਾਦਕੀ **ਟਿੱਪਣੀ** : ਸਾਹਿਤਕ ਸਕੈਂਡਲ ਦੀ ਪੜਤਾਲ

○ ਨਜ਼ਮਾਂ : ਮਦਨ ਵੀਰਾ (ਲੰਮੀ ਨਜ਼ਮ) 3, ਚਾਰ ਨਜ਼ਮਾਂ (ਹਰਵਿੰਦਰ ਭੰਡਾਲ) 7, ਪੰਜ ਨਜ਼ਮਾਂ (ਜਗਰੂਪ ਸਿੰਘ ਰੂਪ) 11, ਡਾ. ਜਸਵੀਰ ਕੇਸਰ/15,

○ ਵਤਨੋਂ ਦੂਰ : ਮਹਿਰਮ ਯਾਰ/26, ਵਰਿੰਦਰ ਪ੍ਰੀਹਾਰ/28, ਗੁਰਨਾਮ ਢਿਲੋਂ/30

○ ਕਹਾਣੀ : ਇਹੋ ਸੱਚ ਹੈ (ਧਰਮ ਪਾਲ ਸਾਹਿਲ) 18, ਜੜ੍ਹ (ਸ਼ਬਦੀਸ਼) 40

○ ਗ਼ਜ਼ਲਾਂ : ਆਤਮ ਰੰਧਾਵਾ/29, ਕੇਸਰ ਸਿੰਘ ਨੀਰ/34, ਨਵਕਿਰਨ/35, ਬਰਜਿੰਦਰ ਚੌਹਾਨ/35, ਸੁਰਜੀਤ ਸਾਜਨ/37, ਮਹਾਬੀਰ ਦਰਦੀ, ਕਸ਼ਮੀਰ ਨੀਰ/38, ਗੁਰਦੀਪ/39

○ ਵਾਘਿਉ ਪਾਰ : ਅਹਿਮਦ ਸਲੀਮ/32, ਸਰਵੱਤ ਮਹੀਉਦੀਨ, ਤਜੱਮਲ ਕਲੀਮ, ਤਨਵੀਰ ਬੁਖਾਰੀ, ਨਸੀਰ ਅਹਿਮਦ ਨਸੀਰ, ਪਾਕਿਸਤਾਨ ਤੋਂ ਪ੍ਰਾਪਤ ਪੁਸਤਕਾਂ।

○ ਮੁਲਾਂਕਣ : ਆਮ ਲੋਕਾਂ ਦਾ ਕਵੀ (ਹਰਭਜਨ ਸਿੰਘ ਹੁੰਦਲ)/50

○ **ਪੁਸਤਕ ਪੜਚੋਲ** : (ਹੇਅ-ਚੀ-ਮਿੰਨ) (ਡਾ: ਚਮਨ ਲਾਲ/ਮਾਲਵੇ ਦੀ ਪੈੜ, ਕਾਲੇ ਹਾਸ਼ੀਏ (ਸੁਰਜੀਤ ਗਿੱਲ), ਮੈਂ ਕਿਤੇ ਹੋਰ ਸੀ (ਪ੍ਰੇਮ ਸਾਹਿਲ), ਪ੍ਰਕਾਸ਼ਨ ਦਾ ਨਵਾਂ ਉੱਦਮ, (ਹ.ਸ.ਹ) ਲਹਿਰ ਲਹਿਰ ਸਾਹਿਲ (ਹਰਵਿੰਦਰ ਭੰਡਾਲ), ਪੈਰਿਸ ਦੀ ਪਿਆਸ (ਹ.ਸ.ਹ.), ਚਕਲਾ ਤੇ ਚੀਜ਼ ਵਹੁਟੀ (ਡਾ. ਹਰਪ੍ਰੀਤ ਸਿੰਘ ਹੁੰਦਲ)

○ **ਖ਼ਿਆਲ ਆਪੋ ਆਪਣਾ** : ਅਹਿਸਾਨ ਬਾਜਵਾ, ਕੇਸਰ ਸਿੰਘ ਨੀਰ, ਆਤਮ ਰੰਧਾਵਾ, ਨਦੀਮ ਪਰਮਾਰ।

ਪੁਸਤਕ ਪ੍ਰਾਪਤੀ :



ਪ੍ਰਕਾਸ਼ਨ ਮਿਤੀ : **30** ਜੁਲਾਈ, 1998



**Postal Address :**
**Harbhajan Singh Hundal,**
**V. Futu Chak,**
**P.O. Dhilwan,**
**Distt. Kapurthala-144804**
**(Pb.) India.**



**ਚੰਦਿਆਂ ਦਾ ਵੇਰਵਾ :**

| | | |
|---|---|---|
| ਦੇਸ਼ ਵਾਰਸ਼ਿਕ | : | 30 ਰੁਪਏ |
| ਇਕ ਪਰਚਾ | : | 10 ਰੁਪਏ |
| ਸੰਸਥਾਵਾਂ (ਵਾਰਸ਼ਿਕ) | : | 40 ਰੁਪਏ |
| **ਬਦੇਸ਼** | | |
| ਵਾਰਸ਼ਿਕ | : | 300 ਰੁਪਏ |

ਚਿਰਾਗ਼ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1—96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।


## ਸੰਪਾਦਕੀ ਟਿੱਪਣੀ

### ਸਾਹਿਤਕ ਸਕੈਂਡਲ ਦੀ ਪੜਤਾਲ

ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਜਾਹਲੀ ਭਰਤੀ ਦਾ ਸਵਾਲ, ਪਿਛਲੇ ਕਾਫੀ ਸਾਲਾਂ ਤੋਂ ਚਿੰਤਾ ਦਾ ਵਿਸ਼ਾ ਰਿਹਾ ਹੈ। ਪਰ ਇਸ ਦਾ ਠੀਕ ਭਾਂਤ ਕੋਈ ਪ੍ਰਵਾਨਤ ਹੱਲ ਲੱਭਣ ਦਾ ਗੰਭੀਰ ਉਪਰਾਲਾ ਕਦੇ ਵੀ ਨਹੀਂ ਕੀਤਾ ਗਿਆ। ਚੋਣਾਂ ਤੋਂ ਪਹਿਲਾਂ ਵੋਟਾਂ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਖੜੇ ਹੋਣ ਵਾਲੇ ਉਮੀਦਵਾਰ ਚੋਣਾਂ ਵਿਚ, ਜਿੱਤ ਪ੍ਰਾਪਤ ਕਰਨ ਲਈ, ਪਹਿਲਾਂ ਜਾਹਲੀ ਵੋਟਾਂ ਬਣਾਉਂਦੇ ਹਨ, ਤੇ ਫਿਰ ਚੋਣ ਲੜਨ ਲਈ ਕਾਗਜ਼ ਭਰਦੇ ਹਨ। ਫਿਰ ਇਹਨਾ ਵੋਟਾਂ ਨੂੰ ਭੁਗਤਾਉਣ ਲਈ ਟਰੱਕ ਤੇ ਮਿੰਨੀ-ਬੱਸਾਂ ਕੀਤੀਆਂ ਜਾਂਦੀਆਂ ਹਨ। ਚੋਣਾਂ ਵਾਲੇ ਉਸ ਦਿਨ ਜਨਰਲ ਹਾਊਸ ਦਾ ਦੋ ਸਾਲਾ ਇਜਲਾਸ ਵੀ ਹੁੰਦਾ ਹੈ, ਪਰ ਇਹ ਇਜਲਾਸ ਨਾਂ-ਮਾਤਰ ਹੀ ਹੁੰਦਾ ਹੈ। ਵੋਟਾਂ ਪਾਉਣ ਲਈ ਲੰਮੀਆਂ ਕਤਾਰਾਂ ਲਗ ਜਾਂਦੀਆਂ ਹਨ। ਇਹਨਾਂ ਲੰਮੀਆਂ ਕਤਾਰਾਂ ਵਿਚ ਖਲੋਤੇ ਚਿਹਰਿਆਂ ਤੇ ਨਜ਼ਰ ਮਾਰੋ, ਤਾਂ ਟਾਵਾਂ ਟਾਵਾਂ ਲੇਖਕ ਚਿਹਰਾ ਤੁਹਾਡੀ ਨਜ਼ਰੀਂ ਪਵੇਗਾ, ਬਾਕੀ ਸਭ ਸਾਹਿਤ-ਪ੍ਰੇਮੀ ਹੁੰਦੇ ਹਨ, ਉਹ ਸਾਹਿਤ-ਪ੍ਰੇਮੀ, ਜਿਹਨਾਂ ਬਹੁਤ ਵਾਰੀ, ਕਦੇ ਕੋਈ ਸਾਹਿਤਕ ਕਿਤਾਬ ਨਹੀਂ ਪੜ੍ਹੀ ਜਾਂ ਲਿਖੀ ਹੁੰਦੀ। ਜੇ ਰੱਦ ਹੋਈਆਂ ਵੋਟਾਂ ਦੀ ਜਾਂਚ-ਪੜਤਾਲ ਕੀਤੀ ਜਾਵੇ, ਤਾਂ ਪਤਾ ਲੱਗਦਾ ਹੈ ਕਿ ਇਹਨਾਂ ਸਾਹਿਤ-ਪ੍ਰੇਮੀਆਂ 'ਚੋਂ ਕਈਆਂ ਨੂੰ ਵੋਟ ਪਾਉਣੀ ਵੀ ਨਹੀਂ ਆਉਂਦੀ। ਚੋਣਾਂ ਤੋਂ ਬਾਅਦ ਇਹ ਸਾਹਿਤ-ਪ੍ਰੇਮੀ, ਦੋ ਸਾਲ ਵਿਹਲੇ ਰਹਿੰਦੇ ਹਨ। ਇਹਨਾਂ ਦੀ ਲੋੜ ਦੋ ਸਾਲਾਂ ਪਿੱਛੋਂ ਪੈਂਦੀ ਹੈ। ਇਸ ਖੇਡ ਨੂੰ ਵੇਖ, ਪੰਜਾਬੀ ਦੇ ਵੱਡੇ ਤੇ ਸਮਾਪਤ ਲੇਖਕ ਚੋਣਾਂ ਵਿਚ ਭਾਗ ਲੈਣੋ ਹਟ ਗਏ ਹਨ। ਜਦ ਉਹਨਾਂ ਨੂੰ ਵੱਡੇ ਅਹੁਦਿਆਂ ਤੇ ਖੜੇ ਹੋਣ ਲਈ ਪੁੱਛੀਦਾ ਹੈ ਤਾਂ ਉਹ ਆਖਦੇ ਹਨ, "ਜੇ ਤਾਂ ਸਰਬ-ਸੰਮਤੀ ਨਾਲ ਬਣਾ ਦਿਓ, ਤਾਂ ਠੀਕ ਹੈ, ਨਹੀਂ ਤਾਂ ਮੈਂ ਚੋਣ ਨਹੀਂ ਲੜਨੀ।" ਸੋ ਹੁਣ ਕੇਂਦਰੀ ਸਭਾ ਦੀਆਂ ਵਧੇਰੇ ਅਹੁਦੇ-ਦਾਰੀਆਂ ਦੂਸਰੇ ਜਾਂ ਤੀਸਰੇ ਦਰਜੇ ਦੇ ਲੇਖਕਾਂ ਨੇ ਪ੍ਰਵਾਨ ਕਰਨੀਆਂ ਆਰੰਭ ਦਿਤੀਆਂ ਹਨ। ਆਖਰ ਇਹ ਕਹਾਣੀ ਕਿੱਥੇ ਜਾ ਕੇ ਰੁਕਣੀ ਹੈ, ਕਿਸ ਨੇ ਰੋਕਣੀ ਹੈ ਤੇ ਕਦੋਂ ?

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਵਿਧਾਨ ਵਿਚ ਮੈਂਬਰ ਬਣਨ ਦੀਆਂ ਸ਼ਰਤਾਂ ਵਿਚ ਲਿਖਿਆ ਹੈ "ਜ਼ਰੂਰੀ ਹੈ ਕਿ ਉਸ ਦੀ ਇਕ ਪੁਸਤਕ ਛਪੀ ਹੋਵੇ ਜਾਂ ਉਸ ਕੋਲ ਰਚਨਾਵਾਂ ਦਾ ਖਰੜਾ ਹੋਵੇ ਜਾਂ ਘੱਟੋ ਘੱਟ ਪੰਜਾਬ ਪੱਧਰ ਦੇ ਅਖਬਾਰਾਂ/ਮਾਸਕ ਪੱਤਰਾਂ/ਪੁਸਤਕਾਂ ਵਿਚ ਉਸਦੀਆਂ ਰਚਨਾਂਵਾਂ ਛਪੀਆਂ ਹੋਣ।"

ਪਰ ਇਹਨਾਂ ਸ਼ਰਤਾਂ ਨੂੰ ਲਾਗੂ ਕਿਸ ਨੇ ਕਰਨਾ ਹੈ? ਕੋਈ ਵੀ ਹਿੰਮਤੀ, ਉਦਮੀ ਜਾਂ ਸਵਾਰਥੀ ਬੰਦਾ ਉਠਕੇ ਸਭਾ ਬਣਾ ਕੇ ਪ੍ਰੀਵਾਰ ਦੇ, ਪਿੰਡ ਦੇ, ਸਕੂਲ ਜਾਂ ਦਫਤਰ ਦੇ ਆਪਣੇ ਸਹਿਕਰਮੀਆਂ ਨੂੰ ਭਰਤੀ ਕਰਕੇ, ਸਭਾ ਦਾ ਮੈਂਬਰ ਬਣਾ ਸਕਦਾ ਹੈ। ਏਸੇ ਹੀ ਸਵਾਲ ਤੇ ਦਹਾਕਾ ਪਹਿਲਾ ਸਭਾ ਵਿਚ ਫੁੱਟ ਪਈ ਸੀ, ਜਿਹੜੀ ਅਜੇ ਤੀਕ ਵੀ ਪੂਰੀ ਨਹੀਂ ਗਈ। ਜਾਹਲੀ ਭਰਤੀ ਨੂੰ ਰੋਕਣ ਲਈ, ਡੈਲੀਗੇਟ ਸਿਸਟਮ ਚਾਲੂ ਕੀਤਾ ਗਿਆ ਸੀ, ਪਰ 'ਉਦਮੀ' ਬੰਦਿਆਂ ਨੇ, ਉਸ ਵਿਚੋਂ ਵੀ

ਮਘੋਰੇ ਲੱਭ ਲਏ ਸਨ ਤੇ ਜਾਹਲੀ ਭਰਤੀ ਜਾਰੀ ਰਹੀ ਸੀ। ਫਿਰ ਕੁਝ ਸਾਲ ਪਿੱਛੋਂ ਇਹ 'ਲੋਕ-ਵਿਰੋਧੀ' ਧਾਰਾ ਨੂੰ ਖਤਮ ਕਰਕੇ ਸਿੱਧੀ ਵੋਟ ਦਾ ਸਿਸਟਮ ਰੱਖਿਆ ਗਿਆ ਸੀ' । ਪਰ ਜਾਹਲੀ ਭਰਤੀ, ਬਾਕਾਇਦਾ ਜਾਰੀ ਹੈ। ਇਸ ਵਕਤ ਕੇਂਦਰੀ ਲੇਖਕ ਸਭਾ ਦੇ 2049 ਮੈਂਬਰ ਹਨ । ਸੈਂਕੜੇ ਹੀ ਮੈਂਬਰ ਡਾ: ਮਾਨ ਦੀ ਸਭਾ ਦੇ ਵੀ ਨਾਲ ਹੋਣਗੇ। ਇਸ ਤੋਂ ਬਿਨਾਂ ਵੀ, ਬਹੁਤ ਸਾਰੇ ਅਜੇਹੇ ਲੇਖਕ ਹਨ ਜਿਹੜੇ ਕਿਸੇ ਵੀ ਸਭਾ ਦੇ ਮੈਂਬਰ ਨਹੀਂ ਬਣਨਾ ਚਾਹੁੰਦੇ। ਲਾ ਪਾ ਕੇ ਤਿੰਨ ਹਜ਼ਾਰ ਤਾਂ ਪੰਜਾਬੀ ਲੇਖਕ ਹੈਨ ਹੀ। ਕਿੰਨੀ ਤਸੱਲੀ ਵਾਲੀ ਗੱਲ ਹੈ ! ਪਰ ਹਰ ਨਵੀਂ ਛਪੀ ਕਿਤਾਬ ਸਿਰਫ ਤਿੰਨ ਤੋਂ ਪੰਜ ਸੌ ਤੀਕਰ ਛਪਦੀ ਹੈ ਤੇ ਬਹੁਤੀ ਮੁਫਤ ਹੀ ਵੰਡਣੀ ਪੈਂਦੀ ਹੈ। ਆਖਰ ਇਹ ਮਾਜਰਾ ਕਿਆ ਹੈ ?

ਲੋੜ ਇਸ ਗੱਲ ਦੀ ਹੈ ਇਸ 'ਸਾਹਿਤਕ ਸਕੈਂਡਲ' ਦੀ ਪੜਤਾਲ ਲਈ ਸਿਰਕੱਢ ਲੇਖਕਾਂ ਦੀ ਤਿੰਨ ਮੈਂਬਰੀ ਕਮੇਟੀ ਬਣੇ। ਉਹ ਹਰ ਮੈਂਬਰ ਦੀ ਪੜਤਾਲ ਕਰੇ। ਉਸ ਦੀਆਂ ਪੁਸਤਕਾਂ ਦੀ, ਖਰੜੇ ਦੀ ਜਾਂ ਅਖਬਾਰਾਂ ਰਿਸਾਲਿਆਂ ਵਿਚ ਛਪੀਆਂ ਅਖੌਤੀ ਰਚਨਾਵਾਂ ਦੀ ਪੜਤਾਲ ਕਰੇ ਤੇ ਜਾਹਲੀ ਲੇਖਕ ਬਣੇ ਸਭ ਮੈਂਬਰਾਂ ਦੀ ਮੈਂਬਰਸ਼ਿਪ ਖਤਮ ਕਰ ਦੇਵੇ । ਪਰ ਇਹ ਨੇਕ ਕੰਮ ਕੌਣ ਕਰੇਗਾ। ਜਿੱਤੀ ਹੋਈ ਟੀਮ ਨੂੰ ਤਾਂ ਇਹ ਕੰਮ ਕਰਨ ਦੀ ਲੋੜ ਨਹੀਂ ਹੁੰਦੀ ਤੇ ਹਾਰੀ ਧਿਰ ਦੀ ਉਂਝ ਹੀ ਕੋਈ ਸੁਣਵਾਈ ਨਹੀਂ ਹੁੰਦੀ। ਇੰਝ ਕਈਆਂ ਸਾਲਾਂ ਤੋਂ ਇਹ ਭਰਿਸ਼ਟ ਵਰਤਾਰਾ ਤੁਰਿਆ ਆਉਂਦਾ ਹੈ ਤੇ ਇਸ ਵਿਚ ਵਾਧਾ ਹੋਈ ਜਾ ਰਿਹਾ ਹੈ।

ਹੱਕ ਤੇ ਸੱਚ ਲਈ, ਸਮਾਜਿਕ ਇਨਸਾਫ ਤੇ ਲਿਤਾੜੇ ਵਿਅਕਤੀਆਂ ਤੇ ਮੁੱਦਿਆਂ ਲਈ ਖਲੋਣ ਤੇ ਲਿਖਣ ਵਾਲੇ ਲੇਖਕਾਂ ਦੀ ਆਪਣੀ ਕੇਂਦਰੀ ਪੰਜਾਬੀ ਲੇਖਕ ਸਭਾ ਵਿਚਲੇ ਇਸ ਸਾਹਿਤਕ ਤੇ ਜਥੇਬੰਦਕ ਸਕੈਂਡਲ ਦੀ ਪੂਰੀ ਪੜਤਾਲ ਕਰਨ ਦੀ ਲੋੜ ਹੈ। ਆਸ ਕਰਨੀ ਚਾਹੀਦੀ ਹੈ ਕਿ ਕੇਂਦਰੀ ਲੇਖਕ ਸਭਾ ਦੀ ਨਵੀਂ ਚੁਣੀ ਟੀਮ ਤੇ ਬਣਾਈ ਕਾਰਜ-ਕਰਨੀ ਇਸ ਮਸਲੇ ਨੂੰ ਗੰਭੀਰਤਾ ਨਾਲ ਵਿਚਾਰ ਕੇ ਇਸ ਸਕੈਂਡਲ ਨੂੰ ਨੰਗਾ ਕਰੇਗੀ ਤੇ ਜਾਹਲੀ ਮੈਂਬਰਸ਼ਿਪ ਤੇ ਕਾਂਟਾ ਫੇਰ ਕੇ ਸਹੀ ਲੇਖਕਾਂ ਦੀ ਪਛਾਣ ਕਰੇਗੀ ਕਿਉਂਕਿ ਸਹੀ, ਹੋਣਹਾਰ, ਪ੍ਰਤਿਭਾਸ਼ੀਲ ਅਤੇ ਜਥੇਬੰਦੀ ਪ੍ਰਤੀ ਸਮਰਪਤ ਲੇਖਕ ਹੀ ਕਿਸੇ ਸਾਹਿਤਕ ਜਥੇਬੰਦੀ ਦੀ ਤਾਕਤ ਤੇ ਅਸਲ ਆਧਾਰ ਹੁੰਦੇ ਹਨ। ਜਾਹਲੀ ਭਰਤੀ ਕੀਤੇ ਜਾਂਦੇ ਸਾਹਿਤ-ਪ੍ਰੇਮੀ ਕਿਸੇ ਧਿਰ ਨੂੰ ਚੋਣਾਂ ਤਾਂ ਜਿਤਾ ਸਕਦੇ ਹਨ, ਪਰ ਜਥੇਬੰਦਕ ਰੂਪ ਵਿਚ ਲੇਖਕਾਂ ਦੀ ਕੋਈ ਮੰਗ ਨਹੀਂ ਮੰਨਵਾ ਸਕਦੇ। ਪਿਛਲਿਆਂ ਸਾਲਾਂ ਵਿਚ ਜਥੇਬੰਦੀ ਵਿਚ ਆਈ ਖੜੋਤ ਦਾ ਮੁੱਖ ਕਾਰਨ ਵੀ ਇਹੀ ਹੈ ਕਿ ਜਥੇਬੰਦੀ ਵਿਚ ਲੇਖਕਾਂ ਦੀ ਥਾਂ ਅਲੇਖਕ ਭਾਰੂ ਹੁੰਦੇ ਗਏ ਹਨ ਤੇ ਸਹੀ ਲੇਖਕ ਜਾਹਲੀ ਭਰਤੀ ਦੀ ਗੰਦੀ ਖੇਡ ਵਿਚ ਸ਼ਾਮਿਲ ਨਾ ਹੋਣ ਕਾਰਨ, ਚੁੱਪ ਕਰਕੇ ਘਰੀਂ ਬੈਠਦੇ ਗਏ ਹਨ। ਕਪਟ ਉਤੇ ਉਸਰੀਆਂ ਜਥੇਬੰਦੀਆਂ ਠੋਸ ਪ੍ਰਾਪਤੀਆਂ ਨਹੀਂ ਕਰ ਸਕਦੀਆਂ ਹੁੰਦੀਆਂ। ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨਾਲ ਸਬੰਧਤ ਮੰਗਾਂ ਦੀ ਪੂਰਤੀ ਤੇ ਪ੍ਰਾਪਤੀ ਲਈ, ਜਥੇਬੰਦੀ ਨੂੰ ਵਿਗਿਆਨਕ ਲੀਹਾਂ ਤੇ ਉਸਾਰਨ ਲਈ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਆਗੂਆਂ ਨੂੰ, ਸਭਾ ਵਿਚ ਉਗਮੀਂ, ਪਸਰਦੀ ਤੇ ਫੈਲਦੀ ਜਾ ਰਹੀ ਜਾਹਲਸਾਜ਼ੀ ਪ੍ਰਤੀ ਸੁਚੇਤ ਹੋਣ ਤੇ ਇਸ ਰੋਗ ਦੀ ਦਵਾ ਲੱਭਣ ਦੀ ਲੋੜ ਹੈ, ਤਾਕਿ ਕੇਂਦਰੀ ਲੇਖਕ ਸਭਾ, ਲੇਖਕਾਂ ਦਾ ਸਹੀ ਪ੍ਰਤੀ-ਨਿਧਤਵ ਕਰ ਸਕੇ ਤੇ ਪੰਜਾਬੀ ਭਾਸ਼ਾ ਦੇ ਰਾਹ ਦੇ ਰੋੜੇ ਪਾਸੇ ਕਰ ਸਕੇ।

—ਸੰਪਾਦਕ





## ਪਿੰਜੇ ਬੋਲਾਂ ਦਾ ਦਰਦ/ਮਦਨ ਵੀਰਾ

ਪਿੰਡ ਤੋਂ ਮਹਾਂਨਗਰ ਵਲ
ਖੱਟਣ ਕਮਾਉਣ ਗਿਆ ਆਦਮੀ
ਪਿੱਛੇ ਛੱਡ ਆਉਂਦਾ ਹੈ
ਆਪਣੀ ਵਾਪਸ ਮੁੜਨ ਦੀ ਤਾਂਘ
ਹਸਰਤ ਨਾਲ ਖ਼ਤ ਖ਼ਬਰ ਉਡੀਕਦੇ
ਸਧਰਾਏ ਹੋਏ ਚਿਹਰੇ
ਤੁਰੇ ਜਾਂਦੇ ਦੀ ਪਿੱਠ ਵਲ ਦੇਖਦੀਆਂ
ਮੋਹ ਭਿੱਜੀਆਂ ਨਜ਼ਰਾਂ
ਉਹ ਪਿੱਛੇ ਛੱਡ ਜਾਂਦਾ ਹੈ
ਚਾਨਣੀਆਂ ਰਾਤਾਂ, ਲੰਮੀਆਂ ਬਾਤਾਂ
ਲੇਅ ਲੱਥੀਆਂ, ਕੱਚੀਆਂ ਕੰਧਾਂ
ਡੂੰਘੀਆਂ ਲੀਹਾਂ ਵਾਲਾ ਕੱਚਾ ਪੈਹਾ
ਲਹਿਰਾਉਂਦੀਆਂ ਫ਼ਸਲਾਂ ਦਾ ਹੁਸਨ
ਤੇ ਗਿਰਵੀ ਪਏ ਖੇਤ.........

ਪਿੰਡ ਤੋਂ ਮਹਾਂਨਗਰ ਵਲ ਜਾਂਦਿਆਂ
ਆਦਮੀ ਨਾਲ ਲੈ ਜਾਂਦਾ ਹੈ
ਬਜ਼ੁਰਗਾਂ ਦੇ ਸੁੱਖ ਭੋਗਣ ਦੀ ਸੱਧਰ
ਨਿੱਕਿਆਂ ਦੇ ਸੁਨਹਿਰੀ ਭਵਿੱਖ ਦੀ ਕਲਪਨਾ
ਸੁਪਨਿਆਂ 'ਚ ਸਿਰਜੇ ਘਰ ਦੇ ਨਕਸ਼
ਉਹ ਸੰਭਾਲ ਕੇ ਰੱਖਦਾ ਹੈ
ਆਪਣੇ ਬਚਪਨ ਦੀ ਉਮਰ
ਦਿਲ ਉੱਤੇ ਉੱਕਰੇ ਸਿਰਨਾਵੇਂ
ਆਪਣੀਆਂ ਸਾਰੀਆਂ ਕਾਮਨਾਵਾਂ
ਆਪਣੀਆਂ ਸਾਰੀਆਂ ਖਾਹਸ਼ਾਂ......

ਪਿੰਡ ਤੋਂ ਆਇਆ ਆਦਮੀ
ਮਹਾਂ ਨਗਰ 'ਚ ਟੋਲਦਾ ਹੈ
ਆਪਣੇ ਸਿਰ ਲਈ ਛਾਂ

ਬੈਠਣੇ ਲਈ ਥਾਂ
ਉਹ ਭਾਲਦਾ ਹੈ ਤਨ ਲਈ ਕੋਈ ਉਹਲਾ
ਚੁੱਲ੍ਹੇ ਲਈ ਚੰਗਿਆੜਾ
ਜਿਉਣ ਲਈ ਭਾੜਾ......

ਫਿਰ ਮੰਡੀ ਵਰਗੇ ਦਫਤਰ 'ਚ
ਮਾਪਿਆ ਜਾਂਦਾ ਹੈ ਉਸਦਾ ਕੱਦ
ਪਰਖੀ ਜਾਂਦੀ ਹੈ ਉਸਦੀ ਜਾਤ, ਰੰਗ, ਨਸਲ ਅਤੇ ਧਰਮ
ਪਾਸਕੂ ਵਾਲੀ ਤੱਕੜੀ 'ਚ ਤੋਲੀਆਂ ਜਾਂਦੀਆਂ ਹਨ
ਉਸਦੀਆਂ ਡਿਗਰੀਆਂ ਅਤੇ ਪਿੱਤਲ ਦੇ ਮੈਡਲ
ਕੁਠਾਲੀ 'ਚੋਂ 'ਕੁੰਦਨ' ਬਣ ਜਦ ਉਹ ਨਿਕਲਦਾ ਹੈ
ਤਾਂ ਮਹਾਂਨਗਰ ਦਾ ਸੁਨਿਆਰਾ ਉਸ ਨੂੰ ਸੱਚੀ ਹੀ ਰੱਬ ਲਗਦਾ ਹੈ
ਜਿਸਨੇ ਸਸਤੇ ਭਾਅ 'ਚ ਹੀ
ਉਸ ਲਈ ਖਰੀਦ ਦਿੱਤੀ, ਬਣਦੀ, ਸਰਦੀ ਨੌਕਰੀ

ਮਹਾਂਨਗਰ ਦੀ ਮਹਾਂਸਾਗਰੀ ਭੀੜ ਵਿੱਚ
ਵਾਰ ਵਾਰ ਉਲਝਦਾ, ਵਾਰ ਵਾਰ ਅਸਤਦਾ
ਉਹ ਉਦੈ ਹੁੰਦਾ ਹੈ
ਮਿਰਗ ਤ੍ਰਿਸ਼ਨਾ ਵਾਰ ਵਾਰ ਉਸ ਨਾਲ ਛਲ ਕਰਦੀ ਹੈ
ਉਹ ਵਾਰ ਵਾਰ ਭਟਕਦਾ ਹੈ, ਅਟਕਦਾ ਹੈ
ਫਰੇਬ ਦੀ ਧੁੰਦ ਵਿੱਚ ਫਿਰ ਮਟਕਦਾ ਹੈ

ਪਿੰਡ ਤੋਂ ਮਹਾਂ ਨਗਰ ਆਏ ਆਦਮੀ ਨੂੰ
ਘਰ ਤੋਂ ਖ਼ਤ ਆਉਂਦਾ ਹੈ
ਖੈਰ-ਸੁੱਖ ਤੋਂ ਬਾਅਦ ਖ਼ਤ ਵਿੱਚ ਜ਼ਿਕਰ ਹੈ
ਸਾਉਣ ਦੀ ਲੰਬੀ ਝੜੀ ਦਾ
ਢਹਿ ਪਈ ਕੱਚੀ ਕੰਧ ਦਾ
ਤੇ ਕਰਜ਼ੇ ਦੇ ਹੜ੍ਹ 'ਚ ਰੁੜ੍ਹ ਗਈ
ਹਿੱਸੇ ਦੀ ਫ਼ਸਲ ਦਾ
ਪਿੰਡ ਤੋਂ ਮਹਾਂਨਗਰ ਆਇਆ ਆਦਮੀ
ਦਿਲ ਉੱਤੇ ਬੋਝ ਲਈ ਬੈਠਾ ਹੈ
ਉਹ ਚੀਕਣਾ ਚਾਹੁੰਦਾ ਹੈ
ਕੁਝ ਕਹਿਣ ਦੀ ਇੱਛਾ ਕਰਦਾ ਹੈ
ਦੱਸਣ ਲਈ ਕਾਹਲਾ ਹੈ



ਕਿ ਸਾਡੇ ਪਿੰਡਾਂ ਵਲ ਬਰਸਾਤ
ਇਸ ਵਾਰ ਵੀ ਬਹੁਤ ਹੋਈ ਹੈ
ਕਿ ਮੇਰੇ ਭੇਜੇ ਚਾਰ ਛਿੱਲੜ
ਕੱਚੀ ਕੰਧ ਨੂੰ ਪੱਕਾ ਨਹੀਂ ਕਰ ਸਕੇ
ਕਿ ਇਸ ਵਾਰ ਵੀ ਕਰਜ਼ੇ ਦੇ ਹੜ੍ਹ 'ਚ
ਰੁੜ੍ਹ ਗਈ ਹੈ ਸਾਡੇ ਹਿੱਸੇ ਦੀ ਫ਼ਸਲ
ਪਰ ਰੇਸ਼ਮੀ ਕਮੀਜ਼ ਹੇਠ
ਫਟੀ ਬਨੈਣ ਦੇ ਦਰਦ ਨੂੰ ਕੌਣ ਜਾਣੇ-ਕੌਣ ਸਮਝੇ
ਪਿੰਡ ਤੋਂ ਮਹਾਂਨਗਰ ਆਏ ਆਦਮੀ ਦੀ ਭਟਕਣ
ਤਾਰਕੋਲੀ ਸੜਕਾਂ ਤੋਂ ਪਨਾਹ ਮੰਗਦੀ ਹੈ
ਸ਼ਹਿਰ ਦੀ ਛਾਂ ਉਸਤੋਂ ਸੰਗਦੀ ਹੈ
ਸ਼ਹਿਰ ਦੀ ਧੁੱਪ ਉਸਨੂੰ ਡੰਗਦੀ ਹੈ
ਇਕੱਲਤਾ ਭੋਗਦਾ ਹੈ ਉਸਦਾ ਆਪਾ
ਪਿੰਜਦੀਆਂ ਨੇ ਉਸ ਨੂੰ ਯਾਦਾਂ
ਪੱਛਦੇ ਨੇ ਉਸਨੂੰ ਸੁਪਨੇ......

ਸੁਪਨੇ 'ਚ ਉਹ ਹੁੰਦਾ ਹੈ
ਕਿਸ਼ੇ ਮਾਸੂਮ ਲੇਲੇ ਜਿਹਾ
ਜੋ ਮਹਾਂਨਗਰ ਦੀ ਨਦੀ ਚੋਂ ਜਦੋਂ ਪੀਣ ਲੱਗਦਾ ਹੈ
ਦੋ ਘੁੱਟ ਪਾਣੀ
ਤਾਂ ਉਸ ਵੱਲੇ ਆ ਧਮਕਦਾ ਹੈ ਭੇੜੀਆ
ਜਿਸਦਾ ਲਹੂ ਲਿਬੜਿਆ ਮੂੰਹ
ਉਸਨੂੰ ਹੋਰ ਡਰਾਉਂਦਾ ਹੈ
ਇਸਤੋਂ ਪਹਿਲਾਂ ਕਿ ਦੁਹਰਾਈ ਜਾਏ
ਪਾਠ ਪੁਸਤਕ ਦੀ ਕਹਾਣੀ
ਉਹ ਭੱਜ ਉੱਠਦਾ ਹੈ ਜਿੰਨਾ ਭੱਜ ਸਕਦਾ ਹੈ
ਤੇ ਭੱਜੀ ਜਾਂਦਾ ਹੈ.........

ਰੂਹ ਤੱਕ ਕੰਬਦਾ ਜਦ ਉਹ ਪਿੱਛੇ ਝਾਕਦਾ ਹੈ
ਤਾਂ ਦੇਖਦਾ ਹੈ ਕਿ ਭੇੜੀਏ ਦਾ ਮੁਹਾਂਦਰਾ
ਉਸਦੇ ਬੌਸ ਵਰਗਾ ਹੈ
ਜਿਸਦੇ ਹੱਥ 'ਚ ਹੈ 'ਹੁਕਮ ਅਦੂਲੀ' ਲਈ
ਕਾਰਨ ਦੱਸੋ ਨੋਟਿਸ

ਉਹ ਇਸ ਨੋਟਿਸ ਤੋਂ ਬਹੁਤ ਡਰਦਾ ਹੈ
ਉਸਦੀ ਅੱਬੜਵਾਹੇ ਨੀਂਦ ਖੁੱਲ੍ਹਦੀ ਹੈ
ਤਾਂ ਉਹ ਹਰ ਹਰ ਕਰਦਾ ਹੈ......

ਫਿਰ ਉਹ ਯਾਦ ਕਰਦਾ ਹੈ
ਦਿਨੋ ਦਿਨ ਧੁੰਧਲੇ ਹੋ ਰਹੇ
ਉਸ ਗਭਰੂ ਦੇ ਨਕਸ਼ਾਂ ਨੂੰ
ਜੋ ਘੂਰਦਾ ਹੈ ਮੋਮੋਠੱਗਣੀ ਕੁਰਸੀ ਨੂੰ
ਜੋ ਦੇਖਦਾ ਹੈ ਕੁਰਸੀ ਨਾਲ ਬੱਝੀ ਡੋਰ ਨੂੰ
ਜੋ ਨਿਹਾਰਦਾ ਹੈ ਡੋਰ ਨੂੰ ਫੜੀ ਬੈਠੇ ਮਦਾਰੀ ਨੂੰ
ਜੋ ਨਕਾਰਦਾ ਹੈ ਦੋ ਟਕਿਆਂ ਦੀ ਨੌਕਰੀ ਨੂੰ......

ਪਰ ਨੌਕਰੀ ਲਈ ਦਿੱਤੇ ਟਕੇ
ਤੇ ਟਕਿਆਂ ਦਾ ਵਿਆਜ
ਗਿਰਵੀਂ ਪਏ ਖੇਤ
ਇਨ੍ਹਾਂ ਖੇਤਾਂ ਤੋਂ ਘਰ ਤੇ ਘਰ ਤੋਂ ਖੇਤ ਤਕ
ਮਿੱਟੀ 'ਚ ਮੜ੍ਹ ਹੁੰਦਾ ਬਾਪੂ
ਇਸ ਜੰਜਾਲ 'ਚੋਂ
ਬਾਪੂ ਦੇ ਸੁਰਖਰੂ ਹੋਣ ਦਾ ਸੁਪਨਾ ਸਾਹ ਲੈਂਦਾ ਹੈ
ਉਸਦੇ ਚੇਤਿਆਂ 'ਚ
ਉਹ ਲਾਲ ਬਹੀ ਵੀ ਜਾਗਦੀ ਹੈ
ਜਿਸ ਉਤੇ ਲਹੂ 'ਚ ਡੁੱਬੇ ਅੱਖਰ ਹਨ
ਲਾਲ ਅੱਖਰ ਜਿਨ੍ਹਾਂ ਦਾ ਰੰਗ ਅਜੇ ਫਿੱਕਾ ਨਹੀਂ ਪਿਆ
ਭਾਵੇਂ ਉਸਨੇ ਮਹਾਂ ਨਗਰ 'ਚ ਬਹੁਤ ਮੁੜ੍ਹਕਾ ਡਲ੍ਹਿਆ ਹੈ

ਪਿੰਡ ਤੋਂ ਮਹਾਂਨਗਰ ਆਇਆ ਆਦਮੀ
ਮੁੜ ਉਘੜਨ ਨਹੀਂ ਦਿੰਦਾ
ਉਸ ਗਭਰੂ ਦੇ ਨਕਸ਼
ਉਹ ਉਸਨੂੰ ਵਰਜ ਦਿੰਦਾ ਹੈ, ਟਾਲ ਦਿੰਦਾ ਹੈ
ਤਹਿਖਾਨੇ 'ਚ ਉਸਨੂੰ ਤਾੜ ਦਿੰਦਾ ਹੈ
ਚਾਂਦੀ ਦੇ ਚਾਰ ਛਿਲੜਾਂ ਥੱਲੇ
ਉਸਨੂੰ ਲਿਤਾੜ ਦਿੰਦਾ ਹੈ
ਤੇ ਖ਼ੁਦ ਫਾਇਲਾਂ ਦੇ ਸਫਿਆਂ 'ਚ ਗੁਆਚ ਜਾਂਦਾ ਹੈ.

—o—





## 1. ਸਾਗਰ ਮੰਥਨ/ਹਰਵਿੰਦਰ ਭੰਡਾਲ

ਸਾਗਰ ਮੰਥਨ 'ਚੋਂ—ਨਾ ਦੇਵਾਂ ਲਈ ਅੰਮ੍ਰਿਤ
ਨਾ ਦੈਂਤਾਂ ਲਈ ਮੌਤ ਨਿਕਲੀ ਹੈ
ਸਾਗਰ-ਮੰਥਨ 'ਚੋਂ ਅਜੇ
ਸਿਰਫ ਮੋਹਨੀ* ਦੀ ਉਦਾਸੀ ਨਿਕਲੀ ਹੈ ।
ਪਰਬਤ ਦੇ ਬੋਝ ਥੱਲੇ
ਪਾਣੀ ਥੱਕ ਗਏ ਹਨ
ਲਹਿਰਾਂ ਅਰਾਮ-ਕੁਰਸੀਆਂ ਭਾਲਣ
ਤੁਰ ਗਈਆਂ ਨੇ
ਕਝ ਘੋਗੇ ਹੁਣ ਬਣ ਗਏ ਨੇ
ਖੁਦਕਸ਼ੀਆਂ ਦੀ ਝੱਗ ਜਿਹੇ
ਤੇ ਕੇਕੜੇ ਕਝ
ਭੀੜ ਵੱਲ ਵਗਾਹ ਕੇ ਸੁੱਟੇ ਨੇਜ਼ਿਆਂ ਵਰਗੇ
ਸਾਗਰ ਮੰਥਨ 'ਚੋਂ—ਨਾ ਕੋਈ ਕਿਨਾਰਾ
ਨਾ ਕੋਈ ਕਿਸ਼ਤੀ ਨਿਕਲੀ ਹੈ
ਸਾਗਰ ਮੰਥਨ 'ਚੋਂ ਅਜੇ
ਸਿਰਫ ਮੋਹਨੀ ਦੀ ਉਦਾਸੀ ਨਿਕਲੀ ਹੈ ।
ਤੁਪਕਾ-ਤੁਪਕਾ ਵਿਸ਼
ਧਰਤੀ ਦੀਆਂ ਫ਼ਸਲਾਂ ਸਿੰਜ ਰਿਹਾ ਹੈ
ਪਰ ਸ਼ਿਵ ਦਾ ਗੋਰਾ ਕੰਠ ਪਿਆਸਾ ਹੈ
ਉਸਦੇ ਨੇਤਰ
ਰਸਤੇ ਵਿਚ ਹੀ ਕਿਰ ਗਏ ਨੇ
ਬ੍ਰਹਮਾ-ਮੁਰਦਾ ਮੁਨੀ ਦੇ ਕਮੰਡਲ ਜਿਹਾ
ਬੈਠਾ ਹੈ ਨੀਂਦਰ ਦੀ ਬੁੱਕਲ ਮਾਰੀ
ਬੇਹੋਸ਼ੀ ਦੇ ਕੰਢੇ ਪਿਆ ਹੈ ਸ਼ੇਸ਼ਨਾਗ
ਸਾਗਰ-ਮੰਥਨ 'ਚੋਂ—ਨਾ ਕੋਈ ਸੱਚ ਰਤਨ
ਨਾ ਜੀਵਨ ਦੀ ਕਾਮਧੇਨੂੰ ਗਾਂ ਨਿੱਕਲੀ ਹੈ
ਸਾਗਰ-ਮੰਥਨ 'ਚੋਂ ਅਜੇ
ਸਿਰਫ ਮੋਹਨੀ ਦੀ ਉਦਾਸੀ ਨਿੱਕਲੀ ਹੈ

o – o

(*ਵਿਸ਼ਨੂੰ ਦਾ ਅਵਤਾਰ ਜਿਸ ਨੇ ਸਾਗਰ-ਮੰਥਨ ਦੁਆਰਾ ਨਿੱਕਲੇ ਅੰਮ੍ਰਿਤ ਨੂੰ ਦੈਂਤਾਂ ਤੋਂ ਬਚਾ ਦੇਵਤਿਆਂ ਨੂੰ ਪਿਆਇਆ)

## 2. ਬੰਸਰੀਆਂ ਵੇਚਣ ਵਾਲਾ

ਦੂਧੀਆ ਰੋਸ਼ਨੀਆਂ ਦੀ ਛਾਵੇਂ
ਸੁਰਮਈ ਸੜਕ ਦੀ ਇੱਕ ਨੁੱਕਰੇ
ਬੰਸਰੀਆਂ ਵੇਚਣ ਵਾਲਾ
ਬੰਸਰੀ ਵਜਾ ਰਿਹਾ ਹੈ ।

ਬੰਸਰੀ ਦੇ ਪੋਰਾਂ 'ਤੇ
ਥਿਰਕ ਰਹੀਆਂ ਨੇ ਉਂਗਲੀਆਂ
ਬਿਖਰ ਰਹੀਆਂ ਨੇ ਰਾਗਣੀਆਂ
ਕੰਬਦੇ ਪੈਰਾਂ ਕੋਲ
ਸਾਜ਼ਿੰਦੇ ਦੀ ਛੋਹ ਨੂੰ ਤਰਸਦੀਆਂ
ਬੇਸੁਧ ਪਈਆਂ ਨੇ ਕੁਝ ਬੰਸਰੀਆਂ
ਪਰ ਨਾ ਕੋਈ ਸਾਜ਼ਿੰਦਾ
ਤੇ ਨਾ ਹੀ ਹੋਰ ਉਂਗਲੀਆਂ
ਬਸ ਭੀੜਾਂ ਨੇ ਰੰਗ-ਬਰੰਗੀਆਂ
ਸਜੇ ਹੋਏ ਸ਼ੋਅ-ਰੂਮਾਂ ਵੱਲ
ਜੋ ਅੰਨ੍ਹੇਵਾਹ ਨੇ ਦੌੜਦੀਆਂ
ਪੈਰਾਂ ਹੇਠ ਲਤਾੜ ਰਹੀਆਂ ਨੇ ਰਾਗਣੀਆਂ
ਸ਼ੋਰ ਮਚਾਉਂਦੇ-ਹੋ ਹੋ ਕਰਦੇ
ਬੋਲੇ ਲੋਕਾਂ ਦੇ ਮੇਲੇ ਵਿੱਚ
ਬੰਸਰੀਆਂ ਵੇਚਣ ਵਾਲਾ
ਬੰਸਰੀ ਵਜਾ ਰਿਹਾ ਹੈ ।

ਬੰਸਰੀਆਂ ਵੇਚਣ ਵਾਲਾ
ਨਾ ਕੋਈ ਆਜੜੀ ਹੈ
ਨਾ ਕ੍ਰਿਸ਼ਨ, ਨਾ ਨੀਰੋ ਕੋਈ
ਉਹ ਬਸ ਥੋੜਾ ਜਿਹਾ ਪੇਟ ਹੈ
ਤੇ ਥੋੜੀ ਜਿਹੀ ਆਤਮਾ
ਉਹ ਪੁੱਤਰ ਹੈ, ਪਤੀ ਹੈ, ਬਾਪ ਹੈ
ਤੇ ਥੋੜਾ ਜਿਹਾ ਝਰਦਾ ਝਰਨਾ
ਉਸ ਦੇ ਆਸੇ-ਪਾਸੇ ਭੌਂਦੇ
ਕੰਪਿਊਟਰ ਤੇ ਹੀਰੋਸ਼ੀਮਾ
ਨਾ ਉਸ ਦੀ ਸੁਰ ਨੂੰ ਪਹਿਚਾਨਣ



ਨਾ ਉਸ ਦੇ ਲਈ ਰੋਟੀ ਬਣਦੇ
ਪੁੱਤਰਾਂ, ਪਤੀਆਂ ਤੇ ਬਾਪਾਂ ਦੇ
ਪਲਾਸਟਕੀ ਸੰਸਾਰ ਵਿੱਚ
ਬੰਸਰੀਆਂ ਵੇਚਣ ਵਾਲਾ
ਬੰਸਰੀ ਵਜਾ ਰਿਹਾ ਹੈ ।

o—o

## 3. ਪੰਖੇਰੂਆਂ ਦੇ ਸ਼ਹਿਰ ਦਾ ਸਫਰ

ਮੈਂ ਹਰ ਰੋਜ਼ ਪੰਖੇਰੂਆਂ ਦੇ ਸ਼ਹਿਰ ਜਾਂਦਾ ਹਾਂ
ਮੇਰੇ ਹੱਥਾਂ 'ਚ ਤੀਲੇ ਹੁੰਦੇ ਹਨ
ਤੇ ਅੱਖਾਂ 'ਚ ਕੁਝ ਸਿਤਾਰੇ
ਮੈਂ ਹਰ ਰੋਜ਼ ਹੀ ਪਰਤ ਆਉਂਦਾ ਹਾਂ
ਜਿਸਮ ਤੋਂ ਟਿਮਟਿਮਾਉਂਦੇ ਤਾਰਿਆਂ ਦੀ ਰਾਖ ਝਾੜਦਾ
ਪੈਰਾਂ 'ਚ ਕੰਡਾ ਬਣ ਖੁੱਭੇ ਸੁਪਨਿਆਂ ਦੀ ਚੀਸ ਲੈ ।

ਹਰ ਰੋਜ਼ ਮੈਨੂੰ ਸੁਣਾਈ ਦਿੰਦੀ ਹੈ
ਹਵਾਵਾਂ ਦੇ ਪੈਰਾਂ 'ਚ ਬੱਝੇ ਘੁੰਗਰੂਆਂ ਦੀ ਅਵਾਜ਼
ਆਸ਼ਾਵਾਂ ਦੇ ਬੁੱਲ੍ਹਾਂ ਤੇ ਬੈਠੇ ਨਗਮੇ ਦੀ ਧੁਨ
ਹਰ ਰੋਜ਼ ਹੀ ਮੇਰੀ ਸੰਵੇਦਨਾ 'ਚ ਫੈਲਦਾ ਹੈ
ਫ਼ਿਜ਼ਾਵਾਂ ਦੀ ਕੈਨਵਸ 'ਤੇ ਫੈਲੇ ਰੰਗਾਂ ਦਾ ਅਹਿਸਾਸ
ਮੈਂ ਹਰ ਰੋਜ਼ ਪੰਖੇਰੂਆਂ ਦੇ ਸ਼ਹਿਰ ਜਾਂਦਾ ਹਾਂ
ਹਵਾਵਾਂ-ਫ਼ਿਜ਼ਾਵਾਂ ਤੇ ਆਸ਼ਾਵਾਂ ਦਾ ਚੁੰਮਣ ਲੈਣ
ਮੈਂ ਹਰ ਰੋਜ਼ ਹੀ ਪਰਤ ਆਉਂਦਾ ਹਾਂ
ਚਿਹਰੇ ਉੱਤੇ ਨਦੀਆਂ ਦੇ ਵਿਰਲਾਪ ਦੇ ਚਿੰਨ੍ਹ ਲੈ

ਹਰ ਰੋਜ਼ ਉਦਾਸੀ ਦੇ
ਪੈਰਾਂ 'ਚ ਵਿਛ ਜਾਂਦੀਆਂ ਹਨ ਸੜਕਾਂ
ਜ਼ਿਹਨ 'ਚ ਸੱਜ ਜਾਂਦੀਆਂ ਹਨ ਨਜ਼ਮਾਂ
ਹਰ ਰੋਜ਼ ਹੀ ਮੇਰੇ ਕਦਮਾਂ ਦੇ ਅੱਗੇ
ਤੁਰ ਪੈਂਦਾ ਹੈ ਧੁੰਦ ਦਾ ਗੁਬਾਰ
ਮੈਂ ਹਰ ਰੋਜ਼ ਪੰਖੇਰੂਆਂ ਦੇ ਸ਼ਹਿਰ ਜਾਂਦਾ ਹਾਂ
ਆਪਣੇ ਵਿਸਥਾਰ ਦੀ ਤਲਾਸ਼ ਵਿਚ
ਮੈਂ ਹਰ ਰੋਜ਼ ਹੀ ਪਰਤ ਆਉਂਦਾ ਹਾਂ
ਅੱਧਾ-ਪੌਣਾ ਆਪਾ ਲੈ ।

ਹਰ ਰੋਜ਼ ਮੇਰੇ ਚੇਤੇ 'ਚ ਗਵਾਚ ਜਾਂਦਾ ਹੈ
ਸ਼ਬਦਾਂ ਤੇ ਸ਼ੀਸ਼ਿਆਂ ਦਾ ਹਿਸਾਬ
ਜ਼ਖਮਾਂ ਤੇ ਪੀੜਾਂ ਦਾ ਮੁਰਝਾਇਆ ਗੁਲਾਬ
ਹਰ ਰੋਜ਼ ਹੀ ਮੇਰੀਆਂ ਪਲਕਾਂ ਉੱਤੇ
ਆ ਬੈਠਦੀ ਹੈ ਇਕ ਉਡਾਰੀ
ਮੈਂ ਹਰ ਰੋਜ਼ ਪੰਖੇਰੂਆਂ ਦੇ ਸ਼ਹਿਰ ਜਾਂਦਾ ਹਾਂ
ਨਵਾਂ ਸਫਰ ਲੈਣ
ਮੈਂ ਹਰ ਰੋਜ਼ ਹੀ ਪਰਤ ਆਉਂਦਾ ਹਾਂ
ਉਹੋ ਪੁਰਾਣੀ ਥਕਾਵਟ ਲੈ ।

o—o

## 4. ਵਾਅਦਾ !

ਜ਼ਿਹਨ 'ਚ ਜ਼ਿੰਦਗੀ ਦਾ ਅਹਿਸਾਸ ਲੈ
ਅੱਖਾਂ 'ਚ ਦਿਸਹੱਦਿਆਂ ਦੀ ਤਲਾਸ਼ ਵਸਾ
ਹਥੇਲੀਆਂ 'ਤੇ ਚਾਹਤ ਦੀਆਂ ਬੂੰਦਾਂ ਟਿਕਾ
ਮੈਂ ਮਿਲਾਂਗਾ ਤੈਨੂੰ
ਪੱਤਝੜੀ ਛਾਵਾਂ ਨੂੰ ਸਿਰ 'ਤੇ ਤਾਣ ਕੇ ।

ਅੱਜ ਭਾਵੇਂ ਸਭ ਰਾਹਾਂ ਖਾਮੋਸ਼ ਨੇ
ਸੁਪਨਿਆਂ ਦੇ ਹਰਨੋਟੇ ਪੱਥਰ ਹੋ ਗਏ
ਪਰ ਗੁਮ ਗਏ ਰੰਗਾਂ ਦੀਆਂ ਪੈੜਾਂ ਲੱਭਦਾ
ਮੈਂ ਮਿਲਾਂਗਾ ਤੈਨੂੰ
ਜੰਮ ਗਈ ਕਿਸੇ ਝੀਲ ਲਈ ਕਿਸ਼ਤੀ ਬਣਾਉਂਦਾ
ਮੈਂ ਮਿਲਾਂਗਾ ਤੈਨੂੰ
ਪਾਣੀਆਂ ਦਾ ਜਾਗਦਾ ਪੈਗਾਮ ਲੈ ਕੇ ।

ਪੁਲ ਬਣਨੇ ਸੀ ਜੋ ਪਲ ਪਿਘਲ ਗਏ
ਡਾਚੀਆਂ ਵੀ ਮਾਰੂਥਲ ਵਿਚ ਭਟਕ ਗਈਆਂ
ਪਰ ਆਪੇ ਤੋਂ ਰਾਤ ਦੀ ਰੇਤਾ ਝਾੜਦਾ
ਮੈਂ ਮਿਲਾਂਗਾ ਤੈਨੂੰ
ਵਕਤ ਦੇ ਸਭ ਸਾਗਰਾਂ ਨੂੰ ਲੰਘ ਕੇ
ਮੈਂ ਮਿਲ ਗਾ ਤੈਨੂੰ
ਪਿਆਸ ਸ਼ਬਦਾਂ ਦੀ ਨੂੰ, ਨਦੀਆਂ ਬਖ਼ਸ਼ ਕੇ ।

o—o

116, ਮਾਡਲ ਟਾਊਨ, ਕਪੂਰਥਲਾ





## 1. ਕਵਿਤਾ ਲਿਖਣ ਤੋਂ ਪਹਿਲਾਂ/ਜਗਰੂਪ ਸਿੰਘ ਰੂਪ

ਆਉ
ਕਵਿਤਾ ਲਿਖਣ ਤੋਂ ਪਹਿਲਾਂ
ਗੁੰਮ-ਸ਼ੁਦਾ ਅਰਥਾਂ ਦੀ ਤਲਾਸ਼ ਕਰੀਏ
ਕਿਉਂਕਿ
ਬਦਰੰਗ ਹੋਏ ਸ਼ੀਸ਼ਿਆਂ ਨੂੰ
ਮੁਖ਼ਾਤਬ ਹੋਵਾਂਗੇ
ਤਾਂ ਆਪਣੇ ਹੀ ਚਿਹਰਿਆਂ ਦੇ
ਵਿਗੜੇ ਹੋਏ ਅਕਸ ਤੱਕਾਂਗੇ ।
ਅਤੇ ਜਦੋਂ
ਚਿਹਰਿਆਂ ਦੇ ਅਕਸ ਵਿਗੜਦੇ ਹਨ
ਤਾਂ ਸੋਚਾਂ ਦੇ
ਤਕਾਜ਼ੇ ਵੀ ਉਲਟ ਜਾਂਦੇ ਹਨ
ਇਸ ਲਈ ਆਉ
ਕਵਿਤਾ ਲਿਖਣ ਤੋਂ ਪਹਿਲਾਂ
ਗੁੰਮ-ਸ਼ੁਦਾ ਅਰਥਾਂ ਦੀ ਤਲਾਸ਼ ਕਰੀਏ

o – o

## 2. ਬਹੁਤ ਲਾਜ਼ਿਮ ਹੈ ਹੁਣ

ਬਹੁਤ ਲਾਜ਼ਿਮ ਹੈ ਹੁਣ
ਇਸ ਠਹਿਰੀ ਹੋਈ
ਚੁੱਪ ਨੂੰ ਤੋੜਨਾ
ਕਿਉਂਕਿ
ਜੇ ਇਹ ਚੁੱਪ
ਇਵੇਂ-ਕਿਵੇਂ ਰਹੀ ਲਰਜ਼ਦੀ/ਚਿਮਨੀਆਂ 'ਚੋਂ ਰਿਸਦੇ ਧੂੰਏਂ ਵਾਂਗੂੰ
ਸਾਡੀ ਸਹਿਮੀ ਹੋਈ ਹੋਂਦ ਦੇ ਆਰ-ਪਾਰ
ਤਾਂ ਅਸੀਂ
ਕਬਰਾਂ ਨੂੰ ਘਰਾਂ ਨਾਲੋਂ

ਕਿਵੇਂ ਸਕਾਂਗੇ ਨਿਖੇੜ
ਅਤੇ
ਮੁਰਦਿਆਂ ਅਤੇ ਜਿਉਂਦਿਆਂ ਨੂੰ
ਕਿਵੇਂ ਸਕਾਂਗੇ ਪਹਿਚਾਣ ?
ਇਸ ਲਈ
ਬਹੁਤ ਹੀ ਲਾਜ਼ਿਮ ਹੈ
ਇਸ ਠਹਿਰੀ ਹੋਈ
ਚੁੱਪ ਨੂੰ ਤੋੜਨਾ
ਭਾਵੇਂ
ਦਰਦ 'ਚ ਭਿੱਜੀ ਚੀਕ ਹੀ ਮਾਰੋ
ਘੱਟੋ-ਘੱਟ
ਜਿਉਂਦੇ ਹੋਣ ਦਾ
ਅਹਿਸਾਸ ਤਾਂ ਪਰਤੇਗਾ ਹੀ
ਤੇ ਇਸ ਅਹਿਸਾਸ 'ਚੋਂ ਹੀ ਉਗਮਦੇ
ਜਿਉਂਦੇ ਰਹਿਣ ਲਈ ਵਿਸ਼ਵਾਸ

o—o

## 3. ਯਾਦ ਤਾਂ ਬਹੁਤ ਆਉਂਦੇ ਹਨ

ਯਾਦ ਤਾਂ ਸਾਨੂੰ ਵੀ ਬਹੁਤ ਆਉਂਦੇ ਹਨ
—ਰੁੱਖਾਂ ਦੀ ਠੰਡੀ ਛਾਂ ਵਰਗੇ
ਨਿਸ਼ਕਾਮ ਮਮਤਾ ਦੇ ਮਰਹਲੇ
—ਪਤੰਗ ਦੀ ਡੋਰ ਵਾਂਗੂੰ
ਮਨਾਂ ਨੂੰ ਧੂਹ ਪਾਉਂਦਾ
ਹਮਸਾਇਆਂ ਦਾ ਮੋਹ,
—ਅਤੇ
ਬਾਪੂ ਦੇ ਕੱਚੇ ਘਰ ਦੀਆਂ
ਮਾਂ ਦੇ ਦੁੱਧ ਵਾਂਗ ਮਹਿਕਦੀਆਂ
ਲਿੱਪੀਆਂ ਕੰਧਾਂ

ਪਰ ਜਦੋਂ
ਉਡਦੀਆਂ ਇੱਲਾਂ ਦੇ ਸਾਇਆਂ ਵਰਗੀਆਂ
ਆਪਣੀ ਹੋਂਦ ਦੀਆਂ ਕੰਨੀਆਂ ਹੀ
ਫੜਦਿਆਂ-ਫੜਦਿਆਂ



ਹੋ ਜਾਣ ਅੱਖੋਂ ਓਝਲ
ਤਾਂ ਕੋਈ
—ਨਿਸ਼ਕਾਮ ਮਮਤਾ
—ਹਮ ਸਾਇਆਂ ਦੇ ਮੋਹ
—ਤੇ ਮਹਿਕਦੀਆਂ ਕੰਧਾਂ ਦਾ
ਕੀ ਕਰੇ ?
ਉਂਝ
ਯਾਦ ਤਾਂ ਸਾਨੂੰ ਵੀ ਬਹੁਤ ਆਉਂਦੇ
ਇਹ ਸਾਰਾ ਕੁੱਝ ਹੀ ⊙

## 4. ਰਿਸ਼ਤੇ

ਰਿਸ਼ਤੇ ਅਜ ਕਲ
—ਤਲੀ 'ਤੇ ਰੱਖੇ
ਕੜਕਦੇ ਨੋਟ ਹੋ ਗਏ ਹਨ
—ਲਿਫ਼ਾਫ਼ੇ 'ਚ ਲਿਆਂਦੀ
ਕੇਲਿਆਂ ਦੀ ਦਰਜਨ
—ਤੇ ਜਾਂ ਫੇਰ
ਦਿਨ-ਦਿਹਾਰ ਨੂੰ ਦਿੱਤਾ
ਕਪੜਿਆਂ ਦਾ ਜੋੜਾ
ਪਰ ਜਿਉਂ ਹੀ
—ਮਰ ਜਾਂਦੀ ਹੈ ਨੀਲੇ ਨੋਟਾਂ ਦੀ ਕੜਕ
—ਉਤਰ ਜਾਂਦੀ ਹੈ ਚਿੱਤਰੀ ਵਾਲੇ ਕੇਲਿਆਂ ਦੀ ਛਿੱਲ
—ਅਤੇ ਛਿੱਜ ਜਾਂਦੇ ਗੁਲਾਬੀ ਜੋੜੇ ਦਾ ਸੁਨਹਿਰੀ ਗੋਟਾ,
ਕਿ ਰਿਸ਼ਤੇ
ਰੇਤ ਦੇ ਘਰੋਂਦਿਆਂ ਵਾਂਗੂੰ
ਹੋ ਜਾਂਦੇ ਹਨ ਢਹਿ-ਢੇਰੀ
ਅਤੇ ਪਿੱਛੇ ਸਿਰਫ਼
ਰਹਿ ਜਾਂਦੇ ਉਹਨਾਂ ਦੇ ਅਹਿਸਾਸ ਦਾ ਦਰਦ ।
ਕਿਉਂਕਿ ਰਿਸ਼ਤੇ ਅਜਕਲ/ਹੋ ਗਏ ਹਨ
—ਕੜਕਦੇ ਨੋਟ
—ਚਿੱਤਰੀ ਵਾਲੇ ਕੇਲੇ
—ਜਾਂ ਕਪੜਿਆਂ ਦਾ ਜੋੜਾ ।

o—o

## 5. ਮਾਂ ਨੂੰ ਸੁਨੇਹਾ

ਮਾਂ !
ਤੂੰ ਹੁਣ ਮੇਰੇ
ਖ਼ਤ ਨਾ ਉਡੀਕਿਆ ਕਰ
ਬਸ,
ਰੇਡੀਉ, ਟੀ.ਵੀ., ਜਾਂ ਅਖਬਾਰਾਂ ਵਿੱਚ
ਨਸ਼ਰ ਹੁੰਦੇ
ਗੁੰਮ-ਸ਼ੁਦਾ ਦੇ ਇਸ਼ਤਿਹਾਰ ਵਾਚਿਆ ਕਰ।
ਬਾਪੂ ਨੂੰ ਵੀ ਕਹਿਣਾ
ਕਿ ਉਹ ਹੁਣ ਮੇਰੀਆਂ
ਨੇਕ ਕਮਾਈਆਂ ਦੀ ਕੂੜੀ ਆਸ ਨਾ ਰੱਖੇ,
ਸਗੋਂ
ਕਿਸੇ ਸ਼ਾਹੂਕਾਰ ਦੀ
ਲਾਲ ਵਹੀ ਦੇ ਖਾਲੀ ਪਏ ਪੰਨਿਆਂ ਨੂੰ
ਹਰ ਰੋਜ਼ ਸਲਾਮ ਕਰਿਆ ਕਰੇ ।
ਤੇ ਭੈਣ ਨੂੰ ਵੀ ਸਮਝਾਉਣਾ
ਕਿ ਉਹ ਵੀ ਹੁਣ
ਰੱਖੜੀ ਲਈ
ਜ਼ਿਦ ਨਾ ਕਰਿਆ ਕਰੇ
ਕਿਉਂਕਿ
ਸਾਡੇ ਗਹਿਣੇ ਪੈ ਗਏ ਗੁੱਟਾਂ ਨੂੰ
ਸਤਰੰਗੀ ਪੌਂਹਚੀਆਂ ਨਹੀਂ
ਹੁਣ ਤਾਂ ਸਿਰਫ਼
ਜੰਗ-ਖਾਧੀਆਂ ਹੱਥ-ਕੜੀਆਂ ਹੀ
ਆਉਣਗੀਆਂ ।

**HE-1061, Phase I (Mohali)**

o—o

1. ਹਾਸ਼ੀਏ ਤੋਂ ਬਾਹਰ (ਕਵਿਤਾਵਾਂ) ਗੁਰਮੀਤ ਕੱਲਰ ਮਾਜਰੀ, ਅਨੂ ਪਬਲੀਕੇਸ਼ਨ, ਪਟਿਆਲਾ।
2. ਸੱਚ ਝੂਠ (ਕਵਿਤਾ) ਰਾਜਵੰਤ ਸਿੰਘ ਰਾਣਾ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ ।
3. ਆਪੇ ਬੋਲ-ਸੁੱਤ (ਲੰਬੀ ਕਵਿਤਾ) ਚਰਨ ਸਿੰਘ (ਕੈਨੇਡਾ), ਪੰਨੇ 246 ਮੁੱਲ 250/- ਪ੍ਰਵਾਸ, ਲੁਧਿਆਣਾ ।



## ਮੌਤ ਦੇ ਦਾਇਰੇ ਤੋਂ ਪਾਰ/ਡਾ: ਜਸਬੀਰ 'ਕੇਸਰ'

ਮੈਂ ਜਦੋਂ ਨਿਰਵਸਤਰ ਹੋ
ਸਰੀਰ ਤੇ ਬਿਭੂਤੀ ਮਲ
ਮੌਨ ਧਾਰ ਕੇ
ਜੰਗਲਾਂ ਨੂੰ ਨਿਕਲ ਤੁਰਿਆ ਸਾਂ
ਤਾਂ ਤੁਸਾਂ ਕਿਹਾ :
'ਇਹ ਤਿਆਗ ਹੈ ।'

ਜਦੋਂ ਭੁਖੇ ਪੇਟ
ਭੋਰਿਆਂ ਵਿਚ ਉਤਰ
ਇਕ ਲੱਤ 'ਤੇ ਖਲੋ
ਮੈਂ ਛਿਲੇ ਕੱਟੇ
ਤੁਸਾਂ ਕਿਹਾ :
'ਇਹ ਤਪਸਿਆ ਹੈ ।'

ਜਦੋਂ ਕੰਨਾਂ ਤੇ ਅੱਖਾਂ ਦੇ
ਬਾਰ ਢੋ
ਧਿਆਨ ਵਿਚ ਅਡੋਲ ਬੈਠਿਆਂ
ਮੇਰਾ ਤਨ ਸੁਕ ਕੇ
ਪਿੰਜਰ ਹੋ ਗਿਆ
ਤਾਂ ਤੁਸਾਂ ਆਖਿਆ :
'ਇਹ ਇਬਾਦਤ ਹੈ।'

ਜਦੋਂ ਆਗੋਸ਼ ਵਿਚ ਸੁਤੇ
ਕੁਲ ਆਲਮ ਦੇ ਹੁਸਨ
ਤੇ ਵੱਖੀ ਨਾਲ ਲਗ ਕੇ
ਸੁਤੀ ਮਾਸੂਮੀਅਤ ਨੂੰ
ਛਲ ਕੇ
ਅੱਧੀ ਰਾਤੀਂ ਮੈਂ
ਚੋਰਾਂ ਵਾਂਗ ਖਿਸਕ ਗਿਆ ਸਾਂ
ਤੁਸਾਂ ਆਖਿਆ :
'ਇਹ ਨਿਰਵਾਣ ਹੈ ।'

ਜਦੋਂ ਮਕਤਲ ਦੇ ਐਨ ਵਿਚਕਾਰ
ਮੈਂ ਆਪਣੇ ਹੱਥੀਂ
ਆਪੇ ਜਾ ਸੂਲੀ ਗੱਡੀ
ਤੇ ਅੱਧ ਅਸਮਾਨੀਂ
ਉਡਦੇ ਪੰਛੀਆਂ ਵਾਂਗ
ਆਪੇ ਦੇ ਖੰਭ
ਉਸ ਉਪਰ ਜਾ ਖਿਲਾਰੇ
ਤਾਂ ਤੁਸਾਂ ਕਿਹਾ :
'ਇਹ ਸ਼ਹਾਦਤ ਹੈ ।'

ਜਦੋਂ ਮੋਢੇ 'ਤੇ ਰੱਖਿਆ
ਲਾਚਾਰ ਪਿਉ ਦਾ ਹੱਥ
ਝਟਕ ਕੇ,
ਬੁਢੀ ਮਾਂ ਦੀਆਂ
ਅੱਖਾਂ ਵਿਚ ਨੱਚਦੀਆਂ
ਸਧਰਾਂ ਦਾ ਘਾਣ ਕਰ
ਸਿਰ ਉਤੇ ਸਿਹਰੇ ਬੰਨ੍ਹਣ ਦੀ ਥਾਂ
ਮੈਂ ਗਲ ਵਿਚ
ਫਾਹੀ ਪਾ ਲਈ
ਤਾਂ ਤੁਸਾਂ ਆਖਿਆ :
'ਇਹ ਬਲੀਦਾਨ ਹੈ ।'

ਜਦੋਂ ਤਖਤ ਹਜ਼ਾਰਿਓਂ ਨਿਕਲ
ਅੱਧੀ ਉਮਰ
ਝੰਗ ਵਿਚ ਮੱਝਾਂ ਚਾਰੀਆਂ
ਤੇ ਫਿਰ ਕੰਨ ਪੜਵਾਉਣ ਲਈ
ਨਾਥ ਦੇ ਟਿੱਲੇ ਜਾ
ਅਲਖ ਜਜਾਈ
ਤਾਂ ਤੁਸਾਂ ਆਖਿਆ
'ਇਹ ਇਸ਼ਕ ਹੈ ।'

ਤੇ ਹੁਣ ਜਦੋਂ ਮੈਂ
ਭੋਰੇ ਵਿਚੋਂ ਨਿਕਲ
ਮੋਨ ਤੋੜਿਆ ਹੈ,



ਬਿਭੂਤੀ ਤੇ ਬਾਣੇ ਦਾ
ਫਰਕ ਸਮਝਿਆ ਹੈ,
ਢਿੱਡ ਦੀ ਭੁਖ ਨਾਲ
ਸੰਵਾਦ ਰਚਾਇਆ ਹੈ
ਫਾਹੀ ਗਲ ਵਿਚੋਂ ਲਾਹ
ਨਾਥ ਦੇ ਟਿੱਲੇ ਤੋਂ ਉਤਰ
ਸਿਰ 'ਤੇ ਸਿਹਰੇ ਸਜਾਉਣ ਦਾ
ਹੌਂਸਲਾ ਕੀਤਾ ਹੈ
ਹੁਣ ਜਦੋਂ ਮੈਂ
ਸਹਿਮੇ ਹੋਏ ਹੁਸਨ ਨੂੰ
ਕਲਾਵੇ ਵਿਚ ਲੈ ਕੇ
ਦਲਾਰਨਾ ਚਾਹਿਆ ਹੈ
ਤਾਂ ਤੁਸੀਂ ਕਹਿੰਦੇ ਹੋ
'ਇਹ ਬਗਾਵਤ ਹੈ ।'

ਹਰ ਮੁਕਾਮ 'ਤੇ
ਤੁਸਾਂ ਮੇਰੀ ਮੌਤ ਨੂੰ
ਕਈ ਗੌਰਵਮਈ ਲਕਬਾਂ ਨਾਲ
ਸ਼ਿੰਗਾਰਿਆ ਹੈ ।
ਤੇ ਹੁਣ ਜਦੋਂ ਮੈਂ
ਜਿਉਣ ਲਈ
ਤੁਹਾਡੇ ਗੌਰਵ ਦੇ ਖੋਲ ਵਿਚੋਂ ਨਿਕਲ
ਆਪਣੀ ਮਿੱਟੀ ਵਲ
ਦੋਸਤੀ ਦਾ ਹੱਥ ਵਧਾਇਆ ਹੈ
ਤਾਂ ਤੁਸੀਂ ਕਹਿੰਦੇ ਹੋ :
'ਇਹ ਅਦਾਵਤ ਹੈ ।'

ਮੈਂ ਪੁਛਦਾ ਹਾਂ :
'ਹਰ ਸਦੀ ਵਿਚ
ਤਿਆਗ, ਨਿਰਵਾਣ ਤੇ ਇਬਾਦਤ
ਬਲੀਦਾਨ, ਤਪੱਸਿਆ ਤੇ ਸ਼ਹਾਦਤ
ਮੇਰੀ ਹੀ ਮਜਬੂਰੀ ਕਿਉਂ ਹੈ ?'

o—o

## ਇਹੋ ਸੱਚ ਹੈ/ਧਰਮਪਾਲ ਸਾਹਿਲ

ਗੇਟ ਤੇ ਪੰਡਤ ਸ਼ਰਧਾਨੰਦ ਜੋਸ਼ੀ, ਰਿਟਾਇਰਡ ਪ੍ਰੋਫੈਸਰ ਦੀ ਨੇਮ ਪਲੇਟ ਪੜ੍ਹਕੇ ਭੁਵਨ ਤ੍ਰਭਕਿਆ । ਬੈੱਲ ਦਾ ਬਟਨ ਦਬਾਉਣ ਤੋਂ ਪਹਿਲਾਂ ਉਸ ਦਾ ਦਿਲ ਕੀਤਾ ਕਿ ਉਹ ਪਰਤ ਜਾਵੇ । ਕੁਝ ਪਲ ਸੋਚਣ ਮਗਰੋਂ "ਜੋ ਵੀ ਹੋਏਗਾ ਵੇਖਿਆ ਜਾਵੇਗਾ" ਦਾ ਮਨ ਬਣਾ ਕੇ ਉਸਨੇ ਬੈੱਲ ਦੱਬ ਹੀ ਦਿੱਤੀ । ਬੈੱਲ 'ਚੋਂ ਨਿਕਲੀ ਫਿਲਮੀ ਭਜਨ ਦੀ ਧੁਨ ਨਾਲ ਹੀ ਭੌਂਕਣ ਲੱਗੇ ਕੁੱਤੇ ਦੀ ਭੌਂਅ-ਭੌਂਅ ਵਿੱਚ ਗੁਆਚ ਗਈ ।

ਗੇਟ ਖੁੱਲ੍ਹਿਆ, ਭੁਵਨ ਨੂੰ ਲੱਗਾ ਜਿਵੇਂ ਉਸ ਦੀ ਤਕਦੀਰ ਦਾ ਦਰਵਾਜ਼ਾ ਖੁੱਲ੍ਹ ਗਿਆ ਹੋਵੇ । ਸਾਹਮਣੇ ਖੜੋਤੀ ਹਮ ਉਮਰ ਨੌਜੁਆਨ ਕੁੜੀ ਨੂੰ ਉਹ ਵੇਖਦਾ ਹੀ ਰਹਿ ਗਿਆ । ਆਦਰਸ਼ਕ ਮੁਸਕਾਨ ਉਸਦਾ ਸੁਆਗਤ ਕਰਦੀ ਪਈ ਸੀ । ਉਸ ਨੂੰ ਇਨ ਤਰ੍ਹਾਂ ਗੁਆਚੇ ਵੇਖ ਮੁਟਿਆਰ ਨੇ ਪੁੱਛਿਆ, "ਤੁਸੀਂ ਕਿਨ੍ਹਾਂ ਨੂੰ ਮਿਲਣਾ ਏ ?"

"ਉਹ-ਹਾਂ-ਜੋਸ਼ੀ ਜੀ ਘਰ ਹੀ ਹਨ—?" ਉਸ ਨੇ ਪ੍ਰਸ਼ਨ ਦਾ ਉੱਤਰ ਪ੍ਰਸ਼ਨ ਵਿੱਚ ਹੀ ਦਿੱਤਾ ।

"ਘਰ ਹੀ ਹਨ—ਤੁਸੀਂ ?"

"ਮੈਂ ਭੁਵਨ ਪਾਂਡੇ ।" ਪਾਂਡੇ ਸ਼ਬਦ ਤੇ ਉਸ ਨੇ ਜੋਰ ਦਿੱਤਾ ।

"ਆਵੋ ਪਲੀਜ਼—ਪਾਪਾ ਤੁਹਾਡੀ ਹੀ ਵੇਟ ਕਰ ਰਹੇ ਸਨ ।"

ਭੁਵਨ ਕੁੜੀ ਮਗਰ ਤੁਰਦਾ-ਤੁਰਦਾ ਬੈਠਕ ਵਿੱਚ ਆ ਗਿਆ ।

"ਬੈਠੋ ਪਲੀਜ਼ ।" ਕਹਿ ਕੇ ਉਹ ਦੂਸਰੇ ਕਮਰੇ ਵੱਲ ਚਲੀ ਗਈ । ਭੁਵਨ ਨਰਮ ਸੋਫੇ ਵਿਚ ਧੱਸ ਜਿਹਾ ਗਿਆ । ਬੈਠਕ ਬੜੀ ਸਿਆਣਪ ਨਾਲ ਸਜਾਈ ਗਈ ਸੀ । ਹਰੇਕ ਚੀਜ਼ ਨੂੰ ਉਹ ਬੜੀ ਗਹੁ ਨਾਲ ਵੇਖਣ ਲੱਗਾ । ਅਰਜਨ ਨੂੰ ਗੀਤਾ ਦਾ ਉਪਦੇਸ਼ ਦਿੰਦੇ ਕ੍ਰਿਸ਼ਨ ਦਾ ਕਪੜੇ ਦਾ ਵੱਡਾ ਸਾਰਾ ਵਾਲ ਪੋਸਟਰ । ਮੇਜ਼ ਤੇ ਪਈ ਨਟਰਾਜ ਦੀ ਮੂਰਤੀ, ਦੂਸਰੇ ਪਾਸੇ ਸੋਭਾ ਸਿੰਘ ਦੀ ਸੋਹਣੀ-ਮਹੀਵਾਲ ।

ਇੰਨੇ ਨੂੰ ਜੋਸ਼ੀ ਜੀ ਅੰਦਰ ਆਏ । ਧੋਤੀ ਕੁਰਤਾ, ਮਥੇ ਤੇ ਲੰਮਾ ਤਿਲਕ । ਗਲ 'ਚ ਰੁਦ-ਰਾਖ ਦੀ ਮਾਲਾ । ਸਿਰ ਤੇ ਸਪੋਲੀਏ ਵਾਂਗ ਗੱਠਦਾਰ ਬੋਦੀ । ਭੁਵਨ ਨੇ ਹੱਥ ਜੋੜ ਕੇ ਖੜੇ ਹੁੰਦਿਆਂ ਉਨ੍ਹਾਂ ਨੂੰ ਨਮਸਤੇ ਕੀਤੀ ।

"ਬੈਠੋ-ਬੈਠੋ-ਬੇਟੇ ਚੰਗਾ ਕੀਤਾ ਆ ਗਏ ਤੁਸੀਂ—ਸ਼ਹਿਰਾਂ ਵਿੱਚ ਤਾਂ ਸਾਡੇ ਬ੍ਰਾਹਮਣ ਭਰਾ ਇਸ ਪੁੰਨ ਦੇ ਕੰਮ ਤੇ ਵੀ ਆਉਣ ਵਿੱਚ ਸ਼ਰਮ ਮਹਿਸੂਸ ਕਰਦੇ ਨੇ । ਮੈਂ ਆਪਣੇ ਇੱਕ ਕੁਲੀਗ ਨੂੰ ਕਿਹਾ, 'ਬਈ ਮੇਰੇ ਪਿੱਤਰਾਂ ਦਾ ਸਰਾਧ ਏ-ਭੋਜਣ ਲਈ ਪਧਾਰਨਾ', ਤਾਂ ਪਤੈ ਅਗਿਉਂ ਦੀ ਕਹਿਣ ਲੱਗਾ, 'ਅਖੇ ਜੋਸ਼ੀ ਜੀ, ਪਿੱਤਰਾਂ ਨੂੰ ਖੁਸ਼ ਕਰਨਾ ਏ ਤਾਂ ਕੋਈ ਵਿਸਕੀ-ਵੁਸਕੀ ਪਿਆਉ ।' ਇਸ ਖੀਰ ਨਾਲ ਸਾਡੀ ਆਤਮਾ ਹੀ ਪ੍ਰਸੰਨ ਨਹੀਂ ਹੋਣੀ—ਤਾਂ ਤੁਹਾਡੇ ਪਿੱਤਰਾਂ ਨੇ ਕਿਵੇਂ ਖੁਸ਼ ਹੋਣਾ ਏ । ਘੋਰ ਕਲਜੁਗ ਏ ਪੁੱਤਰ । ਅੱਜ ਬ੍ਰਾਹਮਣਾਂ ਨੇ ਰਾਖਸ਼ਸ਼ਾਂ ਵਾਲੀਆਂ ਬਿਰਤੀਆਂ ਅਪਣਾ ਲਈਆਂ ਹਨ।"



ਆਦਤ ਮੁਤਾਬਕ ਜੋਸ਼ੀ ਜੀ ਆਪਣੀ ਗੱਲ ਵਧਾਈ ਜਾਂਦੇ ਸਨ ਕਿ ਉਸੇ ਕੁੜੀ ਨੇ ਬੱਦਲਾਂ ਉਹਲਿਉਂ ਚੰਨ ਵਾਂਗ ਮੂੰਹ ਝਲਕ ਵਿਖਾਈ ਤੇ ਵਿਚਾਲੇ ਟੋਕਦਿਆਂ ਕਿਹਾ, "ਪਾਪਾ ਜੀ, ਖਾਣਾ ਤਿਆਰ ਏ ।"

"ਠੀਕ ਏ, ਗੀਤਾ, ਦਰੀ ਵਿਛਾਉ ਤੇ ਖਾਣਾ ਲਾਉ—ਰੋਟੀ ਦਾ ਵੇਲਾ ਵੀ ਲੰਘਦਾ ਜਾਂਦਾ ਏ । ਪਾਂਡੇ ਜੀ ਉਠੋ ਜ਼ਰਾ । ਬੂਟ ਜੁਰਾਬਾਂ ਖੋਲ੍ਹੋ—ਮੈਂ ਤੁਹਾਡੇ ਪੈਰ ਧੋ ਦੇਵਾਂ—।"

"ਮੇਰੇ ਖਿਆਲ ਵਿੱਚ ਇਸ ਦੀ ਕੋਈ ਲੋੜ ਨਹੀਂ—ਇੰਜ ਹੀ ਠੀਕ ਏ—।" ਭੁਵਨ ਨੇ ਟਾਲਣ ਦੇ ਮੂਡ ਵਿੱਚ ਕਿਹਾ ।

"ਪਾਂਡੇ ਜੀ—ਤੁਸੀ ਬ੍ਰਾਹਮਣ ਹੋ—ਪੈਰ ਧੋਤੇ ਬਿਨਾਂ - ਭੋਜਨ ਮਰਿਆਦਾ ਦੇ ਉਲਟ ਹੈ ਨਾ। ਇਹ ਤੁਹਾਡੀ ਗੱਲ ਨਹੀਂ, ਅਸਲ ਵਿੱਚ ਅੱਜ ਦੀ ਨਵੀਂ ਪੀੜੀ ਆਪਣਾ ਸਭ ਧਰਮ-ਕਰਮ ਭੁੱਲਦੀ ਜਾਂਦੀ ਏ । ਅਸੀਂ ਤਾਂ ਫੇਰ ਵੀ ਆਪਣੇ ਪਿੱਤਰਾਂ ਦਾ ਮਾੜਾ-ਮੋਟਾ ਸ਼ਰਾਧ ਕਰੀ ਜਾਨੇਂ ਹਾਂ । ਸਾਥੋਂ ਮਗਰੋਂ, ਸਾਡਾ ਤਾਂ ਲਗਦੈ ਕਿਸੇ ਨੇ ਕਰਨਾ ਹੀ ਨਹੀਂ । ਜੋਸ਼ੀ ਜੀ ਨੇ ਆਪਣੇ ਹੱਥਾਂ ਨਾਲ ਭੁਵਨ ਦੇ ਪੈਰ ਧੋਤੇ ਤਾਂ ਉਸਨੂੰ ਕੁਝ ਅਜਿਹਾ ਮਹਿਸੂਸ ਹੋਇਆ ਜਿਵੇਂ ਰਾਮ ਦੇ ਸਪਰਸ਼ ਨਾਲ ਉਹ ਵੀ ਸਰਾਪ ਮੁਕਤ ਹੋ ਕੇ ਸ਼ਿਲਾ ਤੋਂ ਅਹਿਲਿਆ ਬਣ ਜਾਵੇਗਾ । ਉਪਰੋਂ-ਉਪਰੋਂ ਉਹ ਨਦੀ ਵਾਂਗ ਸ਼ਾਂਤ ਨਜ਼ਰ ਆਉਂਦਾ ਸੀ ਪਰ ਅੰਦਰੋਂ-ਅੰਦਰੀਂ ਉਸਦੇ ਅੰਦਰ ਭਾਰੀ ਤਰਥੱਲੀ ਮੱਚੀ ਹੋਈ ਸੀ ।

ਤੌਲੀਏ ਨਾਲ ਹੱਥ ਪੈਰ ਪੂੰਝ ਕੇ ਉਹ ਫਰਸ਼ ਤੇ ਤਹਿ ਲਾਕੇ ਰੱਖੀ ਦਰੀ ਤੇ ਪਲੱਥੀ ਮਾਰ ਕੇ ਬੈਠ ਗਿਆ । ਟਾਈਟ ਜੀਨ ਨੇ ਉਸ ਦਾ ਪੇਟ ਘੁੱਟਿਆ । ਮੰਤਰ ਬੁੜਬੜੋਂਦਿਆਂ ਜੋਸ਼ੀ ਜੀ ਨੇ ਕਈ ਪ੍ਰਕਾਰ ਦੇ ਭੋਜਣ ਪ੍ਰਦਾਰਥਾਂ ਨਾਲ ਭਰੀ ਥਾਲੀ ਉਸ ਦੇ ਅੱਗੇ ਪਰੋਸ ਦਿੱਤੀ । ਭੋਜਨ ਤੋਂ ਆਉਂਦੀ ਸੁਗੰਧ ਨੇ ਉਸਦਾ ਤਨ ਮਨ ਤਰ ਕਰ ਦਿੱਤਾ । ਬਚਪਨ ਦੀ ਇਕ ਯਾਦ ਉਸ ਦੇ ਦਿਮਾਗ ਤੇ ਵਾਰ-ਵਾਰ ਦਸਤਕ ਦੇਣ ਲੱਗੀ । ਜੋਸ਼ੀ ਜੀ ਉਸਨੂੰ ਆਪਣੇ ਅਧਿਆਪਕ ਵਿਸ਼ਨੂ ਪ੍ਰਸ਼ਾਦ ਦੀ ਕਾਰਬਨ ਕਾਪੀ ਨਜ਼ਰ ਆਏ । ਉਦੋਂ ਉਹ ਛੇਵੀਂ ਜਮਾਤ ਵਿੱਚ ਪੜ੍ਹਦਾ ਸੀ । ਨੇੜਲੇ ਪਿੰਡ ਵਿੱਚ ਡਿਸਟਕ ਬੋਰਡ ਦੇ ਸਕੂਲ ਵਿੱਚ । ਵਿਸ਼ਨੂ ਪ੍ਰਸ਼ਾਦ ਉਸ ਨੂੰ ਹਿੰਦੀ ਪੜ੍ਹਾਉਂਦੇ ਸਨ । ਜੋਸ਼ੀ ਜੀ ਵਾਂਗ ਹੀ ਧੋਤੀ ਕੁਰਤਾ, ਲੰਮੀ ਬੋਦੀ । ਬਸ ਜੋਸੀ ਜੀ ਨਾਲੋਂ ਕੱਦ ਰਤਾ ਕੁ ਛੋਟਾ ਤੇ ਸ਼ਰੀਰ ਭਾਰਾ ਸੀ । ਉਨ੍ਹਾਂ ਦੀ ਕੁੱਟ ਮਸ਼ਹੂਰ ਸੀ । ਉਨ੍ਹਾਂ ਦੇ ਮੂੰਹੋਂ ਸ਼ਲੋਕ ਤੇ ਮੰਤਰਾਂ ਦੀ ਵਾਛੜ ਹੁੰਦੀ ਰਹਿੰਦੀ ।

ਇਕ ਵਾਰੀ ਉਨ੍ਹਾਂ ਨੇ ਭੁਵਨ ਤੇ ਨਾਲ ਪੜ੍ਹਦੇ ਬਾਸ਼ੀ ਨੂੰ ਆਪਣੇ ਘਰੋਂ ਵੀਹ ਕਿਲੋ ਗੁੜ ਲਿਆਉਣ ਦਾ ਹੁਕਮ ਸੁਣਾਇਆ । ਉਨ੍ਹਾਂ ਦੇ ਕਿਸੇ ਅਧਿਆਪਕ ਸਾਥੀ ਨੇ ਮੰਗਵਾਇਆ ਸੀ । ਗੁਰੂ ਜੀ ਦੇ ਪਿੰਡ ਦਾ ਦਸ ਕਿਲੋਮੀਟਰ ਦਾ ਰਸਤਾ ਉਨ੍ਹਾਂ ਨੂੰ ਗੱਲੀਂ ਬਾਤੀਂ ਪਤਾ ਹੀ ਨਹੀਂ ਸੀ ਲੱਗਾ । ਜਾਂਦਿਆਂ ਹੀ ਗੁਰੂ ਪਤਨੀ ਨੇ ਉਨ੍ਹਾਂ ਨੂੰ ਕਹੇ ਦੇ ਗਿਲਾਸ ਵਿਚ ਲੱਸੀ ਪਿਆਈ ਸੀ । ਉਨ੍ਹਾਂ ਨੂੰ ਬੈਠਕ ਵਿੱਚ ਬੈਠਾ ਕੇ ਆਪ ਗੁੜ ਦੇ ਇੰਤਜ਼ਾਮ ਵਿੱਚ ਲੱਗ ਗਈ ਸੀ । ਦੋਹਾਂ ਦੀ ਮਦਦ ਨਾਲ ਵੀਹ ਕਿਲੋ ਗੁੜ ਤੋਲ ਕੇ ਬੋਰੀ ਵਿੱਚ ਪਾਕੇ ਸੀਤਾ ਸੀ । ਤਾਜ਼ੇ ਗੁੜ ਦੀ ਖੁਸ਼ਬੋ ਨਾਲ ਉਸ ਦੀ ਤੇ ਬਾਸ਼ੀ ਦੀਆਂ ਲਾਰਾਂ ਚੋਣ ਲੱਗ ਪਈਆਂ ਸਨ । ਦੁਪਿਹਰ ਹੋ ਗਈ ਸੀ, ਇਸ ਲਈ ਗੁਰੂ ਪਤਨੀ ਨੇ ਉਨ੍ਹਾਂ ਨੂੰ ਰਸੋਈ ਵਿੱਚ ਬਿਠਾ ਕੇ ਰੋਟੀ ਖੁਆਈ ਸੀ । ਇੰਨੀ ਸਵਾਦਲੀ ਰੋਟੀ ਉਨ੍ਹਾਂ ਨੂੰ ਪਹਿਲੀ ਵਾਰੀ ਨਸੀਬ ਹੋਈ ਸੀ । ਫਿਰ ਕਾਂ ਦੀ ਅੱਖ ਕੱਢ ਦੇਣ ਵਾਲੀ ਗਰਮੀ ਵਿੱਚ ਵਾਰੋ-ਵਾਰੀ ਬੋਰੀ ਚੁਕਦੇ, ਬਹਿੰਦੇ ਖਸੌਂਦੇ ਉਨ੍ਹਾਂ ਗੁੜ ਦੀ ਬੋਰੀ ਵਿਸ਼ਨੂ ਦੱਤ ਪ੍ਰਸ਼ਾਦ ਦੇ ਸਾਥੀ ਅਧਿਆਪਕ ਦੇ ਘਰ ਪੁਚਾ ਦਿੱਤੀ ਸੀ ।

ਦੂਸਰੇ ਦਿਨ ਤਾਂ ਉਨ੍ਹਾਂ ਦੀ ਜਿਵੇਂ ਸ਼ਾਮਤ ਹੀ ਆ ਗਈ ਸੀ। ਆਪਣਾ ਪੀਰਡ ਲਾਉਣ ਆਏ ਵਿਸ਼ਣੂ ਪ੍ਰਸ਼ਾਦ ਨੇ ਉਨ੍ਹਾਂ ਨੂੰ ਜਮਾਤ ਵਿਚੋਂ ਬਾਹਰ ਕੱਢ ਦਿੱਤਾ ਸੀ। ਇਸ ਤੋਂ ਪਹਿਲੋਂ ਕਿ ਉਨ੍ਹਾਂ ਨੂੰ ਆਪਣੇ ਕਸੂਰ ਦਾ ਪਤਾ ਲਗਦਾ, ਉਨ੍ਹਾਂ ਦੇ ਲੱਤਾਂ ਹੇਠੋਂ ਕੰਨ ਫੜਾ ਕੇ ਕੁੱਟਣਾ ਸ਼ੁਰੂ ਕਰ ਦਿੱਤਾ ਸੀ।

“ਓਏ ਕਮੀਨਿਓ ਤੁਹਾਡੀ ਇਹ ਮਜਾਲ ਕਿ ਸਾਡੀ ਰਸੋਈ ਵਿੱਚ ਬੈਠ ਕੇ, ਸਾਡੇ ਭਾਂਡਿਆਂ ਵਿੱਚ ਰੋਟੀ ਖਾਣੋ ਆਪਣੀ ਔਕਾਤ ਭੁੱਲ ਗਏ—ਧੋਖਾ ਦਿੰਦੇ ਹੋ, ਹਰਾਮ ਦੀ—ਜੂਠੋ..।” ਜਿੰਨੀ ਤੇਜ਼ ਵਿਸ਼ਣੂ ਪ੍ਰਸ਼ਾਦ ਦੀ ਜ਼ੁਬਾਨ ਚਲ ਰਹੀ ਸੀ ਉਸ ਤੋਂ ਵੀ ਤੇਜ਼ ਹੱਥ। ਉਨ੍ਹਾਂ ਦੀ ਚੰਗੀ ਕਿਸਮਤ ਰਾਊਂਡ ਤੇ ਨਿਕਲੇ ਮੁਖਅਧਿਆਪਕ ਕਿਸੇ ਨੂੰ ਅਵਤਾਰ ਵਾਂਗ ਪ੍ਰਗਟ ਹੋ ਗਏ ਸਨ। ਜੇ ਉਹ ਨ ਰੋਕਦੇ ਤਾਂ ਸ਼ਾਇਦ ਵਿਸ਼ਣੂ ਪ੍ਰਸ਼ਾਦ ਦਾ ਗੁੱਸਾ ਉਨ੍ਹਾਂ ਨੂੰ ਸਿਵਿਆਂ 'ਚ ਹੀ ਪੁੱਜਾ ਛੱਡਦਾ। ਕਿੰਨੇ ਹੀ ਦਿਨ ਉਹ ਦੋਵੇਂ ਡਰਦੇ ਮਾਰੇ ਸਕੂਲ ਨਹੀਂ ਸੀ ਵੜੇ। ਘਰੋਂ ਸਕੂਲੇ ਜਾਂਦੇ ਪਰ ਘੁੰਮ ਫਿਰ ਕੇ ਘਰ ਪਰਤ ਆਉਂਦੇ। ਪਿੰਡੇ ਤੇ ਪਏ ਨੀਲੇ ਨਿਸ਼ਾਨ ਉਹ ਨਾਜਾਇਜ਼ ਗਰਭ ਵਾਂਗ ਲੁਕੋਂਦੇ ਰਹੇ ਸ ਆਪਣੇ ਘਰ ਵਾਲਿਆਂ ਤੋਂ। ਜ਼ਖਮੀ ਸੱਪ ਵਾਂਗ ਉਹ ਅੰਦਰੋ-ਅੰਦਰੀ ਵਿਸ਼ ਘੋਲਦੇ ਰਹੇ ਸਨ ਵਿਸ਼ਣੂ ਪ੍ਰਸ਼ਾਦ ਨੇ ਉਨ੍ਹਾਂ ਨੂੰ ਜਮਾਤ ਵਿਚ ਨਜ਼ਰ ਅੰਦਾਜ਼ ਕਰ ਦਿੱਤਾ ਸੀ ਤੇ ਉਸ ਸਾਲ ਭੁਵ ਹਿੰਦੀ ਵਿੱਚ ਫੇਲ੍ਹ ਹੋ ਗਿਆ ਸੀ ਤੇ ਬਾਸ਼ੀ ਵੀ ਫੇਲ ਹੋਣ ਮਗਰੋਂ ਪੜ੍ਹਾਈ ਛੱਡ ਗਿਆ ਸੀ।

ਵਿਸ਼ਣੂ ਪ੍ਰਸ਼ਾਦ ਦੀ ਝੋਟਾ ਕੁੱਟ ਖਾ ਕੇ ਵੀ ਭੁਵਨ, ਉਨ੍ਹਾਂ ਦੇ ਘਰ ਖਾਧਾ ਸੁਆਦਲਾ ਭੋਜਨ ਨਹੀਂ ਸੀ ਭੁਲਾ ਸਕਿਆ। ਭੁੱਲਦਾ ਵੀ ਕਿਵੇਂ? ਘਰ ਵਿੱਚ ਤਾਂ ਦੋ ਵੇਲੇ ਦੀ ਰੋਟੀ ਵੀ ਮਸਾਂ ਜੁੜਦੀ। ਕਈ ਵਾਰੀ ਤਾਂ ਭੁੱਖੇ ਢਿੱਡ ਨੂੰ ਗੰਢ ਦੇ ਕੇ ਹੀ ਸੌਣਾ ਪੈਂਦਾ। ਮਾਂ ਸਾਰਾ ਦਿਨ ਕੋਲ੍ਹੂ ਦੇ ਬੋਲਦ ਵਾਂਗ ਹੱਡ ਤੋੜਦੀ। ਪਿੰਡ ਦੇ ਸ਼ਾਹਾਂ ਦੇ ਘਰ ਦਾ ਗੋਹਾ ਕੂੜਾ ਕਰਦੀ। ਸਫਾਈ ਲਿਪਾਈ ਕਰਦੀ। ਘਰ ਤੋਂ ਇਲਾਵਾ ਖੇਤਾਂ 'ਚ ਵੀ ਕੰਮ ਕਰਨਾ ਪੈਂਦਾ। ਬਦਲੇ ਵਿੱਚ ਮਿਲਦੀ ਜੂਠ ਜਿਹੜੀ ਦੋ ਫੁੱਟ ਉਪਰੋਂ ਉਸ ਦੀ ਝੋਲੀ ਵਿੱਚ ਸੁੱਟੀ ਜਾਂਦੀ। ਮਾਂ ਜੂਠ ਲੈ ਕੇ ਘਰ ਆਉਂਦੀ ਤ ਅੱਠ ਭੈਣ ਭਰਾ ਉਸਤੇ ਗਿਰਝਾਂ ਵਾਂਗ ਟੁੱਟ ਪੈਂਦੇ। ਜੂਠ ਵਿੱਚ ਹੁੰਦੇ ਰੋਟੀਆਂ ਦੇ ਟੁਕੜੇ, ਅੱਧ ਖਾਂ ਅਚਾਰ ਦੀਆਂ ਫਾੜੀਆਂ। ਸਬਜ਼ੀ। ਜੇ ਕਿਧਰੇ ਭੁਲੇਖੇ ਨਾਲ ਜੂਠ ਵਿੱਚ ਮਿਠਾਈ ਦਾ ਟੁਕੜਾ ਅ ਜਾਂਦਾ ਤਾਂ ਆਪਸ ਵਿੱਚ ਹੀ ਲੜ ਮਰਦੇ। ਮਿਠਾਈ ਦਾ ਟੁਕੜਾ ਕਟੀ ਹੋਈ ਪਤੰਗ ਬਣ ਕੇ ਉਨ੍ਹ ਦੇ ਹੱਥੀਂ ਚਿੰਦੀ-ਚਿੰਦੀ ਹੋ ਜਾਂਦਾ।

ਮਾਂ ਜੂਠ ਦੇ ਬਚੇ ਟੁਕੜਿਆਂ ਨੂੰ ਧੁੱਪੇ ਸੁਕਾ ਕੇ ਸਾਂਭ ਕੇ ਰੱਖ ਲੈਂਦੀ। ਔਖੇ ਵੇਲੇ ਲਈ ਇਨ੍ਹਾਂ ਨੂੰ ਉਬਾਲ ਕੇ ਲੂਣ-ਮਿਰਚ ਛਿੜਕ ਕੇ ਖਾਣ ਨੂੰ ਦਿੰਦੀ। ਉਹ ਬਜ਼ਾਰੋਂ ਰੇਹੜੀ ਵਾਲਿਆਂ ਵਲੀਂ ਸੁੱਟੀ ਗਲੀ-ਸੜੀ ਸਬਜ਼ੀ ਫਲ ਚੁੱਕ ਲਿਆਂਦੇ। ਉਨ੍ਹਾਂ ਦਾ ਖਰਾਬ ਹਿੱਸਾ ਵਖਰਾ ਕਰਕੇ ਖ ਲੈਂਦੇ। ਉਸ ਦਾ ਦਿਮਾਗ ਪੜ੍ਹਨ ਨੂੰ ਠੀਕ ਸੀ। ਇਸ ਲਈ ਮਾਂ ਉਸ ਨੂੰ ਹਮੇਸ਼ਾ ਸਕੂਲ ਭੇਜ ਲਈ ਤਰਲੋ ਮੱਛੀ ਰਹਿੰਦੀ। ਦੂਸਰੇ ਭੈਣ ਭਰਾਵਾਂ ਵਿਚੋਂ ਕੋਈ ਕਾਗਜ਼, ਪਲਾਸਟਕ, ਪੋਲੀਥੀ ਗਲੀ-ਗਲੀ ਘੁੰਮ ਕੇ ਲੱਭਦਾ। ਸਾਰਾ ਦਿਨ ਲੋਕਾਂ ਦਾ ਗੰਦ ਫਰੋਲ ਕੇ ਸ਼ਾਮਾਂ ਨੂੰ ਮੁਸੱਦੀ ਰੱ ਵਾਲੇ ਦੇ ਵੇਚਣ ਦਾ ਉਪਰਾਲਾ ਕਰਦਾ। ਭੈਣਾਂ ਪਿੰਡ 'ਚੋਂ ਗੋਹਾ ਇਕੱਠਾ ਕਰਦੀਆਂ। ਪਾਥੀਆਂ ਥੱਪਦੀਆਂ ਤੇ ਫਿਰ ਉਨ੍ਹਾਂ ਨੂੰ ਵੇਚਦੀਆਂ। ਫਸਲ ਕੱਟਣ ਮਗਰੋਂ ਸਾਰਾ ਪ੍ਰੀਵਾਰ ਖੇਤਾਂ 'ਚੋਂ ਸਿੱ



ਲੱਭਦਾ। ਕੱਟੇ ਹੋਏ ਤਿੱਖੇ ਝਾੜਾਂ ਨਾਲ ਉਨ੍ਹਾਂ ਦੇ ਨੰਗੇ ਪੈਰ ਲਹੂ ਲੁਹਾਨ ਹੋ ਜਾਂਦੇ। ਕਈ ਵਾਰੀ ਉਹ ਸ਼ਾਹਾਂ ਦੇ ਖੇਤਾਂ 'ਚੋਂ ਚੋਰੀ ਗੰਨੇ ਭੰਨ ਲਿਆਉਂਦੇ। ਖੀਰੇ, ਛੱਲੀਆਂ ਤੋੜ ਲਿਆਉਂਦੇ। ਫੜੇ ਜਾਣ ਤੇ ਜਾਨਵਰਾਂ ਵਾਂਗ ਮਾਰ ਖਾਂਦੇ।

ਬਾਪੂ ਨੂੰ ਸ਼ਰਾਬ ਦੀ ਲੱਤ ਸੀ। ਉਹ ਕੰਮ ਤੇ ਘੱਟ ਵੱਧ ਹੀ ਜਾਂਦਾ। ਜੇ ਕਿਸੇ ਤਰ੍ਹਾਂ ਚਾਰ ਪੈਸੇ ਹੱਥ ਲੱਗ ਜਾਂਦੇ ਤਾਂ ਨਸ਼ੇ ਪੱਤੇ ਤੇ ਖਰਚ ਕਰ ਛਡਦਾ। ਸ਼ਰਾਬੀ ਹੋਇਆ ਬਸਤੀ 'ਚ ਡਿੱਗਿਆ ਰਹਿੰਦਾ। ਮਾਂ ਤੋਂ ਸ਼ਰਾਬ ਲਈ ਪੈਸੇ ਮੰਗਦਾ। ਨਾਂਹ ਨੁੱਕਰ ਕਰਨ ਤੇ ਮਾਂ ਨੂੰ ਗਾਲ੍ਹਾਂ ਕੱਢਦਾ। ਮਾਰ ਕੁਟਾਈ ਕਰਨ ਲਗਦਾ। ਘਰ ਦੇ ਖਰਚ ਦੀ ਗੱਡੀ ਬਸ ਜਿਵੇਂ ਕਿਵੇਂ ਮਾਂ ਹੀ ਖਿੱਚ ਰਹੀ ਸੀ ਟੁਕੜੇ-ਟੁਕੜੇ ਲਈ ਮੁਥਾਜ ਭੁਵਨ ਵਿਸ਼ਣੂ ਪ੍ਰਸ਼ਾਦ ਦੇ ਘਰ ਦੀ ਰੋਟੀ ਦਾ ਲਾਲਚ ਕਰ ਗਿਆ ਸੀ ਤੇ ਬਦਲੇ ਵਿੱਚ ਵਿਸ਼ਣੂ ਪ੍ਰਸ਼ਾਦ ਦੇ ਗੁਸੇ ਦਾ ਸ਼ਿਕਾਰ ਹੋਣਾ ਪਿਆ ਸੀ।

ਪੰਡਿਤ ਸ਼ਰਧਾਨੰਦ ਜੋਸ਼ੀ ਦੇ ਘਰ ਸ਼ਰਾਧ ਤੇ ਭੋਜਨ ਲਈ ਆ ਕੇ, ਭੁਵਨ ਉਹੀ ਗਲਤੀ ਮੁੜ ਦੁਹਰਾ ਰਿਹਾ ਸੀ। ਉਸਦੇ ਅੰਦਰਲੇ ਭੁਵਨ ਨੇ ਤਾਂ ਉਸ ਨੂੰ ਗੇਟ ਤੇ ਲੱਗੀ ਨੇਮ ਪਲੇਟ ਪੜ੍ਹਨ ਮਗਰੋਂ ਵੀ ਝੰਜੋੜਿਆ ਸੀ। ਭੁਵਨ ਜੇ ਅੱਜ ਫਿਰ ਭਾਂਡਾ ਫੁੱਟ ਗਿਆ ਤਾਂ! ਪਰ ਉਹ ਦ੍ਰਿੜ ਸੀ। ਜਦੋਂ ਦੀ ਜਦੋਂ ਵੇਖੀ ਜਾਵੇਗੀ। ਜੇ ਆਪਣੀ ਜ਼ਾਤ ਲੁਕੋ ਕੇ ਆਪਣੇ ਨਾਂ ਨਾਲ ਪਾਂਡੇ ਲਾਉਣ ਨਾਲ ਮਾਨ ਪ੍ਰਤਿਸ਼ਠਾ ਮਿਲਦੀ ਹੈ ਤਾਂ ਕਿਉਂ ਨਾ ਲਵਾਂ। ਇਹ ਲੋਕ ਵੀ ਤਾਂ ਆਪਣੀ ਜ਼ਾਤ ਦੇ ਨਾਂ ਦੀ ਖੱਟੀ ਖਾਈ ਜਾਂਦੇ ਨੇ। ਕੰਮ ਤਾਂ ਇਹ ਸਾਡੇ ਨਾਲੋਂ ਵੀ ਘੱਟੀਆ ਕਰਦੇ ਨੇ। ਜੋਸ਼ੀ ਜੀ ਉਸ ਨੂੰ ਬ੍ਰਾਹਮਣ ਸਮਝਦੇ ਹਨ। ਬ੍ਰਾਹਮਣ ਦਾ ਅਰਥ ਹੈ ਵਿਦਿਆ ਪੜ੍ਹਨ ਤੇ ਪੜ੍ਹਾਉਣ ਵਾਲਾ। ਉਸ ਨੇ ਵੀ ਉੱਚੀ ਸਿੱਖਿਆ ਪ੍ਰਾਪਤ ਕੀਤੀ ਹੈ। ਇਸ ਨਵੀਂ ਨੌਕਰੀ ਵਿੱਚ ਆਉਣ ਤੋਂ ਪਹਿਲਾਂ ਉਹ ਵੀ ਇਕ ਸਕੂਲ ਵਿੱਚ ਪੜ੍ਹਾਂਦਾ ਰਿਹਾ ਹੈ। ਫਿਰ ਉਹ ਕਿਸੇ ਬ੍ਰਾਹਮਣ ਤੋਂ ਕਿਵੇਂ ਘੱਟ ਹੋਇਆ। ਇਥੇ ਪਰਦੇਸ ਵਿੱਚ ਉਸਨੂੰ ਕੌਣ ਜਾਣਦਾ ਹੈ ਕਿ ਉਸ ਦਾ ਪਿਛੋਕੜ ਕੀ ਹੈ। ਜ਼ਾਤ ਦੀ ਪਰਛਾਈ ਤੋਂ ਝੂਠ ਦੇ ਹਨੇਰੇ ਵਿੱਚ ਹੀ ਵੱਖ ਹੋਇਆ ਜਾ ਸਕਦੈ. ਅਜਿਹਾ ਉਸਦਾ ਵਿਸ਼ਵਾਸ ਬਣ ਗਿਆ ਸੀ।

ਦੋ ਕੁ ਵਾਰੀ ਗੀਤਾ ਸਬਜ਼ੀ, ਪੂਰੀ, ਖੀਰ ਆਦਿ ਪੁੱਛਣ ਆਈ। ਅੱਖਾਂ ਵਲੋਂ ਕੀਤੇ ਸਵਾਲਾਂ ਦੇ ਜਵਾਬ ਬੁਲ੍ਹਾਂ ਨੇ ਮੁਸਕਰਾ ਕੇ ਦਿੱਤੇ।

“ਖਾਣਾ ਬਹੁਤ ਸਵਾਦੀ ਬਣਾਇਆ ਏ।” ਭੁਵਨ ਨੇ ਗੀਤਾ ਵੱਲ ਪ੍ਰਸੰਸਾ ਭਰੀਆਂ ਨਿਗਾਹਾਂ ਨਾਲ ਵੇਖਦਿਆਂ ਕਿਹਾ।

“ਗੀਤਾ ਨੇ ਬਣਾਇਆ ਏ।” ਜੋਸ਼ੀ ਜੀ ਨੇ ਘੁਮਿਆਰ ਵਾਂਗ ਆਪਣਾ ਭਾਂਡਾ ਸਲਾਹਿਆ। ਰੋਟੀ ਖਾਣ ਮਗਰੋਂ ਭੁਵਨ ਸੋਫੇ ਤੇ ਬੈਠ ਕੇ ਬੂਟ ਜੁਰਾਬਾਂ ਪਾਉਣ ਲੱਗਾ।

“ਪੁੱਤਰ, ਵਿਆਹ ਕਰਾ ਲਿਆ ਏ ਜਾਂ ਨਹੀਂ?”

“ਨਹੀਂ ਜੀ, ਨੌਕਰੀ ਲੱਗਿਆਂ ਥੋੜਾ ਚਿਰ ਹੀ ਹੋਇਆ ਏ।”

“ਕਿਹੜਾ ਡਿਪਾਰਟਮੈਂਟ ਏ?”

“ਬੈਂਕ ਜੀ”

“ਪੋਸਟ ਕਿਹੜੀ ਏ?”

"ਪ੍ਰੋਬੇਸ਼ਨ ਆਫਿਸਰ।"

"ਵੈਰੀ ਗੁੱਡ।"

"ਅੱਜਕਲ ਨੌਕਰੀਆਂ ਕਿਹੜੀਆਂ ਮਿਲਦੀਆਂ ਨੇ ਸਾਡੇ ਲੋਕਾਂ ਨੂੰ। ਅੱਜ ਸਰਕਾਰੀ ਨੌਕਰੀਆਂ ਤਾਂ ਸਿਰਫ ਸ਼ਡਊਲਕਾਸਟਾਂ ਲਈ ਹੀ ਰਹਿ ਗਈਆਂ ਹਨ। ਅਜ਼ਾਦੀ ਦੇ ਪੰਜਾਹ ਸਾਲਾਂ ਮਗਰੋਂ ਵੀ ਸਰਕਾਰ ਨੇ ਵੋਟਾਂ ਖਾਤਿਰ ਰਿਜ਼ਰਵੇਸ਼ਨ ਚਾਲੂ ਰੱਖੀ ਹੋਈ ਏ। ਘੱਟ ਨੰਬਰਾਂ ਵਾਲੇ ਚੁਣੇ ਜਾਂਦੇ ਨੇ ਤੇ ਵੱਧ ਨੰਬਰਾਂ ਵਾਲੇ ਯੋਗ ਉਮੀਦਵਾਰ ਵਿਹਲੇ ਧੱਕੇ ਖਾਂਦੇ ਨੇ। ਪਿਛਲੇ ਦਿਨੀਂ ਤੁਸੀਂ ਇਹ ਖਬਰ ਅਖਬਾਰ ਵਿੱਚ ਪੜ੍ਹੀ ਹੋਣੀ ਏ, ਮੱਧ ਪ੍ਰਦੇਸ਼ ਦੇ ਇਕ ਰਿਜ਼ਰਵ ਕੈਟਾਗਰੀ ਵਾਲੇ ਨੂੰ ਛੇ ਸੌ 'ਚੋਂ ਤਿੰਨ ਨੰਬਰ ਲੈ ਕੇ ਵੀ ਦਾਖਲਾ ਮਿਲਿਆ। ਤੁਸੀਂ ਦੱਸੋ ਅਜਿਹੇ ਇੰਜੀਨੀਅਰ ਤੇ ਡਾਕਟਰ ਸਾਡੇ ਮੁਲਕ ਦਾ ਕੀ ਸੁਆਰਨਗੇ। ਵੇਖੋ ਨਾਂ ਮੈਂ ਲੈਕਚਰਾਰ ਦਾ ਲੈਕਚਰਾਰ ਹੀ ਰਿਟਾਇਰ ਹੋ ਗਿਆ ਤੇ ਮੈਥੋਂ ਕਿਤੇ ਜੂਨੀਅਰ ਕੋਟੇ 'ਚੋਂ ਤਰੱਕੀ ਲੈ ਕੇ ਪ੍ਰਿੰਸੀਪਲ ਬਣ ਗਿਆ।" ਜੋਸ਼ੀ ਜੀ ਆਦਤ ਤੋਂ ਮਜ਼ਬੂਰ ਬੋਲੀ ਜਾ ਰਹੇ ਸਨ।

'ਬੇਟਾ ਸਾਡੇ ਲੋਕਾਂ ਨੂੰ ਇਸ ਬਾਰੇ ਵੀ ਸੋਚਣਾ ਚਾਹੀਦਾ ਏ। ਇਹ ਰਿਜ਼ਰਵੇਸ਼ਨ ਬੰਦ ਕਰਾਉਣੀ ਚਾਹੀਦੀ ਏ।' ਜੋਸ਼ੀ ਜੀ ਦੇ ਬੋਲ ਜ਼ਹਿਰ ਭਿੱਜੇ ਤੀਰਾਂ ਵਾਂਗ ਭੁਵਨ ਨੂੰ ਵਿੰਨ ਰਹੇ ਸਨ। ਉਨ੍ਹਾਂ ਨਾਲ ਬਹਿਸ ਕਰਨ ਲਈ ਇਸ ਵਿਸ਼ੇ ਤੇ ਕਈ ਤਰਕ ਉਸ ਅੰਦਰ ਨਾਗ ਵਾਂਗੂ ਫਨ ਚੁੱਕ ਕੇ ਖੜੋਤੇ ਸਨ। ਪਰ ਭੇਤ ਖੁੱਲਣ ਦੇ ਡਰ ਕਾਰਣ ਉਸ ਨੇ ਮੂੰਹ ਸੀਤਾ ਹੋਇਆ ਸੀ। ਜਹਿਰ ਦਾ ਘੱਟ ਪੀ ਕੇ ਬਸ ਉਹ ਹੂੰ-ਹਾਂ ਹੀ ਕਰਦਾ ਰਿਹਾ। ਉਥੇ ਉਸ ਦਾ ਦਮ ਜਿਹਾ ਘੁਟਨ ਲੱਗਾ। ਉਥੋਂ ਜਾਣ ਨੂੰ ਚਿੱਤ ਕਾਹਲਾ ਪੈ ਗਿਆ। ਗੀਤਾ ਦੇ ਬਣਾਏ ਸੁਆਦਲੇ ਭੋਜਣ ਦਾ ਸਾਰਾ ਸੁਆਦ ਜੋਸ਼ੀ ਜੀ ਦੀਆਂ ਗੱਲਾਂ ਕਰਕੇ ਬੇਸੁਆਦ ਜਿਹਾ ਹੋ ਰਿਹਾ ਸੀ। ਭੁਵਨ ਅੰਦਰਲੇ ਮਨੁੱਖ ਨੇ ਉਸਨੂੰ ਫਿਟਕਾਰਿਆ। ਤੈਨੂੰ ਤਾਂ ਮੈਂ ਗੇਟ ਤੇ ਬੈੱਲ ਦੇਣ ਤੋਂ ਪਹਿਲੇ ਵੀ ਰੋਕਿਆ ਸੀ ਕਿ ਵਾਪਸ ਪਰਤ ਜਾ। ਪਰ ਤੂੰ ਕਿਸੇ ਦੀ ਮੰਨਦਾ ਨਹੀਂ ਨਾਂ, ਹੁਣ ਭੁਗਤ ਸੁਣ, ਜੋ ਵੀ ਇਹ ਬੁੜ੍ਹਾ ਬੋਲੀ ਜਾਂਦਾ। ਮੇਰੀ ਮੰਨੀ ਹੁੰਦੀ ਤਾਂ ਇੰਜ ਕਸੂਤਾ ਤਾਂ ਨਾ ਫਸਦਾ। ਇਸ ਤੋਂ ਪਹਿਲੋਂ ਕਿ ਗੱਲ ਵੱਧ ਜਾਵੇ ਤੂੰ ਇਥੋਂ ਖਿਸਕ ਜਾ ਤੇ ਮੁੜ ਇਧਰ ਮੂੰਹ ਨਾ ਕਰੀਂ।'

"ਚੰਗਾ ਜੀ ਹੁਣ ਇਜਾਜ਼ਤ ਦਿਉ।" ਭੁਵਨ ਨੇ ਸੋਫੇ ਤੋਂ ਉਠਦਿਆਂ ਕਿਹਾ।

"ਅੱਛਾ ਪੁੱਤਰ. ਫਿਰ ਵੀ ਆਉਂਦੇ ਰਹਿਣਾ। ਤੁਹਾਡੀ ਆਦਤ ਮੈਨੂੰ ਬਹੁਤ ਚੰਗੀ ਲੱਗੀ ਏ ਨਾਲੇ ਸਾਡੇ ਬ੍ਰਾਹਮਣ ਭਾਈ ਹੋ।" ਜੋਸ਼ੀ ਜੀ ਵਲੋਂ ਬ੍ਰਾਹਮਣ ਭਾਈ ਸ਼ਬਦ ਤੇ ਜ਼ੋਰ ਪਾਉਣ ਤੇ ਭੁਵਨ ਮਨ ਹੀ ਮਨ ਮੁਸਕਾਇਆ।

"ਕੋਸ਼ਿਸ਼ ਕਰਾਂਗਾ ਜੀ!" ਪਰਦੇ ਉਹਲਿਉਂ ਗੀਤਾ ਦੀਆਂ ਮੁੜ ਨਿਮੰਤਰਣ ਦਿੰਦੀਆਂ ਅੱਖਾਂ ਨਾਲ ਅੱਖਾਂ ਮਿਲੀਆ ਤੇ ਫਿਰ ਵਿਦਾ ਲੈ ਕੇ ਉਹ ਪਰਤ ਆਇਆ ਸੀ।

ਭੁਵਨ ਉਸ ਮੁਹੱਲੇ ਵਿੱਚ ਨਵਾਂ ਸੀ। ਉਸ ਦੇ ਮਕਾਨ ਮਾਲਿਕ ਤੇ ਜੋਸ਼ੀ ਪ੍ਰੀਵਾਰ ਦੀ ਚੰਗੀ ਸਾਂਝ ਸੀ। ਇਕੋ ਮੁਹੱਲੇ ਵਿਚ ਰਹਿੰਦੇ ਸਨ। ਸ਼ਰਾਧ ਖਾਤਰ ਪੁੱਛਣ ਤੇ ਉਸ ਦੇ ਮਕਾਨ ਮਾਲਿਕ ਨੇ 'ਪਾਂਡੇ' ਸ਼ਬਦ ਤੋਂ ਉਸਨੂੰ ਬ੍ਰਾਹਮਣ ਸਮਝ ਲਿਆ ਸੀ ਤੇ ਸਰਾਧ ਖਾਣ ਲਈ ਸੱਦਾ ਦੇ ਦਿੱਤਾ ਸੀ।



ਫਿਰ ਇਕ ਦਿਨ ਬਜ਼ਾਰ ਵਿੱਚ ਭੁਵਨ ਤੇ ਗੀਤਾ ਦੀ ਮੁਲਾਕਾਤ ਹੋ ਗਈ।

"ਪਾਪਾ ਤੁਹਾਨੂੰ ਅਕਸਰ ਯਾਦ ਕਰਦੇ ਨੇ।" ਗੀਤਾ ਨੇ ਨਮਸਤੇ ਮਗਰੋਂ ਮੁਸਕਰਾ ਕੇ ਕਿਹਾ ਸੀ।

"ਸਿਰਫ ਪਾਪਾ ਹੀ, ਜਾਂ ਤੁਸੀਂ ਵੀ।" ਭੁਵਨ ਦੇ ਬੁੱਲ੍ਹਾਂ ਵਿੱਚ ਸ਼ਰਾਰਤ ਸੀ।

"ਸਮਝ ਲਵੋ ਅਸੀਂ ਵੀ।" ਗੀਤਾ ਨੇ ਹੇਠਲਾ ਬੁੱਲ੍ਹ ਟੁਕਦਿਆਂ ਜਵਾਬ ਦਿੱਤਾ ਸੀ।

"ਪਾਪਾ, ਘਰ ਕਿਸ ਸਮੇਂ ਹੁੰਦੇ ਨੇ।"

"ਘਰ ਹੀ ਹੁੰਦੇ ਨੇ ਸਾਰਾ ਦਿਨ।"

"ਤੇ ਤੁਸੀਂ।"

"ਮੈਂ ਤਿੰਨ ਵਜੇ ਕਾਲਜੋਂ ਆ ਜਾਨੀ ਹਾਂ।"

"ਚਲੋ ਆਪਾਂ ਰੈਸਟਰੋਰੈਂਟ ਵਿੱਚ ਇਕ ਇਕ ਕੱਪ ਚਾਹ ਸ਼ੇਅਰ ਕਰੀਏ।"

"ਨਹੀਂ, ਹੁਣ ਜ਼ਰਾ ਜਲਦੀ ਵਿੱਚ ਹਾਂ, ਪਲੀਜ਼ ਮਾਈਂਡ ਨਾ ਕਰਿਉ। ਫਿਰ ਸਹੀ। ਤੁਹਾਨੂੰ ਘਰ ਉਡੀਕਾਂਗੀ।" ਵਾਰ ਵਾਰ ਤਕੀਦ ਕਰਕੇ ਗੀਤਾ ਚਲੀ ਗਈ ਸੀ। ਭੁਵਨ ਨੂੰ ਜਿਥੇ ਜੋਸ਼ੀ ਜੀ ਦੀਆਂ ਲੰਮੀਆਂ ਤਕਰੀਰਾਂ ਤੋਂ ਕੋਫਤ ਹੁੰਦੀ, ਉੱਥੇ ਗੀਤਾ ਦਾ ਮੁਸਕਰਾਉਣਾ ਉਸ ਦੇ ਦਿਲ ਨੂੰ ਧੂਹ ਪਾਉਂਦਾ ਸੀ। ਅੱਖਾਂ ਉਸ ਨੂੰ ਵੇਖ ਕੇ ਰੱਜਦੀਆਂ ਨਹੀਂ ਸਨ। ਉਹ ਲੋਹੇ ਵਾਂਗ ਉਸ ਚੁੰਬਕ ਵੱਲ ਖਿਚਿਆ ਜਾਂਦਾ ਸੀ।

ਭੁਵਨ ਗਾਹੇ-ਬਗਾਹੇ ਜੋਸ਼ੀ ਜੀ ਦੇ ਘਰ ਜਾ ਆਉਂਦਾ। ਉਸ ਦੇ ਮਕਾਨ ਮਾਲਿਕ ਦੀ ਲੜਕੀ ਡੌਲੀ ਗੀਤਾ ਦੀ ਹਮਜਮਾਤਨ ਸੀ। ਦੋਵੇਂ ਇਕੋ ਕਾਲਿਜ ਵਿੱਚ ਐਮ. ਏ. ਕਰ ਰਹੀਆਂ ਸਨ। ਗੀਤਾ, ਡੌਲੀ ਪਾਸ ਅਕਸਰ ਆ ਜਾਂਦੀ। ਭੁਵਨ ਤੇ ਗੀਤਾ ਦੀਆਂ ਫੋਨ ਤੇ ਗੱਲਾਂ ਹੁੰਦੀਆਂ। ਫਿਰ ਪਾਰਕਾਂ ਵਿਚ ਮਿਲਦੇ। ਇਕੱਠੇ ਫਿਲਮ ਵੇਖਦੇ। ਦਿਨ-ਰਾਤ ਇਕ ਦੂਸਰੇ ਦੇ ਸੁਪਨਿਆਂ ਵਿੱ। ਗੁਆਚੇ ਰਹਿੰਦੇ। ਜਿੰਦੜੀਆਂ ਇਕ ਦੂਸਰੇ ਦੇ ਨਾਂ ਕਰਕੇ, ਸੰਗ-ਸੰਗ ਜੀਵ-ਮਰਣ ਦੀਆਂ ਕਸਮਾਂ ਖਾਂਦੇ।

ਗੀਤਾ ਦੱਸਦੀ ਸੀ ਕਿ ਉਸ ਦੇ ਮੰਮੀ-ਪਾਪਾ ਭੁਵਨ ਦੀ ਬਹੁਤ ਤਾਰੀਫ ਕਰਦੇ ਨੇ ਅਤੇ ਉਸਨੂੰ ਹੋਣ ਵਾਲੇ ਜਵਾਈ ਦੇ ਰੂਪ ਵਿੱਚ ਵੇਖਦੇ ਨੇ। ਭੁਵਨ ਸੋਚੀਂ ਪੈ ਜਾਂਦਾ। ਗੀਤਾ ਜਿਹੀ ਪਤਨੀ ਮਿਲ ਜਾਵੇ, ਤਾਂ ਉਸ ਤੋਂ ਵੱਡੀ ਉਸ ਦੀ ਖੁਸ਼ ਕਿਸਮਤੀ ਹੋਰ ਕੀ ਹੋਵੇਗੀ। ਨਿਰਾ ਕਾਰੂੰ ਦਾ ਖ਼ਜਾਨਾ ਏ ਇਹ ਜੋਸ਼ੀ ਦੀ ਇਕਲੌਤੀ ਧੀ। ਪਰ ਜੇ ਗੀਤਾ ਨੂੰ ਉਸ ਦੀ ਅਸਲੀਅਤ ਪਤਾ ਚਲ ਜਾਵੇ ਤਾਂ ਕੀ ਉਹ ਉਸ ਨੂੰ ਸਵੀਕਾਰ ਕਰ ਲਵੇਗੀ। ਉਹ ਸੋਚਦਾ ਕਿਧਰੇ ਗਾਇਤਰੀ ਵਾਲਾ ਕਿੱਸਾ ਮੁੜ ਨਾ ਦੁਹਰਾਇਆ ਜਾਵੇ।

ਭੁਵਨ ਉਦੋਂ ਗਿਆਰਵੀਂ ਜਮਾਤ ਵਿੱਚ ਸੀ। ਸ਼ਿਡਿਊਲਡ ਕਾਸਟਾਂ ਨੂੰ ਮਿਲਦੀਆਂ ਮੁਫਤ ਕਿਤਾਬਾਂ, ਫੀਸ ਮਾਫੀ, ਵਜ਼ੀਫੇ ਤੇ ਆਪਣੇ ਹੁਸ਼ਿਆਰ ਦਿਮਾਗ ਦੇ ਸਿਰ ਤੇ ਅੰਤਾਂ ਦੀ ਗਰੀਬੀ ਬਾਵਜੂਦ ਉਹ ਪੜ੍ਹ ਰਿਹਾ ਸੀ। ਇਹ ਉਮਰ ਸੀ ਜਦੋਂ ਹਾਣ ਦੀਆਂ ਕੁੜੀਆਂ ਵੱਲ ਵੇਖਣਾ, ਮੁਸਕਰਾਉਣਾ ਤੇ ਗੱਲ ਕਰਨ ਚੰਗਾ ਲਗਦਾ ਹੈ। ਗਾਉਣ ਦਾ ਸ਼ੌਕ ਸੀ ਉਸ ਨੂੰ। ਸਕੂਲ ਦੇ ਹਰੇਕ ਸਮਾਗਮ ਵਿੱਚ ਉਹ ਵੱਧ ਚੜ੍ਹ ਕੇ ਹਿੱਸਾ ਲੈਂਦਾ। ਉਸ ਨੇ ਮਹਿਸੂਸ ਕੀਤਾ ਸੀ ਕਿ ਉਸ ਦੇ ਸਕੂਲ

ਦੀ ਗਾਇਤਰੀ ਉਸ ਤੋਂ ਪ੍ਰਭਾਵਤ ਸੀ। ਪੜ੍ਹਾਈ ਤੇ ਗੱਲਬਾਤ ਇਕ ਬਹਾਨਾ ਹੁੰਦਾ। ਇਕ ਦੂਸਰੇ ਵੱਲ ਕਸ਼ਿਸ਼ ਵੱਧਦੀ ਜਾਂਦੀ ਸੀ। ਇੱਕ ਦੂਸਰੇ ਨੂੰ ਵੇਖੇ ਬਿਨਾਂ ਦੋਹਾਂ ਨੂੰ ਸਬਰ ਨਾ ਆਉਂਦਾ। ਐਤਵਾਰ ਜਾਂ ਕੋਈ ਹੋਰ ਛੁੱਟੀ ਉਨ੍ਹਾਂ ਲਈ ਪਹਾੜ ਬਣ ਜਾਂਦੀ। ਭੁਵਨ ਕਿਸੇ ਨਾ ਕਿਸੇ ਬਹਾਨੇ ਗਾਇਤਰੀ ਦੀ ਇਕ ਝਲਕ ਵੇਖਣ ਖ਼ਾਤਿਰ ਉਸ ਦੇ ਮੁਹੱਲੇ ਦੇ ਕਈ ਗੇੜੇ ਲਾ ਆਉਂਦਾ। ਗਾਇਤਰੀ ਉੱਚੇ ਅਮੀਰ ਖਾਨ ਦਾਨ ਦੀ ਜਾਈ ਸੀ। ਭੁਵਨ ਉਸ ਤੇ ਜਾਨ ਵਾਰਨ ਨੂੰ ਫਿਰਦਾ।

ਤੇ ਇਕ ਦਿਨ ਉਸ ਗਾਇਤਰੀ ਦੇ ਮਹੱਲੇ 'ਚੋਂ ਮਰਿਆ ਕਟੜੂ ਲਿਆਉਣ ਜਾਣਾ ਪਿਆ ਸੀ। ਉਸ ਨੇ ਸੌ ਬਹਾਨੇ ਕੀਤੇ ਸਨ। ਮਾਂ ਦਾ ਤਰਲਾ ਕੀਤਾ ਸੀ, ਪਰ ਕੋਈ ਚਾਰਾ ਨਹੀਂ ਸੀ ਚਲਿਆ। ਆਖਿਰ ਉਸ ਨੂੰ ਜਾਣਾ ਹੀ ਪਿਆ ਸੀ। ਉਸ ਨੇ ਰੱਬ ਅੱਗੇ ਲੱਖ ਬੇਨਤੀ ਸੀ ਕਿ ਅੱਜ ਉਸਨੂੰ ਗਾਇਤਰੀ ਨਜ਼ਰੀ ਨਾ ਆਵੇ 'ਪਰ ਭੁਵਨ ਜਿਵੇਂ ਹੀ ਸਾਇਕਲ ਦੇ ਕੈਰੀਅਰ ਤੇ ਕਟੜੂ ਲੱਦ ਕੇ ਬਾਹਰ ਸੜਕ ਤੇ ਨਿਕਲਿਆ ਸੀ, ਸਾਹਮਣਿਓ ਗਾਇਤਰੀ ਆਪਣੇ ਮੰਮੀ-ਪਾਪਾ ਨਾਲ ਤੁਰੀ ਆਉਂਦੀ ਸੀ। ਉਸ ਦਾ ਦਿਲ ਕਰੇ, ਧਰਤੀ ਫਟ ਜਾਵੇ ਤੇ ਸੀਤਾ ਵਾਂਗ, ਧਰਤੀ ਉਸ ਨੂੰ ਉਸ ਦੇ ਸਾਇਕਲ ਸਮੇਤ ਨਿਗਲ ਲਵੇ। ਉਸ ਨੇ ਝਟਪਟ ਆਪਣਾ ਸਾਇਕਲ ਉਲਟ ਦਿਸ਼ਾ ਵਲੋਂ ਮੋੜਨ ਦੀ ਕੋਸ਼ਿਸ਼ ਕੀਤੀ ਸੀ ਤਾਂ ਜੋ ਗਾਇਤਰੀ ਵਲ ਪਿੱਠ ਹੋ ਜਾਵੇ ਤੇ ਉਸ ਨੂੰ ਮੂੰਹ ਲੁਕਾਉਣ ਦਾ ਬਹਾਨਾ ਮਿਲ ਜਾਵੇ ਪਰ ਹੋਇਆ ਉਲਟ ਸੀ। ਸਾਇਕਲ ਇਕ ਦਮ ਮੋੜਨ ਤੇ ਉਸ ਦਾ ਮਾੜਾ ਸਰੀਰ ਸਾਇਕਲ ਦਾ ਸੰਤੁਲਣ ਨਹੀਂ ਸੀ ਬਣਾ ਸਕਿਆ ਤੇ ਸਾਇਕਲ ਸਮੇਤ ਕਟੜੂ ਸੜਕ ਤੇ ਡਿੱਗ ਪਿਆ ਸੀ। ਉਹ ਘਬਰਾ ਕੇ ਮੁੜ ਸਾਇਕਲ ਚੁੱਕਣ ਦੀ ਕੋਸ਼ਿਸ਼ ਕਰ ਰਿਹਾ ਸੀ, ਇੰਨੀ ਦੇਰ ਨੂੰ ਨੱਕ ਤੇ ਰੁਮਾਲ ਰੱਖ ਕੇ ਕੋਲੋਂ ਲੰਘਦੀ ਗਾਇਤਰੀ ਦੇ ਮੱਥੇ ਤੇ ਸਿਆੜਾਂ ਵਾਗ ਉਕਰੀਆ ਤਿਉੜੀਆਂ ਦਾ ਜੰਗਲ ਉਸ ਨੇ ਸਾਫ-ਸਾਫ ਵੇਖ ਲਿਆ ਸੀ। ਉਸ ਨੇ ਨੀਂਵੀ ਪਾਈ ਹੋਈ ਸੀ। ਉਸ ਨੂੰ ਆਪਣੇ ਆਪ ਤੋਂ ਬਹੁਤ ਸ਼ਰਮ ਆਈ ਸੀ। ਫਿਰ ਉਹੀ ਹੋਇਆ ਸੀ, ਜਿਸਦਾ ਉਸ ਨੂੰ ਡਰ ਸੀ। ਗਾਇਤਰੀ ਨੇ ਮੁੜ ਉਸ ਵਲ ਨਾਂ ਵੇਖਣ ਦੀ ਜਿਵੇਂ ਸੌਂਹ ਹੀ ਖਾ ਲਈ ਸੀ। ਉਸ ਨੂੰ ਆਪਣੇ ਆਪ ਨਾਲ ਡੂੰਘੀ ਨਫਰਤ ਹੋਈ ਸੀ। ਨੀਂਵੀਂ ਜਾਤ ਵਿੱਚ ਪੈਦਾ ਹੋਣ ਦਾ ਡਾਢਾ ਦੁੱਖ ਹੋਇਆ ਸੀ। ਰੱਬ ਨੂੰ ਗਾਲ੍ਹਾਂ ਕੱਢੀਆਂ ਸਨ। ਇਹ ਹਾਦਸਾ ਉਸ ਨੇ ਆਪਣੇ ਹਿਰਦੇ 'ਚ ਆਪਣੀ ਹਾਰ ਜ਼ਖਮ ਦੇ ਰੂਪ ਵਿੱਚ ਸਾਂਭ ਲਿਆ ਸੀ।

ਉਸ ਦਿਨ ਸੰਯੋਗ ਸੀ ਜਾਂ ਗੀਤਾ ਜਾਣ ਬੁੱਝ ਕੇ ਡੌਲੀ ਨੂੰ ਮਿਲਣ ਆਈ ਸੀ, ਜਦੋਂ ਡੌਲੀ ਆਪਣੇ ਸਾਰੇ ਪ੍ਰੀਵਾਰ ਨਾਲ ਆਪਣੇ ਰਿਸ਼ਤੇਦਾਰ ਦੇ ਵਿਆਹ ਵਿੱਚ ਸ਼ਾਮਿਲ ਹੋਣ ਲਈ ਗਈ ਹੋਈ ਸੀ। ਭੁਵਨ ਕੋਠੀ ਵਿਚ ਇਕੱਲਾ ਹੀ ਸੀ।

ਭੁਵਨ ਦੀਆਂ ਬਾਹਾਂ 'ਚ ਛੂਈ ਮੂਈ ਵਾਂਗ ਸੁੰਗੜੀ ਪਈ ਗੀਤਾ ਨੇ ਕਿਹਾ ਸੀ- "ਹੁਣ ਤੁਹਾਨੂੰ ਆਪਣੇ ਮੰਮੀ-ਨਾਲ ਗੱਲ ਕਰ ਲੈਣੀ ਚਾਹੀਦੀ ਏ, ਕਦੋਂ ਤਾਈਂ ਇੰਜ ਲੁਕ-ਲੁਕ ਕੇ ਮਿਲਦੇ ਰਹਾਂਗੇ।"

"ਹਾਂ, ਗੀਤਾ ਮੈਂ ਵੀ ਇਹੋ ਸੋਚਦਾਂ, ਪਰ ਮੈਨੂੰ ਲਗਦੇ ਉਹ ਸਾਡੇ ਵਿਆਹ ਲਈ ਤਿਆਰ ਨਹੀਂ ਹੋਣਗੇ।,,

"ਕਿਉ ਨਹੀਂ ਹੋਣਗੇ ਤਿਆਰ?"



"ਉਨ੍ਹਾਂ ਮੇਰਾ ਵਿਆਹ ਨਿੱਕੇ ਹੁੰਦਿਆਂ ਹੀ ਕਿਸੇ ਹੋਰ ਨਾਲ ਤੈਅ ਕਰ ਦਿੱਤਾ ਸੀ।" ਭੁਵਨ ਨੇ ਝੂਠ ਦਾ ਸਹਾਰਾ ਲਿਆ ਸੀ।

"ਤੁਸੀਂ ਤਿਆਰ ਹੋ ਉੱਥੇ ਵਿਆਹ ਕਰਵਾਉਣ ਲਈ?"

"ਬਿਲਕੁਲ ਨਹੀਂ।"

"ਫਿਰ ਖੁੱਲ੍ਹ ਕੇ, ਸਾਫ-ਸਾਫ ਦੱਸ ਦਿਉ ਆਪਣੇ ਮੰਮੀ-ਪਾਪਾ ਨੂੰ।"

"ਮੈਂ ਉਨ੍ਹਾਂ ਦੀ ਆਦਤ ਚੰਗੀ ਤਰ੍ਹਾਂ ਜਾਣਦਾ। ਕੰਧਾ ਤੇ ਟੱਕਰਾਂ ਮਾਰਨ ਵਾਲੀ ਗੱਲ ਹੋਵੇਗੀ।"

"ਇੰਜ ਕਰੋ, ਆਪਣੇ ਘਰ ਦਾ ਐਡਰੈਸ ਦੇ ਦਿਓ, ਇਹ ਕੰਮ ਮੇਰੇ ਮੰਮੀ- ਪਾਪਾਂ ਆਪ ਕਰ ਲੈਣਗੇ।" ਉਂਜ ਵੀ ਕੁੜੀ ਵਾਲਿਆਂ ਅੱਗੇ ਨਿਉਣਾ ਹੀ ਪੈਂਦਾ ਹੈ।"

ਗੀਤਾ ਦੀ ਜਿੱਦ ਅੱਗੇ ਭੁਵਨ ਚੁੱਪ ਕਰ ਗਿਆ। ਉਸ ਨੇ ਹਾਲ ਦੀ ਘੜੀ ਗੀਤਾ ਨੂੰ ਇਹ ਕਹਿ ਕੇ ਟਾਲ ਕੇ ਭੇਜ ਦਿੱਤਾ ਕਿ ਕਲ੍ਹ ਉਹ ਆਪ ਉਸ ਦੇ ਮੰਮੀ-ਪਾਪਾ ਨਾਲ ਇਸ ਵਿਸ਼ੇ ਤੇ ਗੱਲ ਕਰਕੇ ਕੋਈ ਰਸਤਾ ਲੱਭੇਗਾ।

ਗੀਤਾ ਚਲੀ ਗਈ ਸੀ, ਪਰ ਭੁਵਨ ਸੋਚੀ ਪੈ ਗਿਆ ਸੀ। ਉਸ ਦਾ ਅੰਦਰਲਾ ਮਨੁੱਖ ਉਸ ਨੂੰ ਕਹਿ ਰਿਹਾ ਸੀ, ਤੈਨੂੰ ਸਾਰੀ ਗੱਲ ਪਹਿਲੋਂ ਹੀ ਦੱਸ ਦੇਣੀ ਚਾਹੀਦੀ ਹੈ, ਵਿਆਹ ਮਗਰੋਂ ਇਹ ਬੰਬ ਫੱਟਣ ਤੇ ਤੇਰੀ ਜ਼ਿੰਦਗੀ ਨਰਕ ਬਣ ਜਾਵੇਗੀ। ਉਸ ਨੇ ਮਹਿਸੂਸ ਕੀਤਾ ਕਿ ਸੱਚ ਬੋਲਣਾ ਕਿੰਨਾ ਔਖਾ ਕੰਮ ਏ, ਝੂਠ ਤਾਂ ਆਦਮੀ ਝੱਟ ਬੋਲ ਜਾਂਦਾ ਹੈ। ਗੀਤਾ ਜਾਂ ਉਸ ਦੇ ਮੰਮੀ-ਪਾਪਾ ਦੇ ਮੂੰਹ ਤੇ ਇਹ ਸੱਚਾਈ ਪ੍ਰਗਟ ਕਰਨ ਦਾ ਉਸ ਦਾ ਹੌਸਲਾ ਨਹੀਂ ਸੀ ਪੈਂਦਾ। ਇਸ ਲਈ ਉਹ ਕਾਗਜ਼-ਕਲਮ ਲੈ ਕੇ ਬੈਠ ਗਿਆ। ਗੀਤਾ ਨੂੰ ਸੰਬੋਧਨ ਕਰਕੇ ਉਸ ਨੇ ਲਿਖਿਆ—

"——ਮੈਂ ਤੈਨੂੰ ਕਿਸੇ ਵੀ ਭੁਲੇਖੇ ਵਿੱਚ ਨਹੀਂ ਰੱਖਣਾ ਚਾਹੁੰਦਾ। ਮੈਂ ਇਕ ਦਲਿਤ ਪ੍ਰੀਵਾਰ ਨਾਲ ਸੰਬੰਧਤ ਹਾਂ। ਮੈਂ ਤੇਰੇ ਮੰਮੀ- ਪਾਪਾ ਨੂੰ ਆਪਣੇ ਘਰ ਨਹੀਂ ਭੇਜ ਸਕਦਾ। ਮਰੇ ਜਾਨਵਰਾਂ ਦੀ ਖੱਲ ਲਾਹੁਣੀ ਤੇ ਲੋਕਾਂ ਦਾ ਗੋਹਾ ਕੂੜਾ ਕਰਨ ਵਾਲੇ ਅਤੀ ਗਰੀਬ ਤੇ ਪਿਛੜੇ ਲੋਕਾਂ ਨੂੰ ਉਹ ਕਿਸੇ ਵੀ ਹਾਲਤ ਵਿੱਚ ਕਬੂਲ ਨਹੀਂ ਕਰਨਗੇ, ਅਜਿਹਾ ਮੈਨੂੰ ਸੌ-ਫ਼ੀਸਦੀ ਯਕੀਨ ਹੈ। ਦੂਸਰੇ ਮੈਂ ਸਮਾਜਿਕ ਮਾਨ ਪ੍ਰਤਿਸ਼ਠਾ ਖ਼ਾਤਿਰ ਤੇਰੇ ਸ਼ਹਿਰ ਵਿੱਚ ਜ਼ਾਤ ਬਦਲ ਕੇ ਰਹਿ ਰਿਹਾ ਹਾਂ। ਮੇਰੀ ਇਸ ਸੱਚਾਈ ਤਾ ਪਤਾ ਲੱਗਣ ਤੇ ਤੇਰੇ ਮੰਮੀ-ਡੈਡੀ ਇਹ ਜ਼ਹਿਰ ਦਾ ਘੁੱਟ ਨਹੀਂ ਪੀ ਸੱਕਣਗੇ, ਇਹ ਉਨ੍ਹਾਂ ਦੀ ਕੱਟੜ ਬ੍ਰਾਹਮਣਵਾਦੀ ਸੋਚ ਤੋਂ ਪਤਾ ਲੱਗ ਜਾਂਦਾ ਹੈ। ਪਰ ਤੂੰ ਪੜੀ ਲਿਖੀ ਹੈਂ। ਆਪਣੇ ਪਿਆਰ ਲਈ ਤੂੰ ਜ਼ਾਤ-ਪਾਤ ਦੀਆਂ ਜੰਜੀਰਾਂ ਤੋੜ ਸਕਦੀ ਹੈਂ ਤਾਂ ਆਪਾਂ ਕੋਰਟ ਮੈਰਿਜ਼ ਕਰਾ ਸਕਦੇ ਹਾਂ। ਮੈਂ ਤੇਰੇ ਫੈਸਲੇ ਦੀ ਬੇਸਬਰੀ ਨਾਲ ਉਡੀਕ ਕਰਾਂਗਾਂ।"

ਦੂਸਰੇ ਦਿਨ ਖ਼ਤ ਲੈ ਕ ਭੁਵਨ, ਗੀਤਾ ਦੇ ਗੇਟ ਮੂਹਰੇ ਦੁਚਿੱਤੀ ਵਿੱਚ ਖੜੋਤਾ ਸੀ।

o—o

—1154-ਐਲ.ਟੀ-3 ਸੀ. ਸੈਕਟਰ-4, ਤਲਵਾੜਾ ਟਾਊਨਸ਼ਿਪ (ਹੁਸ਼ਿਆਰਪੁਰ)

## 1. ਅੰਮ੍ਰਿਤਾ ਪ੍ਰੀਤਮ ਲਈ/ਮਹਿਰਮ ਯਾਰ

**(ਕੁੜੀ ਨੇ—ਅੱਲੜ ਵਰੇਸੋਂ ਸਾਂਭ ਰੱਖ ਖੇਹਣੂ ਗੀਟੇ/ਗੁੱਡੀਆਂ ਪਟੋਲੇ ਅੱਗ ਬਣ ਪ੍ਰਦੇਸੀਂ ਜਾਣ ਲੱਗਿਆਂ, ਮਨੁੱਖਤਾ ਨੂੰ ਖੇਡਣ ਲਈ ਦੇ ਦਿੱਤੇ—ਮ.ਯ.)**

ਇਹ ਜੋ ਪੁਸਤਕ
ਤੁਸਾਂ ਨੇ ਹੱਥ ਵਿਚ ਫੜੀ ਹੈ
ਪੜ੍ਹਨ ਤੋਂ ਪਹਿਲਾਂ ਇਹਦੇ
ਛਾਪੇ ਦੀ ਗਲਤੀ ਸੋਧ ਲਓ !

ਜਿਸ ਥਾਂ ਛਪਿਆ 'ਦਿਲ'
ਉਥੇ ਖੁਲ੍ਹੀ ਖਿੜਕੀ ਲਿਖੋ
ਜਿਗਰ ਦੀ ਥਾਂ
ਕਰ ਲਵੋ 'ਅਕਾਸ਼'
ਆਹ ਦੇ ਧੂੰਏ ਨੂੰ
ਸਿਰਫ 'ਬੱਦਲ' ਕਹੋ
ਸੀਨੇ ਦੇ ਛੇਕਾਂ ਦੀ ਜਗਾਹ
ਕਰੋ ਤਾਂ 'ਚਾਂਗਮਾਰੀ'
ਤਾਰਿਆਂ ਨੂੰ ਕੱਟ ਕੇ
ਆਖੋ ! ਪੱਥਰ ਜਾਂ ਗੀਟੇ
ਅੱਖਾਂ ਨੂੰ
ਖੁੱਤੀਆਂ ਵਿਚ ਖੇਲਦੇ
ਵੱਟਿਆਂ ਦਾ ਨਾਂ ਦਿਓ
ਮਮਤਾ ਨੂੰ ਪੁਕਾਰੋ ਮ੍ਰਿਗਲ
ਪਿਆਰ ਨੂੰ ਕਰ ਲਵੋ ਸਹਿਰਾ
ਜਿਥੇ ਅੱਖਰ
ਉਥੇ ਪਾਓ : ਅੜੌਣੀ
ਜਿਥੇ ਈਮਾਰਤ
ਉਥੇ ਡੋਲ੍ਹੋ ਪਸੀਨਾ !
ਪੂਰੀ ਪੰਗਤੀ ਨੂੰ
ਪੱਕੀ ਰਬੜ ਨਾਲ ਮੇਟ ਕੇ
ਸਾਹ ਆਉਣ ਲਈ



ਖਾਲੀ ਥਾਂ ਛੱਡੋ ਜ਼ਰਾ !
ਖੁਲ੍ਹੀ ਹਵਾ ਵਿਚ
ਸਿਰ ਭਾਰ ਅਲੰਕਾਰ ਨੂੰ
ਕਰਨ ਦੇਵੋ
ਸ਼ੀਸ਼ ਆਸਣ
ਇਸ਼ਕ ਮੁਸ਼ਕ ਤੇ ਫੇਰ ਕਾਟਾ
ਮੁਸਕਰਾ ਕੇ ਪਾ ਦਿਓ
ਵਿਸਰਾਮ ਚਿੰਨ !
ਹੁਸਨ ਜਿਥੇ ਨਜ਼ਰ ਆਵੇ ।
ਉਥੇ ਲਿਖੋ
'ਧੁੱਪ ਵਿਚ ਤਪਦੀ ਸੜਕ !'
'ਤੇ ਇਸ 'ਲੰਮੀ ਵਾਟ' ਦੇ
ਤੇਈ ਸਫ਼ੇ ਤੇ
ਇਹ ਜੋ ਤ੍ਰੀਮਤ ਤੁਕ
ਤੁਹਾਨੂੰ ਖਟਕਦੀ ਹੈ !
"ਪੁਲ ਕਦੇ ਵੀ ਪਾਣੀਆਂ ਦੀਆਂ
ਰੰਗਤਾਂ ਨਹੀਂ ਪਰਖਦੇ"
ਸੋਧ ਕੇ ਏਦਾਂ ਪੜ੍ਹੋ
ਖੜੇ ਖੜੋਤੇ ਪੁਲਾਂ ਨੂੰ
ਪਾਣੀਆਂ ਦੀਆਂ ਰੰਗਤਾਂ
ਪਰਖਣ ਤੋਂ ਬਿਨਾਂ ਹੁਣ
ਕੰਮ ਕਿਹੜਾ ਰਹਿ ਗਿਆ ?
ਗਲਤੀਆਂ ਦੀ ਸੋਧ ਪਿਛੋਂ
ਪੁਸਤਕ ਜੇ ਫੇਰ ਵੀ—
ਅਰਥ ਨਾਂ ਸਿਧੇ ਦਏ
ਤਾਂ ਇਹਦੇ : ਸਾਰੇ ਦੇ ਸਾਰੇ ਵਿਸ਼ੇਸ਼ਣ
ਅਲੰਕਾਰ ਤੇ ਇਸ਼ਤਿਆਰੋ ਕੁਟ ਕੇ
ਵਿਆਹੀ ਜਾਂਦੀ ਕੁੜੀ ਦੀ ਚੰਗੇਰ ਲਈ
ਗੋਲ੍ਹਿਆਂ ਵਿਚ ਢਾਲ ਦਿਓ !

o—o

(P.O. Box-41493 Nairobi—Kenya)

## ਗੁਲਾਬ/ਵਰਿੰਦਰ ਪ੍ਰੀਹਾਰ

ਨਾ ਖਿੜ ਅਜੇ ਇਸ ਬਾਗ਼ ਵਿਚ
ਹਾਲਾਤ ਅਜੇ ਚੰਗੇ ਨਹੀਂ

ਤੇਰੇ ਸ਼ਬਾਬ
ਤੇਰੇ ਜਲਵਿਆਂ ਨਾਲ
ਅੱਜ ਕੋਈ ਵੀ ਮੁਤਮਇਨ ਨਹੀਂ
ਹਾਲਾਤ ਅਜੇ ਚੰਗੇ ਨਹੀਂ

ਨਾ ਖਿੜ ਅਜੇ
ਠਹਿਰ ਜਾ
ਕੀ ਪਤਾ

ਸੋਚਦਾ ਸੋਚਦਾ
ਕੋਈ ਸ਼ਾਇਰ ਹੀ ਇਧਰ ਆ ਨਿਕਲੇ
ਸੂਹੇ ਤੇਰੇ ਰੰਗ ਵਿਚ
ਉਦਾਸ ਹਰਫ ਆਪਣੇ ਭੇਂ ਲਵੇ
ਜੋ ਨਹੀਂ ਕਹਿਣਾ ਚਾਹੀਦਾ
ਇਸ ਦੌਰ ਵਿਚ ਉਸ ਨੂੰ
ਉਹੀ ਗੱਲ ਉਹ ਸ਼ਰੇਆਮ ਕਹਿ ਦੇਵੇ
ਫਿਰ ਰਾਜੇ ਦੇ ਸਿਪਾਹੀਆਂ ਤੋਂ ਡਰਦਾ
ਸਾਰਾ ਇਲਜ਼ਾਮ ਤੇਰੇ ਸਿਰ ਧਰ ਦੇਵੇ

ਨਾ ਖਿੜ
ਠਹਿਰ ਜਾ
ਕੀ ਪਤਾ

ਬਿਲਖਦਾ ਬਿਲਖਦਾ
ਕੋਈ ਯਤੀਮ ਬੱਚਾ ਹੀ
ਏਧਰ ਆ ਨਿਕਲੇ

ਤੇਰੇ ਸੂਹੇ ਰੰਗ ਨੂੰ ਵੇਖ
ਆਪਣੇ ਮਾਂ ਬਾਪ ਦੇ
ਕਤਲ ਦਾ ਮੰਜ਼ਰ ਯਾਦ ਕਰ ਲਵੇ
ਨੱਸਦਾ ਨੱਸਦਾ
ਫਿਰ ਮੁਨਸਿਫ਼ ਦੇ ਕੋਲ ਜਾਵੇ



ਸਾਰਾ ਹਾਦਿਸਾ
ਹੂਬਹੂ ਬਿਆਨ ਕਰ ਦਵੇ
ਕੀ ਪਤਾ ਫਿਰ

ਖ਼ਫ਼ਾ ਹੋ ਕੇ
ਉਹਦੀ ਨਾਦਾਨੀ ਤੋਂ ਮੁਨਸਿਫ
ਉਸਨੂੰ ਫਾਂਸੀ ਹੀ ਲਾ ਦਵੇ

ਨਾ ਖਿੜ ਅਜੇ
ਐ ਗੁਲਾਬ
ਚਾਹੁੰਦਾ ਏਂ ਖ਼ੈਰ
ਤਾਂ ਟੁੱਟ ਜਾ ਡਾਲ੍ਹੀ ਤੋਂ
ਮਿੱਟੀ 'ਚ ਮਿਲ ਜਾ
ਜਾਂ ਪੱਤੀ ਪੱਤੀ ਹੋ ਕੇ
ਪਾਗਲ ਹਵਾ ਸੰਗ ਕਿਧਰੇ ਉੱਡ ਜਾ
ਖ਼ੁਦਕੁਸ਼ੀ ਕਰ
ਕੁਝ ਵੀ ਕਰ
ਪਰ ਨਾ ਖਿੜ ਅਜੇ ਇਸ ਬਾਗ ਵਿਚ

(I, Merton Road, Highfield southamption U. K.)

o—o

## ਗ਼ਜ਼ਲ/ਆਤਮ ਰੰਧਾਵਾ

ਉਹ ਮੇਰੇ ਹਾਲ ਤੋਂ ਬੇਖਬਰ ਨਹੀਂ ਹੈ
ਪਰ ਵੇਖਦਾ ਵੀ ਇਕ ਨਜ਼ਰ ਨਹੀਂ ਹੈ

ਕਦੀ ਖ਼ੁਆਬਾਂ ਵਿਚੋਂ, ਕਦੀ ਥੋੜਾਂ ਵਿੱਚ
ਬੰਦੇ ਦਾ ਮਨ ਕਦੀ ਸਥਿਰ ਨਹੀਂ ਹੈ

ਕਹਿਰ ਦਾ, ਜ਼ੁਲਮ ਦਾ, ਕੋਈ ਤੂਫਾਨ ਹੈ
ਉਸਦੇ ਤਾਂ ਧੜ੍ਹ ਉੱਤੇ ਸਿਰ ਨਹੀਂ ਹੈ

ਹਮੇਸ਼ ਬੰਦਾ ਪੇਸ਼ ਕਤਲਗਾਹ ਵਿੱਚ
ਰੋਜ ਕਤਲ ਹੁੰਦਾ, ਮੁਕਦਾ ਫਿਰ ਨਹੀਂ ਹੈ

ਪੱਥਰਾਂ ਦੇ ਸ਼ਹਿਰ ਵਿੱਚ ਪੱਥਰ ਨੇ ਸਭ
ਸ਼ਾਇਰਾਂ ਦਾ ਦਿਲ ਕਿਉਂ ਪੱਥਰ ਨਹੀਂ ਹੈ ?

## ਸਾਡੇ ਰਹਿਬਰ/ਗੁਰਨਾਮ ਢਿਲੋਂ

ਸਾਡੇ ਰਹਿਬਰ
ਕਿਤਨੇ ਅਣਖੀ !
ਕਿਤਨੇ ਦੂਲੇ !!
ਦੇਸ਼ ਦੇ ਸਾਂਝੇ ਸੁੱਚੇ ਦਿਲ ਨੂੰ
ਮੁਰਗੇ ਵਾਂਗੂੰ ਖਾ ਕੇ
ਇਸ ਦੀ ਸਾਂਝੀ ਤੱਤੀ ਰੱਤ ਨੂੰ
ਵਿਸਕੀ ਵਾਂਗੂੰ ਪੀ ਕੇ
ਮੁੱਛਾਂ ਨੂੰ ਵੱਟ ਦਿੰਦੇ,
ਸਾਹ ਨਾ ਲੈਂਦੇ
ਸਾਡੇ ਰਹਿਬਰ
ਕਿਤਨੇ ਰੱਜੇ !
ਕਿਤਨੇ ਪੁੱਜੇ !!
ਢਠੇ ਖੂਹ ਦੇ ਡੱਡੂਆਂ ਵਾਂਗੂੰ
ਬਿਹਬਲ, ਨਿਰਧਨ, ਨੰਨੀਆਂ ਮੱਛੀਆਂ
ਅਤੇ ਪੂੰਗ ਨੂੰ ਖਾਂਦੇ,
ਚਟਮ ਕਰ ਜਾਂਦੇ,
ਨਾ ਸ਼ਰਮਾਂਦੇ,
ਸਾਡੇ ਰਹਿਬਰ
ਕਿਤਨੇ ਦਾਨੇ !
ਕਿਤਨੇ ,ਦਰਦੀ !!
ਜਦ ਦਾਅ ਲੱਗੇ
ਦੇਸ਼ ਦੀ ਬੀਬੀ, ਬੱਗੀ ਦਾਹੜੀ
ਮੁੱਢੋਂ ਪੁੱਟਦੇ ।
ਖਿੜਨਹਾਰ, ਨਵ-ਉਗਦੇ ਫੁੱਲ ਤੇ ਕਲੀਆਂ
ਖੁਰੀਆਂ ਵਾਲੇ ਬੂਟਾਂ ਹੇਠ ਮਸਲ ਕੇ
ਪਾਕ-ਪਵਿਤਰ ਗੰਗਾ ਤੇ ਜਮਨਾ ਦੇ ਵਿਚ
ਜਾ ਸੁੱਟਦੇ ।
ਸਾਡੇ ਰਹਿਬਰ
ਕਿਤਨੇ ਮਾਹਰ !
ਕਿਤਨੇ ਸਾਊ !!



ਦੇਸ਼ ਦੀ ਕੋਮਲ ਹਿੱਕ ਦੇ ਉੱਤੇ
ਮੂੰਗੀ ਦਲਦੇ ।
ਇੱਕ ਦੂਜੇ ਨਾਲ ਜ਼ਿਦ ਕੇ
ਇਸ ਦੀਆਂ ਸੁੱਕੀਆਂ ਹੱਡੀਆਂ ਚੱਬਦੇ ।
ਇਸ ਦੀਆਂ ਲੱਤਾਂ, ਬਾਹਾਂ,
ਰੀੜ੍ਹ ਦੀ ਹੱਡੀ ਭੰਨਦੇ ।
ਇਸ ਦੇ ਉਜਲੇ ਮੂੰਹ ਤੇ
ਕਾਲਖ ਮਲਦੇ ।

ਸਾਡੇ ਰਹਿਬਰ
ਕਿਤਨੇ ਉੱਚੇ !
ਕਿਤਨੇ ਸੁੱਚੇ !!
ਭੋਲੇ ਭਾਲੇ, ਬੀਬੇ ਰਾਣੇ ।
ਕੱਲ੍ਹ ਬੱਗੇ,
ਅੱਜ ਭਗਵੇਂ, ਗੂੜ੍ਹੇ ਨੀਲੇ ਬਾਣੇ ।
ਢੋਲਾਂ ਵਰਗੇ ਢਿੱਡ ਇਹਨਾਂ ਦੇ
ਵਿਹਲੜ ਲਾਣੇ ।
ਵਿਸ਼ਵ ਬੈਂਕ ਦੀ ਚੰਦਰੀ, ਕੋਹੜੀ
ਛਾਵੇਂ ਬਹਿ ਕੇ
ਦੇਸ਼ ਦੇ ਹਿੰਮਤੀ ਹੱਥ ਨੂੰ ਹਨ ਵੱਢਦੇ ।
ਕੱਖ ਨਾ ਛੱਡਦੇ । —ਪੋਰਟਸਮਊਥ-ਯੂ.ਕੇ.

## ਪੁਸਤਕ ਪ੍ਰਾਪਤੀ

1. ਮਹਾਰਾਜਾ ਦਲੀਪ ਸਿੰਘ (ਮਹਾਂ-ਕਵਿ) ਬਲਿਹਾਰ ਸਿੰਘ ਰੰਧਾਵਾ (ਯੂ. ਕੇ. ਪੰਨਾ 224) ਮੁੱਲ 120/-
2. ਖ਼ਾਮੋਸ਼ੀ ਦੀ ਆਵਾਜ਼ (ਕਵਿਤਾ) ਅਮਰ ਜਿਉਤੀ ਮੁੱਲ 150/-ਪੰਨੇ 110 ਨਵ-ਯੁੱਗ ਦਿੱਲੀ ।
3. ਬੰਸੁਰੀ ਉਦਾਸ ਹੈ (ਕਵਿਤਾਂ) ਡਾ: ਰਵਿੰਦਰ, ਮੁੱਲ 125/-ਪੰਨੇ 104 ਲੋਕ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ।
4. ਲਹਿਰ ਲਹਿਰ ਸਾਹਿਲ (ਕਵਿਤਾ) ਪ੍ਰੇਮ ਸਾਹਿਲ, ਕਾਫਲੇ ਪ੍ਰਕਾਸ਼ਨ, ਚੰਡੀਗੜ੍ਹ ।
5, ਕਵਾਸੀ ਰੋਟੀ (ਸਿਮ੍ਰਿਤੀਆਂ) ਜਿੰਦਰ, ਮੁਕਤੀ ਪ੍ਰਕਾਸ਼ਨ-ਜਲੰਧਰ ।
6. ਸੂਰਜ ਡੁੱਬਣ ਤੋਂ ਬਾਅਦ (ਇਕਾਂਗੀ-ਨਾਟਕ) ਜੋਗੇ ਭੰਗਲ-ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ
7. ਅੱਥਰੂ ਤੇ ਅੰਗਿਆਰੇ (ਕਵਿਤਾ) ਸੋਹਣ ਸਿੰਘ ਕਲਿਆਣ ਪੰਜਾਬ ਸਾਹਿਤ ਕਲਾ ਕੇਂਦਰ ਨਕੋਦਰ ।

## ਗੁੱਡੀਆਂ ਪਟੋਲੇ/ਅਹਿਮਦ ਸਲੀਮ

ਗੁੱਡੋ ਮੇਰੇ ਜਰਨਾਲਿਸਟ ਸੱਜਣ ਨੂੰ ਦੱਸ ਰਹੀ ਸੀ,
'ਅੰਕਲ' ਮੇਰੀ ਗੁੱਡੀ ਅਣ ਵਿਆਹੀ ਹੀ ਮਰ ਗਈ।
ਪਹਿਲਾਂ ਆਸ਼ੀ ਦੇ ਗੁੱਡੇ ਨਾਲ ਉਹਦਾ ਵਿਆਹ ਹੋਣਾ ਸੀ.
ਜਦੋਂ ਪਤਾ ਲੱਗਾ ਉਹਦੇ ਗੁੱਡੇ ਨੂੰ ਏਡਜ਼ ਹੋ ਗਈ ਏ।
ਤਾਂ ਮੇਰਾ ਗੁੱਡੀ ਅਣ ਵਿਆਹੀ ਹੀ ਮਰ ਗਈ,

ਦੂਜੀ ਵਾਰੀ ਪੀਨੂੰ ਦਾ ਗੁੱਡਾ,
ਮੇਰੀ ਗੁੱਡੀ ਉੱਤੇ ਆਸ਼ਕ ਹੋ ਗਿਆ,
ਪੀਨੂੰ ਤੇ ਮੈਂ ਰੱਜ ਕੇ ਹੱਸੀਆਂ।
ਤੇ ਅਸਾਂ ਗੁੱਡੇ ਗੁੱਡੀ ਦਾ ਸਾਕ ਤੋੜ ਦਿੱਤਾ,
ਪਰ ਇਕ ਦਿਨ ਪੀਨੂੰ ਆਪਣਾ ਗੁੱਡਾ ਲੈ ਕੇ,
ਆਪਣੇ ਮੰਮੀ ਡੈਡੀ ਨਾਲ ਅਮਰੀਕਾ ਟੁਰ ਗਈ,
ਮੈਂ ਉਹਨੂੰ ਅਮਰੀਕੀ ਗੁੱਡੀ ਨਾਲ ਵਿਆਹਵਾਂਗੀ।
ਉਹਨੇ ਮੈਨੂੰ ਜਾਦਿਆਂ ਮਿਹਣਾ ਮਾਰਿਆ,

ਤੀਜੀ ਵਾਰੀ ਚੰਦਾ ਤੇ ਮੈਂ,
ਨੇਕ ਮਾਵਾਂ ਵਾਂਗਰ,
ਗੁੱਡੀ ਤੇ ਗੁੱਡੇ ਦੇ ਵਿਆਹ ਦੀ ਗੱਲ ਪੱਕੀ ਕੀਤੀ।
ਵਿਆਹ ਤੋਂ ਇਕ ਰਾਤ ਪਹਿਲਾਂ ਪਤਾ ਲੱਗਾ,
ਚੰਦਾ ਦੇ ਗੁੱਡੇ ਨੇ ਕੋਈ ਹੋਰ ਗੁੱਡੀ ਕੀਤੀ ਹੋਈ ਏ।
ਮੈਂ ਗੁੱਡੇ ਵਲੋਂ ਲਿਆਂਦੇ ਚੰਦਾ ਦੇ ਪਟੋਲੇ,
ਘਰੋਂ ਬਾਹਰ ਵਗਾਹ ਮਾਰੇ।
ਤੇ ਇੰਝ ਇਕ ਵਾਰ ਫੇਰ ਗੁੱਡੀ ਦਾ ਵਿਆਹ ਰਹਿ ਗਿਆ,

ਚੌਥੀ ਵਾਰੀ ਬੂਹੇ ਉੱਤੇ ਆਈ ਜੰਞ,
ਬਿਨਾਂ ਡੋਲੀ ਚੁੱਕੇ ਪਰਤ ਗਈ,
ਕਿਉਂ ਜੇ ਸਾਰੀ ਬਸਤੀ ਵਿਚ ਡਸਟ (ਘੱਟਾ)
ਤੇ ਸਮੋਕ (ਧੂੰਆਂ) ਕਾਰਨ,
ਮੇਰੀ ਗੁੱਡੀ ਦੇ ਫੇਫੜੇ ਗਲ ਗਏ ਸਨ।



ਤੇ ਉਹ ਫੁਲਾਂ ਵਾਲੀ ਸੇਜ ਉੱਤੇ,
ਖੰਘਦੀ ਖੰਘਦੀ ਮੂਧੀ ਹੋ ਗਈ।
ਮੈਂ ਤੇ ਨਾਜੋ ਉਹਨੂੰ ਰੋਂਦੀਆਂ ਅੱਖਾਂ ਨਾਲ,
ਆਪਣੀ ਗਲੀ ਦੇ ਪਿਛਵਾੜੇ ਮਿੱਟੀ ਵਿਚ ਦੱਬ ਦਿੱਤਾ।
ਤੇ ਛੇਤੀ ਈ ਆਪਣੇ ਹੰਝੂ ਪੂੰਝ ਲਏ,
ਹੁਣ ਡੈਡੀ ਬਾਹਰ ਜਾਂਦੇ ਨੇ।
ਤਾਂ ਮੈਂ ਆਖਦੀ ਆਂ,
ਮੈਨੂੰ ਗੁੱਡੀ ਨਹੀਂ ਚਾਹੀਦੀ
ਮੈਨੂੰ ਇਕ ਗੰਨ ਲਿਆ ਦਿਓ।

o—o

## ਬੈਂਤ/ਤਨਵੀਰ ਬੁਖਾਰੀ

ਛੱਟਾ ਲਫ਼ਜ਼ਾਂ ਦਾ ਦੇ ਕੇ ਕਾਗਜ਼ਾਂ ਤੇ
ਅਸਾਂ ਆਪਣਾ ਆਪ ਖਿਲਾਰ ਛੱਡਿਆ।
ਵੰਡ ਚੰਡ ਕੇ ਅਸੀਂ ਵਜੂਦ ਆਪਣਾ
ਗਲੋਂ ਲਾਹ ਹਯਾਤੀ ਦਾ ਭਾਰ ਛੱਡਿਆ।
ਹੈਸੀ ਕਿਣਕਾ ਕੁ ਮਿੱਟੀ ਦਾ ਕੋਲ ਸਾਡੇ
ਅਸਾਂ ਉਹ ਵੀ ਜੱਗ ਤੋਂ ਵਾਰ ਛੱਡਿਆ।
ਸਾਡਾ ਮੁਲ ਨਾ ਮੋੜਿਆ ਬੰਦਿਆਂ ਨੇ
ਅਸੀਂ ਰੱਬ ਤੇ ਚਾੜ੍ਹ ਹੁਧਾਰ ਛੱਡਿਆ।
ਰੋਣ ਧੋਣ ਦਾ ਨਹੀਂ ਸੀ ਕੋਈ ਫਾਇਦਾ
ਹੱਸ ਖੇਡ ਕੇ ਜੀਣ ਗੁਜ਼ਾਰ ਛੱਡਿਆ।
ਭਲਾ ਹੋਇਆ ਕਿ ਮੌਤ ਦਾ ਡਰ ਲੱਥਾ
ਸਾਨੂੰ ਜੀਊਂਦਿਆਂ ਜੀ ਉਸ ਮਾਰ ਛੱਡਿਆ।
ਲੱਥੀ ਦੇਸ ਵਿਚ ਇਕ ਬਲਾ, ਜੀਹਨੇ
ਬੇਜ਼ਰ ਤੇ ਨਾ ਜ਼ਰਦਾਰ ਛੱਡਿਆ।
ਹੂੰਝ ਕੂਚ ਕੇ ਚੱਟ ਕੇ ਰੜਾ ਕਰ ਗਈ
ਕਿਸੇ ਕੋਲ ਨਹੀਂ ਕੱਖ, ਸਰਕਾਰ ਛੱਡਿਆ।

(ਵਰ੍ਹੇਵਾਰ ਸਾਹਿਤ 1997 ਲਾਹੌਰ ਚੋਂ)

o—o

## ਨਜ਼ਮ/ਸਰਵਤ ਮਹੀਉਦੀਨ

ਜਿਹੜੇ ਪਲ ਤੇ ਘੜੀਆਂ ਸੱਭੇ
ਸੁਹਣੇ ਸੁਪਨਿਆਂ ਵਾਂਗੂ ਲੱਗੇ
ਜਾਗਦੀਆਂ ਅੱਖੀਆਂ ਨੇ ਤੱਕੇ
ਫੇਰ ਉਹ ਇਕ ਇਕ ਕਰਕੇ ਸੱਭੇ
ਹੌਲੀ ਹੌਲੀ ਇੰਜੇ ਟੁਟੇ
ਨਾ ਕੋਈ ਸ਼ੋਰ-ਸ਼ਰਾਬਾ ਹੋਇਆ
ਨਾ ਤੂਫਾਨ ਹਨੇਰੀਆਂ ਚੱਲੇ
ਨਾ ਕੋਈ ਐਡੇ ਝੱਖੜ ਝੁੱਲੇ
ਨਾ ਕੋਈ ਬਿਜਲੀਆਂ ਬੋਲ ਕੜਕੇ
ਨਾ ਹੀ ਛੰਮ ਛੰਮ ਵਰ੍ਹਿਆ ਪਾਣੀ
ਚੁਪ-ਚਪੀਤੇ
ਅੰਦਰੋਂ ਅੰਦਰੀ
ਤੀਰ ਕਲੇਜੇ ਅੰਦਰ ਵੱਜੇ
ਇਕ ਇਕ ਕਰਕੇ ਪਟਤਾਂ ਸੱਭੇ
ਖੁਲ੍ਹਦੀਆਂ ਗਈਆਂ ਅੱਖੀਆਂ ਅੱਗੇ

o—o

## ਗ਼ਜ਼ਲ/ਤਜੱਮਲ ਕਲੀਮ

ਅੱਖ ਖੋਲ੍ਹੀ ਤੇ ਦੁਖਾਂ ਦੇ ਜਾਲ ਵੇਖੇ
ਉੱਤੋਂ ਹੰਢਦੇ ਜਿੰਦੜੀ ਨਾਲ ਵੇਖੇ
ਇੱਕ ਇੱਕ ਦਿਹੁੰ ਸੀ ਹਿਜਰ ਦੇ ਸਾਲ ਵਰਗਾ
ਅਸੀਂ ਦਿਹੁੰ ਨਹੀਂ ਸਾਲਾਂ ਦੇ ਸਾਲ ਵੇਖੇ

ਤੂੰ ਤਾਂ ਕੀੜੇ ਦੇ ਰਿਜ਼ਕ ਦੀ ਸੋਚ ਬੈਠਾ
ਅਸੀਂ ਕੱਖਾਂ ਤੋਂ ਵਿਲਕਦੇ ਬਾਲ ਵੇਖੇ
ਮੈਂ ਤੇ ਨੱਚਿਆ ਜੱਗ ਦੇ ਸੁੱਖ ਪਾਰੋਂ
ਸੱਦ ਬੁੱਲ੍ਹੇ ਨੂੰ ਮੇਰੀ ਧੱਮਾਲ ਵੇਖੇ

ਅਸੀਂ ਵੇਖਿਆ ਖ਼ੂਨ ਦਾ ਰੰਗ ਚਿੱਟਾ
ਅਸੀਂ ਫੁਲ ਕਪਾਹਾਂ ਦੇ ਲਾਲ ਵੇਖੇ
ਏਸ ਝੱਲੇ 'ਕਲੀਮ' ਨੂੰ ਰੋਕ ਯਾਰਾ
ਇਹਨੂੰ ਆਖ ਸੂ ਵੇਲੇ ਦੀ ਚਾਲ ਵੇਖੇ।

o—o





## ਨਵ ਕਿਰਨ

'ਵਾ ਦਾ ਬੁੱਲਾ ਬੁੱਲਾ ਜੁੜਕੇ ਐਸਾ ਝੱਖੜ ਆਵੇਗਾ।
ਹਰ ਸਿੰਬਲ ਦੇ ਬਿਰਛ ਨੂੰ ਜਿਹੜਾ ਜੜ੍ਹ ਤੋਂ ਪੁੱਟ ਵਗ੍ਹਾਵੇਗਾ।

ਕੋਇਆਂ ਵਿਚੋਂ ਪਾਣੀ ਜਿਹੜਾ ਸਹਿਜੇ ਸਹਿਜੇ ਸਰਕ ਰਿਹੈ
ਛੇਕੜ ਇੱਕ ਦਿਨ ਬੱਦਲ ਬਣਕੇ ਪਿੰਡ ਤਿਰੇ ਵਰ੍ਹ ਜਾਵੇਗਾ।

ਬੋੜੇ ਖੂਹ ਦੀ ਮਣ 'ਤੇ ਜਿਹੜਾ ਜਲ ਦੀ ਝਾਕ 'ਚ ਬੈਠਾ ਹੈ
ਬਿਨ ਡੋਲੋਂ ਤੇ ਰੱਸੇ ਬਾਝੋਂ ਮਨ ਦਾ ਜੋਸ਼ ਗੁਆਵੇਗਾ।

ਸਿਖ਼ਰ ਦੁਪਹਿਰਾਂ ਸੂਰਜ ਸਿਰ 'ਤੇ ਅੱਗਾਂ ਖੇਲ ਰਚਾਇਆ ਹੈ
ਕੰਧਾਂ ਦੇ ਪਰਛਾਵੇਂ ਥੱਲੇ ਕਿੰਝ ਖਲੋਇਆ ਜਾਵੇਗਾ ?

ਸੁੰਞ-ਮ-ਸੁੰਞੇ ਖੰਡਰ ਉੱਚੇ ਕਿਸ ਨੂੰ ਬੋਲ ਸੁਣਾਵਾਂ ਮੈਂ
ਬੋਲ ਮਿਰਾ ਤਾਂ ਟੱਕਰਾਂ ਖਾਕੇ ਵਾਪਿਸ ਹੀ ਮੁੜ ਆਵੇਗਾ।

ਆਉ ਨਕਸ਼ ਸਜਾਈਏ ਇਹਦੇ, ਜੀਭਾਂ ਦੇਈਏ ਮਿੱਟੀ ਨੂੰ
ਸੂਰਜ, ਧੁੱਪਾਂ ਨਾਲ ਨਹਾਕੇ ਇਹਦਾ ਰੂਪ ਸਜਾਵੇਗਾ।

ਵਕਤ ਖੁੰਝਾ ਕੇ ਨੀਰ ਵਹਾ ਕੇ ਕੀ ਬਣਿਐ, ਕੀ ਬਣਨਾ ਹੈ।
ਹਰਕਤ ਸਦਕਾ ਮੌਸਮ ਵੇਖੀਂ ਕਿੱਦਾਂ ਰੰਗ ਵਟਾਵੇਗਾ।

o—o

## ਬਰਜਿੰਦਰ ਚੌਹਾਨ

ਇਸ ਸਫ਼ਰ ਦਾ ਅੰਤ ਕਿਧਰੇ ਵੀ ਨਜ਼ਰ ਆਉਂਦਾ ਨਹੀਂ।
ਮੈਂ ਨਿਰੰਤਰ ਤੁਰ ਰਿਹਾ ਹਾਂ, ਫਿਰ ਵੀ ਘਰ ਆਉਂਦਾ ਨਹੀਂ।

ਰਾਤ ਨੂੰ ਮੈਂ ਰਾਤ ਆਖਾਂ, ਇਹ ਨਹੀਂ ਉਸ ਨੂੰ ਕਬੂਲ,
ਰਾਤ ਨੂੰ ਦਿਨ ਕਹਿਣ ਦਾ, ਮੈਨੂੰ ਹੁਨਰ ਆਉਂਦਾ ਨਹੀਂ।

ਕੋਈ ਥੋੜ੍ਹਾ ਕੋਈ ਬਹੁਤਾ ਤਿੜਕਿਆ ਹੋਇਆ ਦਿਸੇ,
ਸ਼ਖ਼ਸ਼ ਕੋਈ ਸਾਬਤਾ ਏਥੇ ਨਜ਼ਰ ਆਉਂਦਾ ਨਹੀਂ।

ਖ਼ਾਹਿਸ਼ਾਂ ਦਾ ਭਾਰ ਸਿਰ 'ਤੇ ਹਰ ਸਮੇਂ ਚੁੱਕੀ ਫਿਰੇ
ਆਦਮੀ ਦਾ ਆਖਰੀ ਜਦ ਤਕ ਸਫ਼ਰ ਆਉਂਦਾ ਨਹੀਂ।

ਸੁਫ਼ਨਿਆਂ ਅੰਦਰ ਤਾਂ ਭਾਵੇਂ ਹੈ ਅਜੇ ਉਹ ਦਾ ਦਖ਼ਲ,
ਜ਼ਿਕਰ ਉਸ ਦਾ ਹੁਣ ਮਿਰੇ ਸ਼ਿਅਰਾਂ 'ਚ ਪਰ ਆਉਂਦਾ ਨਹੀਂ।

ਮੰਨਿਆ ਮੈਂ ਹਾਂ ਅਜੇ ਤੀਕਰ ਗ਼ਜ਼ਲ ਅੰਦਰ ਸਿਫ਼ਰ,
ਪਰ, ਕਿਵੇਂ ਗਿਣਤੀ ਕਰੋਗੇ ਜੇ ਸਿਫ਼ਰ ਆਉਂਦਾ ਨਹੀਂ।

o—o

## ਕੇਸਰ ਸਿੰਘ 'ਨੀਰ'

### (1)

ਬੜਾ ਹੀ ਦਿਲ-ਦੁਖਾਣਾ ਹੈ, ਮਿਰੇ ਪਰਵਾਸ ਦਾ ਮੌਸਮ।
ਨਹੀਂ ਕਿਧਰੇ ਨਜ਼ਰ ਆਉਂਦਾ, ਕਿਸੇ ਵਿਸ਼ਵਾਸ ਦਾ ਮੌਸਮ।

ਨ ਕਿਧਰੇ ਨਿੱਘ ਪਿਆਰਾਂ ਦਾ, ਨ ਕਿਧਰੇ ਸਾਂਝ ਰੂਹਾਂ ਦੀ:
ਨ ਲਗੇ ਦਿਲ ਮਿਰਾ ਏਥੇ, ਨ ਕੋਈ ਆਸ ਦਾ ਮੌਸਮ।

ਨ ਘਰ ਇਹ ਆਪਣਾ ਜਾਪੇ, ਨ ਏਥੋਂ ਦੇਸ਼ ਮੁੜ ਹੋਵੇ,
ਰਹੇ ਕੋਂਹਦਾ ਦਿਨੇ ਰਾਤੀਂ, ਇਸੇ ਅਹਿਸਾਸ ਦਾ ਮੌਸਮ।

ਰਹਾਂ ਏਥੇ, ਰਹੇ ਨਾ ਸੋਚ ਪਰ ਏਥੇ ਕਦੇ ਮੇਰੀ,
ਦਿਨੇ ਰਾਤੀਂ ਸਦਾ ਭੋਗਾਂ, ਕਿਸੇ ਬਨਵਾਸ ਦਾ ਮੌਸਮ,

ਇਸੇ ਹੀ ਆਸ ਦਾ, ਵਿਸ਼ਵਾਸ ਦਿੰਦਾ ਹਾਂ ਸਦਾ ਦਿਲ ਨੂੰ,
ਕਿ ਆਵੇਗਾ ਕਦੇ ਤਾਂ ਐ ਦਿਲਾ ਧਰਵਾਸ ਦਾ ਮੌਸਮ।

### (2)

ਦੇਖਦਾ ਹਾਂ ਜ਼ਿੰਦਗੀ ਤੋਂ ਜ਼ਿੰਦਗੀ ਦਾ ਫਾਸਲਾ।
ਹੋ ਰਿਹਾ ਏ ਆਦਮੀ ਤੋਂ ਆਦਮੀ ਦਾ ਫਾਸਲਾ।

ਆਦਮੀ ਦੀ ਅਕਲ ਨੇ ਤਾਂ ਨੇੜ ਕੀਤਾ ਦੂਰ ਨੂੰ,
ਹੋਰ ਹੋਇਆ ਬੇਖ਼ੁਦੀ ਤੋਂ ਹੈ ਖ਼ੁਦੀ ਦਾ ਫ਼ਾਸਲਾ।

ਦੌਰ ਕੈਸਾ ਰਾਕਟਾਂ ਤੇ ਐਟਮਾਂ ਦਾ ਆ ਗਿਆ,
ਹੋ ਗਿਆ ਏ ਰਾਗਣੀ ਤੋਂ ਬੰਸਰੀ ਦਾ ਫ਼ਾਸਲਾ।

ਬੀਤਿਆ ਏ ਦੌਰ ਰਾਂਝੇ, ਹੀਰ ਵਾਲਾ ਦੋਸਤੋ,
ਦੇਖਦਾ ਹਾਂ ਆਸ਼ਕੀ ਤੋਂ ਆਸ਼ਕੀ ਦਾ ਫ਼ਾਸਲਾ।

ਸ਼ਾਇਰ ਨੂੰ ਵੀ ਸਮਝ ਆਉਂਦੀ ਨਹੀਂ ਹੈ ਸ਼ਾਇਰੀ,
ਹੋ ਗਿਆ ਏ ਸ਼ਾਇਰੀ ਤੋਂ ਸ਼ਾਟਿਰੀ ਦਾ ਫਾਸਲਾ।

ਏਸ ਨੂੰ ਵੀ ਤਾਂ ਜ਼ਮਾਨੇ ਦੀ ਤਰੱਕੀ ਹੀ ਕਹੋ,
ਹੋ ਗਿਆ ਏ ਦੋਸਤੀ ਤੋਂ ਦੋਸਤੀ ਦਾ ਫ਼ਾਸਲਾ।

(ਕੈਲਗਰੀ, ਕੈਨੇਡਾ

o—o





ਕੰਧਾਂ ਵਿਚ ਦਰਵਾੜਾਂ ਦਾ ਸਿਰਨਾਵਾਂ ਸਾਂਭੀ ਬੈਠੀ ਨੇ।
ਚੰਦ ਕੁ ਬੰਦੇ ਇੰਜ ਦੀਆਂ ਕਿਰਿਆਵਾਂ ਸਾਂਭੀ ਬੈਠੇ ਨੇ।

ਚੋਰੀ ਦੇ ਕੁਝ ਖੰਭ ਲਗਾ ਕੇ ਉਡਦੇ ਫਿਰਦੇ 'ਵਾਵਾਂ ਵਿਚ,
ਹੱਕਾਂ ਖਾਤਰ ਲੜਦੇ ਭੱਜੀਆਂ ਬਾਹਵਾਂ ਸਾਂਭੀ ਬੈਠੇ ਨੇ।

ਧੁੰਦ ਤੋਂ ਮਗਰੋਂ ਧੁੱਪ ਵੇਖਾਂਗੇ ਏਸ ਤਰ੍ਹਾਂ ਦੀਆਂ ਆਸਾਂ ਤੋਂ,
ਸਰਦੀ ਮਾਰੇ ਲੋਕੀਂ ਕਿੰਨੀਆਂ ਚਾਵਾਂ ਸਾਂਭੀ ਬੈਠੇ ਨੇ।

ਇਕ ਦੂਜੇ ਤੋਂ ਅੱਗੇ ਅੱਗੇ ਲੱਗੀ ਦੌੜ ਵਿਚਾਰਾਂ ਦੀ,
ਕੁਝ ਤਜਰਬੇ ਵਾਪਰੀਆਂ ਘਟਨਾਵਾਂ ਸਾਂਭੀ ਬੈਠੇ ਨੇ।

ਹਰ ਪੱਤੇ ਤੇ ਗੂੜ੍ਹਾ ਕਰਕੇ ਆਪਣਾ ਨਾਂ ਲਿਖਵਾਉਣ ਲਈ,
ਸ਼ਾਇਰ ਲਿਖਕੇ ਕਲੀਆਂ ਤੇ ਰਚਨਾਵਾਂ ਸਾਂਭੀ ਬੈਠੇ ਨੇ।

ਦਰਿਆਵਾਂ ਦੇ ਵਹਿਣਾਂ ਨੂੰ, ਨਾ ਲੋੜ ਕੋਈ ਵੀ ਰਾਹਵਾਂ ਦੀ,
ਵਗਦੇ ਦਰਿਆਵਾਂ ਦੇ ਨਕਸ਼ੇ ਰਾਹਵਾਂ ਸਾਂਭੀ ਬੈਠੇ ਨੇ।

ਡੰਗਿਆ ਹੋਇਆ ਉਹਨਾਂ ਦਾ ਨਾ ਪਾਣੀ ਤੱਕ ਵੀ ਮੰਗ ਸਕੇ,
ਏਦਾਂ ਦੇ ਕੁਝ ਵਾਅਦੇ ਸ਼ੋਖ ਅਦਾਵਾਂ ਸਾਂਭੀ ਬੈਠੇ ਨੇ।

ਕੂੜ ਫਿਰੇ ਪਰਧਾਨ ਵੇ ਲਾਲੋ ਭਾਵੇਂ ਸਾਰੇ ਆਖ ਰਹੇ,
ਸੱਚ ਸਮੇਂ ਦਾ ਲੋਕੀਂ ਟਾਵਾਂ ਟਾਵਾਂ ਸਾਂਭੀ ਬੈਠੇ ਨੇ।

ਜਦ ਵੀ ਚਿੱਤ ਕਰੇ ਉਹ ਜਿਥੇ ਚਾਨਣ, ਨੂਰ ਵਿਛਾ ਦੇਵਣ,
ਕਾਲੇ ਕਾਲੇ ਬੱਦਲ ਘੋਰ ਘਟਾਵਾਂ ਸਾਂਭੀ ਬੈਠੇ ਨੇ।

ਲੋੜਵੰਦ ਲੋੜੀਂਦੀਆਂ ਧੁੱਪਾਂ ਵਾਵਾਂ ਤੋਂ ਵੀ ਵੰਚਿਤ ਹਨ,
ਬੇ-ਲੋੜੇ ਹੀ ਸਾਰੀਆਂ ਧੁੱਪਾਂ, ਛਾਵਾਂ ਸਾਂਭੀ ਬੈਠੇ ਨੇ।

ਤੇਰੇ ਵਰਗੇ 'ਸਾਜਨ' ਵੇਖੇ ਵਿਰਵੇ ਸਭ ਇਛਾਵਾਂ ਤੋਂ,
ਦੂਜੇ ਲੋਕੀਂ ਐਵੇਂ ਆ ਕੇ ਥਾਵਾਂ ਸਾਂਭੀ ਬੈਠੇ ਨੇ।

(ਪੱਤੜ ਕਲਾਂ—ਜਲੰਧਰ)

### ਮਹਾਂਬੀਰ ਸਿੰਘ ਦਰਦੀ

ਦਿਲਾਂ ਵਿਚ ਦੀਪ ਸਾਂਝਾਂ ਦੇ ਜਗਾਓ, ਰਾਤ ਲੰਮੀ ਹੈ
ਨਿਗਾਹ ਵਿਚ ਰਾਂਗਲੇ ਸੁਪਨੇ ਸਜਾਓ, ਰਾਤ ਲੰਮੀ ਹੈ
ਗਮਾਂ ਦਾ ਬੋਝ ਸਭ ਮਿਲ ਕੇ ਉਠਾਓ, ਰਾਤ ਲੰਮੀ ਹੈ
ਮੁਸੱਰਤ ਦੇ ਗੁਲਾਬੋ ! ਮੁਸਕਰਾਓ, ਰਾਤ ਲੰਮੀ ਹੈ
ਅਜੇ ਤੀਕਰ ਖ਼ਿਜ਼ਾਂ ਅੰਦਰ ਜਰੀਏ ਦਰਦ ਦੇ ਸਦਮੇਂ
ਖ਼ਿਜ਼ਾਂ ਗੁਜ਼ਰੇ, ਬਹਾਰਾਂ ਨੂੰ ਬੁਲਾਓ, ਰਾਤ ਲੰਮੀ ਹੈ
ਕਦੇ ਹਾਲਾਤ ਦੀ ਤਲਖੀ ਘਟਾਉਂਦੇ ਜਾਮ ਨਾ ਰਿੰਦੋ
ਨਸ਼ੇ ਵਿਚ ਸੂਝ ਦਾ ਚਾਨਣ ਮਿਲਾਓ, ਰਾਤ ਲੰਮੀ ਹੈ
ਚਿਰਾਂ ਦੇ ਆਸਵੰਦਾਂ ਨੂੰ ਕਿਤੇ ਇਨਸਾਫ ਮਿਲ ਜਾਏ
ਨਿਆਂਸ਼ਾਲਾ ਦੇ ਮੁਨਸਫ਼ ਨੂੰ ਜਗਾਓ, ਰਾਤ ਲੰਮੀ ਹੈ
ਜਰੂਰਤ ਹੈ ਸਮੇਂ ਦੀ ਇਹ ਬਹਾਰਾਂ ਨੂੰ ਉਡੀਕਦਿਓ
ਚਮਨ ਨੂੰ ਖ਼ੂਨ ਦੇਵੋ, ਫੂਲ ਖਿੜਾਓ, ਰਾਤ ਲੰਮੀ ਹੈ
ਪਦਾਰਥਵਾਦ ਦੇ ਚਾਨਣ 'ਚ ਆਦਮ ਹੋ ਗਿਆ ਅੰਨ੍ਹਾਂ
ਕਿ ਟੁਟਦੇ ਮਾਨਵੀ ਰਿਸ਼ਤੇ ਬਚਾਓ, ਰਾਤ ਲੰਮੀ ਹੈ
ਅਜੇ ਮੁਕਦੀ ਨਹੀਂ ਲਗਦੀ, ਕਥਾ ਜਨ-ਪੀੜ ਦੀ ਯਾਰੋ
ਘਟੇ ਕੁਝ ਤਾਂ ਹਨੇਰਾ, ਦਿਲ ਜਲਾਓ, ਰਾਤ ਲੰਮੀ ਹੈ

### ਕਸ਼ਮੀਰ ਨੀਰ

ਜੋ ਕਿਸੇ ਤਰਤੀਬ ਵਿਚ ਅਸਮਾਨ ਤੇ ਲਗ ਜਾਣ ਤਾਰੇ
ਖਿੱਤੀਆਂ ਲੋਂਧੇ ਤਰੰਗੜ ਨਾਮ ਉਹ ਸਦਵਾਣ ਤਾਰੇ
ਬਹੁਤ ਬੇ-ਤਰਤੀਬ ਜੋ ਬਿਖਰੇ ਪਏ ਉਹ ਉਮਰ ਭਰ ਤਕ
ਨਾਂ ਨਹੀਂ ਤੇ ਨਾ ਸਕੇ ਕੋਈ ਬਣਾ ਪਹਿਚਾਣ ਤਾਰੇ
ਸਮਝ ਨਾ ਮੈਨੂੰ ਕਦੇ ਆਈ ਕਿਵੇਂ ਬੁਧ ਵੀਰ ਸ਼ੁਕਰ
ਆਦਮੀ ਦੀ ਜ਼ਿੰਦਗੀ ਵਿਚ ਪਾ ਸਕਣ ਘਮਸਾਨ ਤਾਰੇ
ਸੁਹਣੀਆ ਚੀਜ਼ਾਂ, ਜਿਨ੍ਹਾਂ ਤੋਂ ਲੱਗਦੀ ਦੁਨੀਆਂ ਪਿਆਰੀ
ਸਾਰੀਆਂ ਉਹ ਆਪਣੇ ਨੈਣਾਂ ਵਿਚੋਂ ਲਿਸ਼ਕਾਣ ਤਾਰੇ।
ਵੱਧ ਗਏ ਤੇ ਘਟ ਗਏ ਕਿੰਨੇ ਕੁ ਉੱਘੜ ਦੁਘੜੇ ਇਹ
ਕਿਸ ਤਰ੍ਹਾਂ ਰਖਦਾ ਹੋਏਗਾ ਸਾਬ੍ਹ ਵਿਚ ਅਸਮਾਨ ਤਾਰੇ
ਇਕ ਜਵਾਲਾ ਦਿਲ 'ਚ ਉਹਨਾਂ ਦੇ ਪਵਿੱਤਰ ਜਲ ਰਹੀ ਸੀ
ਜਿਸ ਲਈ ਉਹ ਅੱਖੀਆਂ ਦੇ ਕਰ ਗਏ ਕੁਰਬਾਨ ਤਾਰੇ
ਸਾਥ ਨਾ ਕੋਈ ਕਿਰਨ ਦੇਵੇ ਕਿਸੇ ਜਦ ਰੋਸ਼ਨੀ ਦੀ
ਆਸ ਦੀ ਇਕ ਲੋ ਜਿਹੀ ਰੁਖ਼ਸਾਰ ਤੇ ਚਮਕਾਣ ਤਾਰੇ।

—ਅਫ਼ਜ਼ਲਗੜ੍ਹ (ਬਿਜਨੌਰ) ਯੂ.ਪੀ



### ਗੁਰਦੀਪ

**1.**

ਜਿਸ ਥਲਾਂ ਵਿਚ ਚੰਦ ਤਾਰੇ ਹੋਣਗੇ
ਨੂਰ ਵੀ ਉਸਦੇ ਪਿਆਰੇ ਹੋਣਗੇ
ਸਾਗਰਾਂ ਦੀ ਇੱਕ ਸਾਂਝੀ ਹੋਂਦ ਹੈ
ਵੱਖਰੇ ਭਾਵੇਂ ਕਿਨਾਰੇ ਹੋਣਗੇ
ਇਸ ਸ਼ਹਿਰ ਵਿਚ ਜੋ ਤੁਰੇਗਾ ਮਟਕ ਕੇ
ਉਸਨੂੰ ਸਦਮੇ ਬਹੁਤ ਸਾਰੇ ਹੋਣਗੇ
ਜ਼ਖਮ ਅਸ਼ਕਾਂ ਨਾਲ ਧੋਣੇ ਪੈ ਗਏ
ਜਾਣਦਾ ਸੀ ਮੈਂ ਇਹ ਖਾਰੇ ਹੋਣਗੇ
ਜਿੱਤ ਆਏ ਜੋ ਮਸ਼ੀਨਾਂ ਦਾ ਚਲਨ
ਆਪਣੀ ਪਹਿਚਾਣ ਹਾਰੇ ਹੋਣਗੇ
ਇਸਨੂੰ ਸ਼ਬਨਮ ਦੀ ਨਜ਼ਰ ਦੇ ਨਾਲ ਵੇਖ
ਰੰਗ ਦੇ ਰੂਹ ਦੇ ਨਜ਼ਾਰੇ ਹੋਣਗੇ ।
ਧੜਕਣਾਂ ਵਿਚ ਜਿੰਦ ਲਪੇਟੀ ਹੈ ਖਲਸ਼
ਰੰਗ ਵੀ ਉਸੇ ਖਿਲਾਰੇ ਹੋਣਗੇ
ਕਰ ਲਵੋ ਦਿਲ ਨਾਲ ਉਸ ਉਤੇ ਯਕੀਨ
ਲਾਰਿਆਂ ਵਰਗੇ ਹੀ ਲਾਰੇ ਹੋਣਗੇ
ਜੋ ਮਨਾਉਂਦੇ ਜ਼ਸ਼ਨ ਖ਼ੁਵਾਬਾਂ ਵਿਚ ਰਹੇ
ਹਾਂ, ਉਹੀ ਕਿਸਮਤ ਦੇ ਮਾਰੇ ਹੋਣਗੇ ।

o—o

**2.**

ਦਰਦ ਦੇ ਨੁਕਤਾ ਨਜ਼ਰ ਤੋਂ ਲੱਖ ਦੇਖੀ ਦੋਸਤੀ
ਹਰ ਜਫਾ ਤੇਰੀ ਹਮੇਸ਼ਾਂ ਮੁਸਕਰਾਉਂਦੀ ਹੀ ਮਿਲੀ
ਹੰਝੂਆਂ ਨੇ ਜੋ ਕਿਹਾ ਹੁਣ ਤਕ ਸਿਰਫ ਏਨਾ ਕਿਹਾ
ਗੱਲ ਕਰਨੀ ਬਹੁਤ ਮੁਸ਼ਕਲ ਜਾਪਦੀ ਹੈ ਦਰਦ ਦੀ
ਯਾਦ ਵਿਚ ਸ਼ਿਕਵੇ ਗਿਲੇ ਦੀ, ਥਾਂ ਨਹੀਂ ਕੋਈ ਕਿਤੇ
ਇਸ ਦੇ ਦਾਮਨ ਵਿਚ ਭਾਵੇਂ ਰੰਜ ਹੈ ਭਾਵੇਂ ਖੁਸ਼ੀ
ਬੇਰੁਖੀ ਵੀ ਬਣ ਗਈ ਬੇਸਬਰੀ ਵੀ ਹੋ ਗਈ
ਆਪਣੇ ਆਪੇ ਤੋਂ ਬਾਹਰ ਆਉਣ ਦੀ ਮੁਸ਼ਕਲ ਜਿਹੀ
ਏਸ ਦਿਲ ਵਰਗੀ ਰਹੀ ਕੁਝ ਸ਼ਾਮ ਦੀ ਹਾਲਤ ਬਣੀ
ਦੇਰ ਤਕ ਧੁਖਦੀ ਰਹੀ ਜਗਦੇ ਪਲਾਂ ਦੀ ਦਿਲਕਸ਼ੀ ।

o—o

## ਜੜ੍ਹ/ਸ਼ਬਦੀਸ਼

ਦਰਵਾਜ਼ਾ ਖੁੱਲ੍ਹਦਾ ਹੈ ।

ਹੌਲਦਾਰ ਉਸ ਵੱਲ ਸਾਫਾ ਵਧਾਉਂਦਾ ਹੈ ।

ਉਹ ਫੜ ਲੈਂਦਾ ਹੈ, ਸੋਚਦਾ ਹੈ, ਪਰ ਸਮਝ ਨਹੀਂ ਆਉਂਦੀ ।

"ਇਹਨੂੰ ਕੁਲੱਗਦੇ ਨੂੰ ਸਿਰ 'ਤੇ ਵਲੇਟ ਲੈ ।"

ਉਹ ਸਮਝ ਜਾਂਦਾ ਹੈ, ਸਾਫਾ ਬੰਨ੍ਹ ਲੈਂਦਾ ਹੈ ।

ਹੱਥਕੜੀ ਛਣਕਦੀ ਹੈ ।

ਉਹ ਬਾਂਹ ਅੱਗੇ ਵਧਾਉਂਦਾ ਹੈ ।

ਤੁਰਨ ਦਾ ਇਸ਼ਾਰਾ ਹੁੰਦਾ ਹੈ । ਉਹ ਬਿਨਾ ਉਜਰ ਕੀਤੇ ਤੁਰ ਪੈਂਦਾ ਹੈ । ਉਹਨਾਂ ਬਾਰੇ ਸੋਚਦਾ ਹੈ, ਜਿਨ੍ਹਾਂ ਨੇ ਉਜਰ ਕੀਤਾ ਸੀ । ਉਹਨਾਂ ਨੇ ਨਾਅਰੇ ਲਾਏ ਸਨ, ਗੰਦੀਆਂ ਗਾਲ੍ਹਾਂ ਦੀ ਵਰਖਾ ਕੀਤੀ ਸੀ, ਚੀਕ-ਚਿਹਾੜਾ ਮਚਾਇਆ ਸੀ, ਲਿਲਕੜੀਆਂ ਕੱਢੀਆਂ ਸਨ । ਉਹਨਾਂ ਦੀਆਂ ਅੱਖਾਂ 'ਚ ਮਾਣ ਸੀ, ਸੁਪਨਾ ਸੀ, ਮੌਤ ਦਾ ਖ਼ੌਫ ਸੀ, ਜੀਣ ਦੀ ਇੱਛਾ ਸੀ ਜਾਂ ਸਾਰੇ ਕੁਝ ਦਾ ਰਲਵਾਂ ਜਿਹਾ ਕੋਈ ਭਾਵ ਸੀ ।

ਉਸਨੂੰ ਖੜੀਆਂ ਜੀਪਾਂ 'ਚੋਂ ਇੱਕ ਵਿੱਚ ਬਿਠਾਇਆ ਗਿਆ ਹੈ । ਤੇ ਉਸ ਦੀਆਂ ਅੱਖਾਂ 'ਤੇ ਕਾਲੀ ਪੱਟੀ ਬੰਨ੍ਹ ਦਿੱਤੀ ਗਈ ਹੈ ।

ਜੀਪਾਂ ਤੁਰ ਪਈਆਂ ਹਨ ।

ਜੀਪ ਦੇ ਅੰਦਰ-ਬਾਹਰ ਹਨੇਰਾ ਦੌੜੀ ਜਾ ਰਿਹਾ ਹੈ । ਉਹ ਹਨੇਰੇ 'ਚ ਘਿਰਿਆ ਸੋਚਦਾ ਹੈ, ਮੇਰੀਆਂ ਅੱਖਾਂ 'ਤੇ ਕਾਲੀ ਪੱਟੀ ਕਿਉਂ ਹੈ ? ਕੋਈ ਜਵਾਬ ਨਹੀਂ ਹੈ । ਇਸ ਨੇ ਵਾਰ-ਵਾਰ ਸੋਚਿਆ ਹੈ । ਉਸਨੂੰ ਸਮਝ ਨਹੀਂ ਆ ਰਹੀ ।

'ਮੈਂ ਕਾਲੀ ਪੱਟੀ ਹੇਠਾਂ ਕਿਹੋ ਜਿਹਾ ਲਗਦਾ ਹੋਵਾਂਗਾ ?'

ਸੰਘਣੇ ਹਨੇਰੇ 'ਚੋਂ ਇੱਕ ਚਿਹਰਾ ਚਮਕਿਆ ਹੈ ।

ਕੋਈ ਬਾਗੀ ਨੌਜਵਾਨ ਹੈ । ਪਿਸਤੌਲ ਦਾ ਨਿਸ਼ਾਨਾ ਬੰਨ੍ਹਣਾ ਸਿੱਖ ਰਿਹਾ ਹੈ । ਸਿਖਾ ਰਹੇ ਬਾਪ ਨੇ ਕਿਹਾ ਹੈ "ਚੰਗੀ ਤਰ੍ਹਾਂ ਮੁਹਾਰਤ ਹਾਸਲ ਕਰ ਲੈ ਪੁਤਰ ! ਉਹ ਨਾ ਹੋਏ, ਤੇਰਾ ਨਿਸ਼ਾਨਾ ਖੁੰਝ ਜਾਏ ਤੇ ਤੇਰੇ ਵੰਡੇ ਆਇਆ ਗੋਰਾ ਸੁਕਾ ਬਚ ਨਿਕਲੇ ਸਮਝ ਗਿਆ ਨਾ ?"

"ਹਾਂ, ਲਾਲਾ ।"

"ਸ਼ਾਬਾਸ਼ ਪੁਤਰ । ਸ਼ਾਬਾਸ਼..." ਬਾਪ ਨੇ ਥਾਪੀ ਦਿੱਤੀ ਹੈ ।

ਨੌਜਵਾਨ ਦੀਆਂ ਸਵਾਲੀਆ ਨਜ਼ਰਾਂ ਬਾਪ ਵੱਲ ਝਾਕ ਰਹੀਆਂ ਹਨ :

"ਹਾਂ, ਪੁਤਰ !......ਦੱਸ ?"

"ਲਾਲਾ ! ਸੋਚਦਾਂ...ਜੇ ਗੋਰੇ ਨੇ ਕੁਛੜ ਬੱਚਾ ਚੁਕਿਆ ਹੋਇਆ ਜਾਂ ਉਸਦੀ ਬੀਵੀ ਬਾਂਹ 'ਚ ਬਾਂਹ ਪਾਈ ਚੱਲ ਰਹੀ ਹੋਈ, ਤਾਂ...?"

"ਤਾਂ ਪੁੱਤਰ..." ਬਾਪ ਸੋਚਣ ਲੱਗਾ ਹੈ ।



"ਹਾਂ ਪੁੱਤਰ.. " ਬਾਪ ਨੇ ਕਿਹਾ ਹੈ "ਤਾਂ ਤੂੰ ਗੋਲੀ ਬਹੁਤ ਸੋਚ ਸਮਝ ਕੇ ਚਲਾਉਣੀ ਏ ...ਕੋਈ ਬੇਦੋਸ਼ਾ ਨਹੀਂ ਮਰਨਾ ਚਾਹੀਦਾ...ਸਾਡੀ ਲੜਾਈ ਗੋਰੀ ਨਸਲ ਨਾਲ ਨਹੀਂ, ਗੋਰਾਸ਼ਾਹੀ ਨਾਲ ਏ ।"

"ਠੀਕ ਏ ਲਾਲਾ ! ਪਰ ਸੋਚਦਾਂ...ਹਕੂਮਤ 'ਚ ਸ਼ਾਮਲ ਇਕ ਰੁਕਨ, ਉਹ ਭਾਵੇਂ ਕਿੰਨਾ ਵੀ ਅਹਿਮ ਕਿਉਂ ਨਾ ਹੋਵੇ, ਉਹਦੇ ਖਾਤਮੇ ਨਾਲ ਗੋਰਾਸ਼ਾਹੀ ਦਾ ਖਾਤਮਾ ਤਾਂ ਨੀ 'ਹੋ ਸਕਦਾ ਨਾ ?"

"ਤੂੰ ਉਹਨਾਂ ਨੂੰ ਰੁਕਨ ਨਾ ਸਮਝ, ਪੁਰਜ਼ੇ ਸਮਝ, ਪੁਰਜ਼ੇ...ਹਕੂਮਤੀ ਮਸ਼ੀਨ ਦੇ ਪੁਰਜ਼ੇ... ਤੇ ਅਸਾਂ ਇਕ ਇਕ ਕਰਕੇ ਸਭ ਪੁਰਜ਼ੇ ਤਬਾਹ ਕਰਨੇ ਨੇ, ਤਾਂਕਿ ਮਸ਼ੀਨ ਜਾਮ ਹੋ ਸਕੇ ।"

"ਫ਼ਿਰ ਵੀ ਲਾਲਾ......'

"ਬਸ ਪੁਤਰ ! ਬਾਪ ਟੋਕ ਕੇ ਆਖਦਾ ਕੇ, "ਮੈਂ ਇਸਤੋਂ ਵੱਧ ਹੋਰ ਕੁਝ ਨਹੀਂ ਜਾਣਦਾ ਊਂ ਵੀ ਮੈਂ ਇਸ ਕੁਰਕਸ਼ੇਤਰ ਦਾ ਕ੍ਰਿਸ਼ਨ ਨਹੀਂ ਆਂ ।"

"ਪਰ ਲਾਲਾ । ਉਹ, ਜੋ ਰੋਜ਼ ਗੀਤਾ ਦਾ ਸੰਦੇਸ਼ ਲੈ ਕੇ ਘੁੰਮ ਰਿਹਾ ਏ, ਉਸਨੇ ਤਾਂ ਊਂ ਈ ਕੁਰਕਸ਼ੇਤਰ ਨੂੰ ਪਿੱਠ ਦਿਤੀ ਹੋਈ ਏ...ਉਹ ਤਾਂ ਸਾਰੀ ਕੌਮ ਨੂੰ ਅਹਿੰਸਾ ਦੇ ਚੱਕਰਵਿਊ 'ਚ ਫਸਾ ਰਿਹੈ...ਦੱਸੋ ਨਾ, ਉਹ ਚੱਕਰਵਿਊ ਕਿਵੇਂ ਟੁੱਟੇਗਾ ?"

ਬਾਪ ਚੁੱਪ ਹੈ ।

"ਲਾਲਾ ।...ਜਦੋਂ ਮੈਂ ਬਹੁਤ ਛੋਟਾ ਸਾਂ, ਤੁਸੀਂ ਮੈਨੂੰ ਅਲਿਫ਼ ਲੈਲਾ ਦੀਆਂ ਕਹਾਣੀਆਂ ਸੁਣਾਇਆ ਕਰਦੇ ਸੋ...ਜਦ ਕਦੇ ਮੈਂ ਚਿੰਤਤ ਹੋ ਕੇ ਪੁੱਛਦਾ ਸਾਂ, 'ਹੁਣ ਕੀ ਹੋਏਗਾ ?'...ਤੁਸੀਂ ਜਵਾਬ ਦਿੰਦੇ ਸੀ, 'ਕਿਸੇ ਵੀ ਸੂਰਤ ਵਿੱਚ ਸਾਰੇ ਰਸਤੇ ਕਦੇ ਬੰਦ ਨਹੀਂ ਹੁੰਦੇ ।'...ਯਾਦ ਏ ਨਾ ਤੁਹਾਨੂੰ ?"

"ਹਾਂ, ਯਾਦ ਏ, ਪਰ ਜ਼ਿੰਦਗੀ ਅਲਿਫ-ਲੈਲਾ ਦੀ ਕਹਾਣੀ ਨਹੀਂ ਏ ।"

"ਮਤਲਬ, ਹੁਣ ਸਾਡੇ ਕੋਲ ਕੋਈ ਰਸਤਾ ਨਹੀਂ ਏ ?"

"ਨਹੀਂ ਪੁੱਤਰ ! ਮੇਰਾ ਕਹਿਣ ਦਾ ਮਤਲਬ ਸੀ, ਜ਼ਿੰਦਗੀ ਦੀ ਕਹਾਣੀ, ਅਲਿਫ਼ ਲੈਲਾ ਦੀ ਕਹਾਣੀ ਨਹੀਂ ਏ ।"

"......"

"ਜ਼ਿੰਦਗੀ ਤਾਂ ਪਹਾੜਾਂ ਤੋਂ ਉਤਰਦੀ ਨਦੀ ਸਮਾਨ ਏ । ਇਸਨੂੰ ਸਮੁੰਦਰ ਦੀ ਦਿਸ਼ਾ ਦਾ ਇਲਮ ਏ, ਫਿਰ ਵੀ ਸਿੱਧੀ ਨਹੀਂ ਜਾ ਸਕਦੀ । ਇਸਨੂੰ ਮੰਜ਼ਿਲ ਤੱਕ ਪਹੁੰਚਣ ਲਈ ਕਈ ਟੇਢੇ-ਮੇਢੇ ਰਾਹਾਂ 'ਚੋਂ ਗੁਜ਼ਰਨਾ ਪੈਂਦਾ ਏ ..ਤੇ ਸਾਰੇ ਦੇ ਸਾਰੇ ਰਸਤੇ ਇਹ ਆਪ ਈ ਲੱਭਦੀ ਏ ।"

" ..."

"ਪੁੱਤਰ ! ਵਰਖਾ ਦੀਆਂ ਪਹਿਲੀਆਂ ਕਣੀਆਂ ਦੀ ਬਹੁਤ ਅਹਿਮੀਅਤ ਏ...ਜੇ ਉਹ ਤਪਦੀ ਧਰਤ ਉੱਤੇ ਭੁੱਜਣੋਂ ਇਨਕਾਰ ਕਰ ਦੇਵਣ, ਤਾਂ ਕਦੇ ਵਰਖਾ ਨਾ ਹੋਵੇ, ਨਖ਼ਲਿਸਤਾਨ ਦਾ ਖ਼ਾਬ, ਬਸ ਖ਼ਾਬ ਬਣਕੇ ਰਹਿ ਜਾਏ ।"

"ਸਮਝ ਗਿਆ ਬਾਬਾ !...ਸਮਝ ਗਿਆ ।" ਨੌਜਵਾਨ ਨੇ ਬਾਪ ਨੂੰ ਬਾਹਾਂ 'ਚ ਘੁੱਟ ਲਿਆ ਹੈ । ਉਹਦੇ ਬੁੱਲ੍ਹਾਂ 'ਤੇ ਮੁਸਕਾਨ ਤੇ ਅੱਖਾਂ 'ਚ ਮਾਣ ਹੈ ।

...ਮੁਸਕਾਨ ਜ਼ਖਮੀਂ ਹੋ ਗਈ ਹੈ, ਪਲਕਾਂ ਦੇ ਬੂਹੇ 'ਤੇ ਹੰਝੂ ਆ ਟਿਕੇ ਸਨ । ਉਸਤੇ ਪੀੜ-ਪਰੁਚੇ ਬੋਲ ਕਹੇ ਹਨ, "ਕਾਸ਼ ! ਮਦਨ ਲਾਲ ਢੀਂਗਰਾ ਦਾ ਬਾਪ ਵੀ ਤੁਹਾਡੇ ਜਿਹਾ ਹੁੰਦਾ ।"

...ਤੇ ਰੌਸ਼ਨੀ ਮਟੇਜ ਦੇ ਦੂਜੇ ਕੋਨੇ ਚਲੀ ਗਈ ਹੈ ।

ਮਦਨ ਲਾਲ ਕਟਿਹਰੇ 'ਚ ਖੜ੍ਹਾ ਹੈ । ਸਵਾਲ-ਜਵਾਬ ਹੋ ਰਹੇ ਹਨ । ਉਹਦੇ ਚਿਹਰੇ ਦਾ ਜਲਾਲ ਕਹਿ ਰਿਹਾ ਹੈ ਜਦੋਂ ਤੱਕ ਭਾਰਤੀਆਂ ਦਾ ਅੰਗਰੇਜ਼ਾਂ ਨਾਲ ਗ਼ੈਰ-ਕੁਦਰਤੀ ਨਰੜ ਰਹੇਗਾ, ਸਾਡੀ ਜੰਗ ਜਾਰੀ ਰਹੇਗੀ । ਜੇ ਸਾਡੇ ਕੋਲ ਬੰਦੂਕਾਂ ਨਾ ਹੋਈਆਂ, ਅਸੀਂ ਪਿਸਤੌਲਾਂ ਨਾਲ ਹੀ ਲੜਕੇ ਰਹਾਂਗੇ ।"

ਦਰਸ਼ਕਾਂ ਨੇ ਤਾੜੀ ਮਾਰੀ ਹੈ ।

ਤਾੜੀ ਦੀ ਗੂੰਜ ਖਤਮ ਹੋਈ ਹੈ ।

ਮਦਨ ਲਾਲ ਨੂੰ ਫਾਂਸੀ ਦਾ ਹੁਕਮ ਹੋ ਗਿਆ ਹੈ ।

ਉਹ ਫਾਂਸੀ-ਘਰ ਵੱਲ ਜਾ ਰਿਹਾ ਹੈ ।

ਉਹ ਤਖਤੇ ਉੱਤੇ ਚੜ੍ਹ ਗਿਆ ਹੈ ।

ਉਸਦਾ ਮੂੰਹ ਕਾਲੇ ਨਕਾਬ ਨਾਲ ਢੱਕਿਆ ਗਿਆ ਹੈ ।

ਉਸਦੇ ਗਲ 'ਚ ਰੱਸਾ ਪੈ ਗਿਆ ਹੈ ।

ਪੈਰਾਂ ਹੇਠੋਂ ਤਖਤਾ ਨਿਕਲਿਆ ਹੈ ।

ਕਾਲਾ ਨਕਾਬ ਖਲਾਅ ਨੂੰ ਘੂਰਦਾ ਹੈ ।

ਦਰਸ਼ਕ ਗੁੰਮ-ਸੁੰਮ ਹਨ ।

...ਤੇ ਰੌਸ਼ਨੀ ਪਿਉ-ਪੁੱਤਰ 'ਤੇ ਆ ਗਈ ਹੈ ।

"ਲਾਲਾ । ਤੂੰ ਚਿੰਤਾ ਨਾ ਕਰ, ਮੈਂ ਆਹ ਪਿਸਤੌਲ ਚਲਾਵਾਂਗਾ, ਫ਼ਾਂਸੀ ਚੜ੍ਹਾਂਗਾ, ਮੇਰਾ ਚਿਹਰਾ ਵੀ ਕਾਲੇ ਨਕਾਬ ਨਾਲ ਢੱਕਿਆ ਜਾਏਗਾ,...ਕਾਲੀ ਰਾਤ ਮਿਟੇਗੀ, ਸੁਬਾਹ ਦਾ ਸੂਰਜ ਸਾਡੀ ਧਰਤੀ ਨੂੰ ਸੂਹੀ ਕਰ ਦਏਗਾ. ਸਾਡੀ ਜੰਗ ਜਾਰੀ ਰਹੇਗੀ..."

...ਤੇ ਉਹ ਜੀਪ 'ਚ ਬੈਠਾ ਸੋਚਦਾ ਹੈ 'ਮੈਂ ਤਾਂ ਬਾਗੀ ਨਹੀਂ ਹਾਂ, ਮੈਂ ਤਾਂ ਕੋਈ ਜੰਗ ਨਹੀਂ ਛੇੜੀ, ਮੈਂ ਤਾਂ ਜੰਗ ਬਾਰੇ ਸੋਚਿਆ ਤੱਕ ਨਹੀਂ, ਫਿਰ ਮੇਰੀਆਂ ਅੱਖਾਂ 'ਤੇ ਕਾਲੀ ਪੱਟੀ ਕਿਉਂ ਹੈ ?"

ਜੀਪ ਦੇ ਅੰਦਰ-ਬਾਹਰ ਹਨੇਰਾ ਦੌੜੀ ਜਾ ਰਿਹਾ ਹੈ ।

'ਮੇਰਾ ਤਾਂ ਉਹਨਾਂ ਦੀ ਜੰਗ ਨਾਲ ਵੀ ਕੋਈ ਵਾਸਤਾ ਨਹੀਂ ਏ, ਜਿਨ੍ਹਾ ਕਰਕੇ ਮੈਂ ਹਨੇਰੇ 'ਚ ਘਿਰਿਆ ਜਾ ਰਿਹਾ ਹਾਂ ।' ਉਸਨੇ ਸੋਚਿਆ ਹੈ ।

"ਤੂੰ ਝੂਠ ਬੋਲਦਾ ਏ, ਕੁਫਰ ਤੋਲਦਾ ਏ, ਬਕਵਾਸ ਕਰਦਾ ਏ..." ਹਨੇਰਾ ਕੂਕਿਆ ਹੈ ।

"ਕੀ . ?"

"ਤੇਰਾ ਵਾਸਤਾ ਹੈ..."

"ਨਹੀਂ ।"

"ਉਹ ਤੇਰੇ ਕੋਲ ਆਉਂਦੇ ਨਹੀਂ ਸਨ ?"

"ਆਉਂਦੇ ਸਨ ।"

"ਫਿਰ ਤੇਰਾ ਵਾਸਤਾ ਕਿਵੇਂ ਨਹੀਂ ਏ ?"

"ਉਹਦੇ 'ਚ ਮੇਰਾ ਕੋਈ ਕਸੂਰ ਨਹੀਂ ਏ ।"

"ਕੀ...!...ਕਸੂਰ ਨਹੀਂ ਏ ?"



"ਤੂੰ ਉਹਨਾਂ ਨੂੰ ਆਉਣੋਂ ਰੋਕਿਆ ਸੀ ?"

"ਨਹੀਂ ।"

"ਤੂੰ ਪੁਲਸ ਨੂੰ ਇਤਲਾਹ ਦਿੱਤੀ ਸੀ ?"

"ਨਹੀਂ ।"

"ਕਿਉਂ...?"

"ਮੈਂ ਉਹਨਾਂ ਨੂੰ ਰੋਕ ਨਹੀਂ ਸਾਂ ਸਕਦਾ...ਉਹ ਹਥਿਆਰਾਂ ਨਾਲ ਲੈਸ ਹੁੰਦੇ ਸਨ...... ਮੈਂ ਪੁਲਸ ਨੂੰ ਇਤਲਾਹ ਵੀ ਨਹੀਂ ਕਰ ਸਕਦਾ ਸਾਂ ।"

"ਕਿਉਂ ?"

"......"

"ਤੂੰ ਮੁਖਬਰ ਨਹੀਂ ਸੀ ਬਣਨਾ ਚਾਹੁੰਦਾ !"

"......"

"ਦੇਸ਼ ਧਰੋਹੀਆਂ ਦੀ ਇਤਲਾਹ ਦੇਣੀ ਮੁਖ਼ਬਰੀ ਨਹੀਂ ਹੁੰਦੀ ।"

"......"

"ਬੋਲਦਾ ਨਹੀਂ !......ਉਹ ਦੇਸ਼-ਧਰੋਹੀ ਨਹੀਂ ਹਨ ?"

"ਹਨ ।"

"ਫਿਰ ਇਤਲਾਹ ਕਿਉਂ ਨਾ ਕੀਤੀ !"

"......"

"ਤੂੰ ਮਰਨੋਂ ਡਰਦਾ ਸੈਂ ?"

"......"

"ਤੂੰ ਮਰਨਾ ਨਹੀਂ ਸੀ, ਸ਼ਹੀਦ ਹੋਣਾ ਸੀ ।"

"ਸਧਾਰਨ ਬੰਦਾ ਕਦੇ ਸ਼ਹੀਦ ਨਹੀਂ ਹੁੰਦਾ, ਉਹ ਬਸ ਮਰਦਾ ਹੈ ।"

"ਨਹੀਂ, ਹੁੰਦਾ ਹੈ...ਸਧਾਰਨ ਬੰਦੇ ਰੋਜ਼ ਸ਼ਹੀਦ ਹੋ ਰਹੇ ਹਨ, ਤੂੰ ਵੀ ਹੋ ਸਕਦਾ ਸੈ, ਪਰ ਤੂੰ ਇਤਲਾਹ ਨਹੀਂ ਕੀਤੀ ।"

ਹਨੇਰਾ ਖਿੜ-ਖਿੜਾਕੇ ਹੱਸਿਆ ਹੈ ।

—ਤੇ ਉਹਦੇ ਸਾਹਵੇਂ ਇਕ ਮਾਸੂਮ ਚਿਹਰਾ ਹੈ, ਮਿੱਠੀ ਮੁਸਕਾਨ ਹੈ । ਚਾਨਣੀ ਰਾਤ ਹੈ । ਮੁਸਕਾਂਨ ਪੁੱਛਦੀ ਹੈ "ਅੰਕਲ । ਚੰਨ-ਤਾਰੇ ਕਿਵੇਂ ਸੌਂਦੇ ਨੇ ?"

"ਹਾਂ, ਬੇਟਾ ।"

"ਉਹ ਦਿਨੇ ਕਿਉਂ ਸੌਂਦੇ ਨੇ ?"

"...ਤਾਂ ਕਿ ਰਾਤ ਜਾਗ ਸਕਣ ।"

"ਉਹ ਰਾਤ ਕਿਉਂ ਜਾਗਦੇ ਨੇ ?"

"ਤਾਂਕਿ ਮੇਰੀ ਗੁੜੀਆ ਰਾਣੀ ਵੇਖ ਸਕੇ ਤੇ ਗੀਤ ਗਾਵੇ..."

"ਚੰਦਾ ਮਾਮਾ ਆਇਆ ਹੈ, ਤਾਰੇ ਨਾਲ ਲਿਆਇਆ ਹੈ..."

"ਹਾਂ ਜੀ ..ਉਹ ਬਸ ਏਸੇ ਕਰਕੇ ਜਾਗਦੇ ਨੇ..."

"ਪਰ ਰੱਬ ਕਿਉਂ ਰੋਂਦਾ ਏ ?"

"ਰੱਬ ਰੋਂਦਾ ਨਹੀਂ, ਬੇਟਾ।......ਉਹ ਤਾਂ..."

"ਨਹੀਂ, ਰੱਬ ਰੋਂਦਾ ਏ, ਉਹਦੇ ਤਾਂ ਹੰਝੂ ਵੀ ਕਿਰਦੇ ਨੇ...ਤੁਸੀਂ ਦੱਸੋ, ਰੱਬ ਰੋਂਦਾ ਕਿਉਂ ਏ?"

"ਬੇਟਾ। ਜਦੋਂ ਤੁਸੀਂ ਵੱਡੇ ਹੋਓਗੇ ਨਾ, ਆਪੇ ਪਤਾ ਲੱਗ ਜਾਵੇਗਾ।"

"ਕਿੰਨੀ ਕੁ ਵੱਡੀ?...ਦੀਦੀ ਜਿੰਨੀ?"

"ਨਹੀਂ, ਭੂਈ ਜਿੰਨੀ।"

"ਭੂ...ਈ ਜਿੰ...ਨੀ?...ਨਹੀਂ ਮੈਨੂੰ ਹੁਣੇ ਦੱਸੋ।"

"ਠੀਕ ਏ, ਹੁਣੇ ਦੱਸ ਦਿਨੇ ਆਂ...ਤੂੰ ਛੇਤੀ ਛੇਤੀ ਸੌਂ ਜਾਹ।"

"ਨਹੀਂ, ਮੈਂ ਨਹੀਂ ਸਵਾਂਗੀ, ਸੁੱਤਿਆਂ ਥੋੜ੍ਹੇ ਪਤਾ ਲਗਦਾ ਏ, ਪਤਾ ਤਾਂ ਜਾਗਿਆਂ ਲਗਦਾ ਏ।"

"ਹਾਂ, ਪਤਾ ਤਾਂ ਜਾਗਿਆਂ ਈ ਲਗਦਾ ਏ।" ਇਹ ਬੱਚੀ ਨੂੰ ਨਹੀਂ, ਆਪਣੇ ਆਪ ਨੂੰ ਕਿਹਾ ਸੀ ਉਸਨੇ।

"ਦੱਸੋ ਨਾ ਅੰਕਲ।"

"ਬੇਟਾ। ਮੈਂ ਥੋੜ੍ਹੇ ਦੱਸਣਾ...ਤੁਸੀਂ ਸੌਂ ਜਾਓ, ਰੱਬ ਸੁਪਨੇ 'ਚ ਆਏਗਾ, ਆਪੇ ਸਭ ਕੁਝ ਦੱਸ ਜਾਏਗਾ।"

"ਆਹਾ ਜੀ, ਅੱਜ ਸੁਪਨੇ 'ਚ ਸਾਨੂੰ ਰੱਬ ਮਿਲੇਗਾ...ਮੰਮੀ। ਅੱਜ ਸੁਪਨੇ 'ਚ ਸਾਨੂੰ ਰੱਬ ਮਿਲੇਗਾ।"

ਬੱਚੀ ਮੰਮੀ ਵੱਲ ਦੌੜ ਗਈ।

ਮੁਸਕਾਨ ਨੇ ਬੱਚੀ ਦਾ ਪਿੱਛਾ ਕੀਤਾ ਹੈ।

ਹਨੇਰਾ ਫੇਰ ਹੱਸਿਆ ਹੈ।

'ਸਧਾਰਨ ਬੰਦੇ ਰੋਜ਼ ਸ਼ਹੀਦ ਹੋ ਰਹੇ ਹਨ, ਤੂੰ ਵੀ ਹੋ ਸਕਦਾ ਸੈਂ, ਪਰ ਤੂੰ...' ਸ਼ਬਦ ਉਸਦੇ ਕੰਮਾਂ 'ਚ ਗੂੰਜਦੇ ਹਨ।

...ਉਹ ਸੁੱਤ-ਉਨੀਂਦਾ ਪਿਆ ਸੀ। ਰੇਡੀਓ ਤੋਂ ਗੀਤ ਚਲ ਰਿਹਾ ਸੀ—

ਜ਼ਿੰਦਗੀ! ਜ਼ਿੰਦਗੀ!
ਮੇਰੇ ਘਰ ਆਨਾ ਜ਼ਿੰਦਗੀ
ਮੇਰੇ ਘਰ ਕਾ ਸੀਧਾ ਸਾ ਇਤਨਾ ਪਤਾ ਹੈ
ਮੇਰੇ ਘਰ ਕੇ ਆਗੇ 'ਮੁਹੱਬਤ' ਲਿਖਾ ਹੈ
ਨਾ ਦਸਤਕ ਜ਼ਰੂਰੀ
ਨਾ ਆਵਾਜ਼ ਦੇਨੀ
ਤੇਰੀ ਸਾਂਸੋਂ ਸੇ ਮੈਂ ਯਹ ਜਾਨ ਲੂੰਗਾ...

—ਦਰਵਾਜ਼ਾ ਖੜਕਦਾ ਹੈ। ਉਹ ਉੱਠਕੇ ਬੂਹਾ ਖੋਲ੍ਹਦਾ ਹੈ। ਉਹ ਸਾਰੇ ਦਾ ਸਾਰਾ ਕੰਬ ਰਿਹਾ ਹੈ।

"ਕਿਉਂ ਕੰਬੀ ਤੁਰਿਆ ਜਾਨਾ" ਉਹਨਾਂ ਦੇ ਆਗੂ ਨੇ ਆਖਿਆ, "ਓ—ਤੈਨੂੰ ਮਾਰਨ ਤਾਂ ਨੀਂ ਲੱਗੇ...ਏਥੇ ਸਾਡਾ ਦੋਸਤ ਹੁੰਦਾ ਸੀ ਨਵਤੇਜ ਸਿੰਘ...ਤੂੰ ਉਹਦੀ ਜਗ੍ਹਾ ਆਇਆ ਏਂ...



ਹੁਣ ਤੂੰ ਈ ਸਾਡਾ ਦੋਸਤ ਏਂ. ਡਰ ਨਾ. ਅਸੀਂ ਆਉਂਦੇ-ਜਾਂਦੇ ਈ ਰਹਿਣਾ ਏ. ਪਰ ਦੇਖੀਂ ਕਿਧਰੇ ਦੱਸ ਪੁੱਖ ਨਾ ਕੱਢੀਂ...ਠੀਕ ਏ ਨਾ?"

ਉਸ ਨੇ ਮਸੀਂ ਹੇਠਾਂ ਉੱਤੇ ਸਿਰ ਹਿਲਾਇਆ ਸੀ।

"ਏਦਾਂ ਕਰ. ਚਾਬੀ ਫੜ੍ਹ. ਔਹ ਕਮਰਾ ਖੋਲ੍ਹ, ਸੌਣਾ ਆਪਾਂ ..ਕਿਸੇ ਦਿਨ ਦੁਪਹਿਰੇ ਗੇੜਾ ਮਾਰਾਂਗੇ...ਇਹ ਜਿਹੜੇ ਮਾਸਟਰ ਮਾਸਟਰਨੀਆਂ...ਬਸ ਉਹੀ ਬਿਸਤਰੇ ਸਿੱਧੇ ਕਰ ਦੇ।"

ਉਸ ਚਾਬੀ ਲਈ। ਦਰਵਾਜ਼ਾ ਖੋਲ੍ਹਿਆ। ਬਿਸਤਰੇ ਸਿੱਧੇ ਕੀਤੇ।

ਉਹ ਵਾਰੀ ਸਿਰ ਸੌਂ ਰਹੇ ਸਨ. ਪਰ ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਉਹ ਉੱਠਕੇ ਬਾਹੀ 'ਤੇ ਬਹਿ ਗਿਆ।

ਉਸ ਦੇ ਕੰਨਾਂ 'ਚ ਗੋਲੀਆਂ ਚਲਣ ਦੀ ਆਵਾਜ਼ ਆਈ। ਮਰ ਰਹੇ ਬੰਦੇ ਨੇ ਆਖਰੀ ਹਿਚਕੀ ਲਈ।

'ਇਹ ਹਿਚਕੀ ਕਿਸ ਦੀ ਹੈ?...ਮੇਰੀ?' ਉਸ ਨੇ ਸੋਚਿਆ—'ਨਹੀਂ. ਮੇਰੀ ਨਹੀਂ ਏ. ਮੈਂ ਜ਼ਖਮੀ ਪਿਆਂ ਹਾਂ। ਮੇਰਾ ਖ਼ੂਨ ਤਾਂ ਦੁਪਾਸੜ ਡੁਲ੍ਹਦੇ ਲਹੂ 'ਚ ਰਲਦਾ ਜਾ ਰਿਹੈ...ਹੁਣ ਮੇਰੀ ਹੀ ਆਖਰੀ ਹਿਚਕੀ ਹੋਵੇਗੀ? ਨਹੀਂ ਮੈਂ ਮਰ ਕਿੱਥੇ ਰਿਹਾ ਹਾਂ. ਮੇਰੇ ਕੰਨਾਂ 'ਚ ਤਾਂ ਸਾਇਰਨ ਗੂੰਜ ਰਹੇ ਹਨ.. ਫੋਰਸ ਵੱਧਦੀ ਆ ਰਹੀ ਹੈ. ਉਹ ਦੌੜੇ ਜਾ ਰਹੇ ਹਨ. ਬਸ ਮੈਂ ਹੀ ਘਾਇਲ ਪਿਆ ਹਾਂ...'ਹੈਂਡਸ ਅੱਪ' ਆਵਾਜ਼ ਆਈ ਹੈ...'ਬਾਹਵਾਂ ਖੜੀਅ ਕਰ ਉਏ' ਹੋਰ ਆਵਾਜ਼ ਆਈ ਹੈ...ਮੈਂ ਪਏ ਪਏ ਨੇ ਬਾਹਵਾਂ ਖੜੀਆਂ ਕੀਤੀਆਂ ਹਨ...ਫੋਰਸ ਕੋਲ ਆਈ ਹੈ...'ਜਨਾਬ ਮੇਰਾ, ਕੋਈ ਕਸੂਰ ਨਹੀਂ, ਮੈਂ ਤਾਂ ਐਵੀਂ ਸੰਨ੍ਹ 'ਚ ਆ ਗਿਆ" ਮੂੰਹ 'ਤੇ ਜ਼ੋਰ ਦੀ ਇਕ ਠੁੱਡ ਵੱਜਦਾ ਹੈ...'ਸਾਲਾ, ਸੰਨ੍ਹ 'ਚ ਆ ਗਿਆ'...ਤੇ ਮੇਰੀ ਚੀਖ ਨਿਕਲ ਗਈ ਏ—'ਹੈਂ—? ਇਹ ਕੀ?' ਉਸ ਨੇ ਸੋਚਿਆ।

ਉਹ ਮੰਜੇ ਦੀ ਬਾਹੀ ਤੇ ਬੈਠਾ ਊਂਘ ਰਿਹਾ ਸੀ। ਉਸ ਸੋਚਿਆ—'ਜੇ ਸੱਚਮੁੱਚ ਪੁਲਸ ਆ ਗਈ, ਤਾਂ—?' ਤੇ ਉਸ ਨੂੰ ਲੱਗਿਆ—'ਮੈਂ ਤਾਂ ਇਕ ਦੋ ਦਿਨਾਂ 'ਚ ਹੀ ਮਰ ਜਾਵਾਂਗਾ—ਮੈਂ ਕਿਹੜਾ ਜੱਟ ਜਾਂ ਮਜ਼ਬੀ ਆਂ, ਜਿਹੜਾ ਮਹੀਨਿਆਂ ਬੱਧੀ ਕੁੱਟ ਝੱਲ ਜਾਵਾਂਗਾ—ਇਹ ਸਾਲੇ ਪਤਾ ਨਹੀਂ ਕਿਸ ਮਿੱਟੀ ਤੋਂ ਬਣਦੇ ਨੇ—ਸਭ ਸਹਿਨ ਕਰ ਜਾਂਦੇ ਨੇ।'

—ਪਰ ਪੁਲਸ ਨਾ ਆਈ। ਉਹ ਹੀ ਆਉਂਦੇ ਰਹੇ ਤੇ ਉਹ ਵੀ ਲੰਝੇ ਡੰਗ ਹੀ। ਉਸ ਲਈ ਉਹਨਾਂ ਦਾ ਆਉਣਾ ਸਹਿਜ ਹੋ ਗਿਆ ਸੀ। ਉਹ ਆਉਂਦੇ ਸਨ, ਸੌਂਦੇ ਸਨ, ਤੁਰ ਜਾਂਦੇ ਤੇ ਉਹਨਾਂ ਦੇ ਜਾਣ ਬਾਅਦ ਬਿਸਤਰੇ ਇਕੱਠੇ ਕਰਕੇ ਜਿੰਦਾ ਲਾ ਦਿੰਦਾ ਸੀ।

ਪਰ ਇਕ ਦਿਨ ਦਿਨ ਅਜੀਬ ਜਿਹੀਆਂ ਆਵਾਜ਼ਾਂ ਉਸ ਦੇ ਕੰਨੀਂ ਪਈਆਂ। ਉਸ ਨੂੰ ਕੰਨਾਂ 'ਤੇ ਯਕੀਨ ਨਾ ਆਇਆ। ਆਵਾਜ਼ਾਂ ਆਈ ਜਾ ਰਹੀਆਂ ਸਨ। ਉਹ ਉੱਠਿਆ। ਦੱਬੇ ਪੈਰੀਂ ਕਮਰੇ 'ਚੋਂ ਬਾਹਰ ਨਿਕਲਿਆ। ਉਹਨਾਂ ਦੇ ਕਮਰੇ ਦੇ ਪਿਛਵਾੜੇ ਗਿਆ। ਇਕ ਝੀਤ ਥੋੜੀਂ ਵੇਖਿਆ। ਤੇ ਸਭ ਕੁਝ ਸਾਖ਼ਸ਼ਾਤ ਵੇਖ ਲਿਆ।

—ਤੇ ਜੀਪ ਦੇ ਅੰਦਰ ਬਾਹਰ ਹਨੇਰਾ ਦੌੜੀ ਜਾ ਰਿਹਾ ਹੈ।

ਉਸ ਦੀਆਂ ਅੱਖਾਂ ਅੱਗੇ 'ਨਵੀਂ ਦੁਨੀਆਂ' ਹੈ। ਸੁਰਖੀ ਹੈ—'ਖ਼ੂੰਖਾਰ ਅੱਤਵਾਦੀ ਸ਼ੇਲਾ ਹਲਾਕ'। ਬਾਕਸ ਹੈ 'ਅੱਤਵਾਦੀ ਸ਼ੇਲੇ ਦੇ ਨੀਚ ਕਾਰੇ'।

ਪਾਠਕ ਬਾਕਸ ਪੜ੍ਹ ਰਹੇ ਸਨ। ਉਹਨਾਂ ਨੂੰ ਮਾਸੂਮ ਕੁੜੀ ਨਾਲ ਹਮਦਰਦੀ ਹੋ ਰਹੀ ਹੈ:

ਅਗਲਾ ਦਿਨ।

'ਨਵੀਂ ਦੁਨੀਆਂ' ਦਾ ਰਾਈਟ-ਅਪ 'ਸਮਾਚਾਰ' ਸਮੂਹ ਦੇ ਸੰਪਾਦਕੀ ਸਫੇ ਤੇ ਛਪਿਆ ਹੈ। ਲੋਕ ਪੜ੍ਹ ਰਹੇ ਹਨ। ਉਹਨਾਂ ਦੀਆਂ ਅੱਖਾਂ 'ਚ ਨਫ਼ਰਤ ਝਲਕ ਰਹੀ ਹੈ।

"ਇਹ ਸਭ ਬਕਵਾਸ ਹੈ, ਪੁਲੀਸ ਦੀਆਂ ਝੂਠੀਆਂ ਕਹਾਣੀਆਂ ਨੇ—ਕੌਮ ਦੇ ਸ਼ਹੀਦਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ—ਤੇ ਇਹ ਅਖ਼ਬਾਰਾਂ ਤਾਂ ਹੈਨ ਈ ਕੌਮ ਵਿਰੋਧੀ—ਨਾਲੇ ਇਹ ਬੰਦਾ ਤਾਂ ਪੱਕਾ ਕੌਮ ਵਿਰੋਧੀ ਏ, ਅਖ਼ਬਾਰਾਂ 'ਚ ਜਾਣ ਤੋਂ ਪਹਿਲਾਂ ਏਥੇ ਈ ਬੰਦੂਕੜੀਆਂ ਚੱਕੀ ਟਰਾਂਅ-ਟਰਾਂਅ ਕਰਦਾ ਫਿਰਦਾ ਹੁੰਦਾ ਸੀ।" ਇਕ ਨੌਜਵਾਨ ਕਹਿ ਰਿਹਾ ਹੈ। ਤੇ ਉਹ 'ਗਿਆਨੀ ਟੀ ਸਟਾਲ' ਦੀ ਨੁੱਕਰ 'ਚ ਪਏ ਮੇਜ਼ 'ਤੇ ਹੋਰਾਂ ਨਾਲ ਚਾਹ ਪੀ ਰਿਹਾ ਹੈ।

ਦੂਜੀ ਨੁੱਕਰ 'ਚ ਲਖਵਿੰਦਰ ਤੇ ਸੁਖਵਿੰਦਰ ਬੈਠੇ ਹਨ।

"ਕੀ ਖ਼ਿਆਲ ਲਖਵਿੰਦਰ ! ਉਹ ਠੀਕ ਕਹਿ ਰਿਹੈ ?"

"ਤੈਨੂੰ ਕੋਈ ਭਰਮ ਏ ?"

"ਇਹ ਕਹਾਣੀ ਸੱਚੀ ਹੋਵੇਗੀ ?"

"ਬਕਵਾਸ ਏ—"

"ਮਤਲਬ, ਪੁਲੀਸ ਝੂਠੀਆਂ ਕਹਾਣੀਆਂ ਘੜਦੀ ਏ ?'

"ਮੈਂ ਤਾਂ ਬਸ ਇਸ ਰਾਈਟ-ਅੱਪ ਦੀ ਗੱਲ ਕਰ ਰਿਹਾਂ।"

"ਭਾਈ ਸਾਹਿਬ, ਬੰਦੇ ਦਾ ਕੀ ਏ ? ਬਦਲਦਿਆਂ ਕਿਹੜੀ ਦੇਰ ਲਗਦੀ ਏ ?—ਊਂ ਵੀ, ਜਦੋਂ ਹੱਥ 'ਚ ਹੋਏ, ਏ. ਕੇ. ਸੰਤਾਲੀ, ਕਾਬੂ ਆ ਜਾਏ ਕੋਈ ਪਟੋਲੇ ਵਰਗੀ ਨਾਰ, ਤਾਂ ਬੰਦਾ ਬੰਦਾ ਥੋੜ੍ਹੇ ਰਹਿ ਜਾਂਦੇ—ਮੰਨਿਆ, ਭੋਰਾ ਮਾਸਾ ਮਿਰਚ-ਮਸਾਲਾ ਵੀ ਹੋਏਗਾ, ਪਰ ਕੁਝ ਨਾ ਕੁਝ ਤਾਂ ਸੱਚ ਹੋਏਗਾ—ਐਵੀਂ ਥੋੜ੍ਹੇ ਅਖ਼ਬਾਰ 'ਚ ਛਪ ਜਾਂਦੈ ?"

"ਕਿਸੇ ਚੀਜ਼ ਦਾ ਅਖ਼ਬਾਰ 'ਚ ਛਪਣਾ ਜਾਂ ਨਾ ਛਪਣਾ ਈ ਉਹਦੇ ਸੱਚ ਜਾਂ ਝੂਠ ਦਾ ਸਬੂਤ ਨਹੀਂ ਹੋ ਜਾਂਦਾ—ਆਹ ਪਹਿਲੇ ਸਫੇ ਦੀ ਡੱਬੀ ਵੇਖੀਂ ?"

ਸੁਖਵਿੰਦਰ ਵੇਖਦਾ ਹੈ—'ਅੱਤਵਾਦੀ ਸ਼ੈਲੇ ਨੇ ਨੌਕਰੀ ਕਿਵੇਂ ਹਾਸਲ ਕੀਤੀ ?' ਤੇ ਪੜ੍ਹਕੇ ਆਖਦਾ ਹੈ।

"ਇਹ ਤਾਂ ਸੁਧਾ ਬਕਵਾਸ ਏ।"

"ਇਹੀ ਤਾਂ ਤੈਨੂੰ ਮੈਂ ਸਮਝਾ ਰਿਹਾਂ।"

—ਤੇ ਉਹ ਜੀਪ 'ਚ ਬੈਠਾ ਮੁਸਕਰਾ ਦਿੰਦਾ ਹੈ—'ਵਾਹ ਲਖਵਿੰਦਰ !" ਉਹ ਮਨ ਹੀ ਮਨ ਆਖਦਾ ਹੈ।

—ਤੇ ਉਹ ਅਤੀਤ ਦੀ ਖਿੜਕੀ 'ਚੋਂ ਝਾਕਦਾ ਹੈ।

ਉਹ ਉਦੋਂ ਦੂਜੀ 'ਚ ਪੜ੍ਹਦਾ ਸੀ, ਜਦੋਂ ਦਸਵੀਂ 'ਚ ਪੜ੍ਹਦੇ ਭਰਾ ਨੇ ਸਰਪੰਚਾਂ ਦੀ ਕੁੜੀ ਨੂੰ ਮਖੌਲ ਕੀਤਾ ਸੀ। ਸਾਰਾ ਟੱਬਰ ਦਹਿਸ਼ਤਜ਼ਦਾ ਸੀ। ਭਰਾ ਨੂੰ ਗਵਾਂਢੀਆਂ ਦੇ ਘਰ ਭੇਜ ਦਿੱਤਾ ਸੀ। ਭਾਪਾ ਉਸ ਨੂੰ ਗਾਲਾਂ ਤੇ ਗਾਲਾਂ ਦੇਈ ਜਾ ਰਿਹਾ ਸੀ।

"ਚੱਪ ਕਰ ਕੁੱਤੀਏ ! ਸਭ ਤੇਰੇ ਪੁਆੜੇ ਆ—ਭੂਏ ਚੜ੍ਹਾਇਆ ਗੰਦੀ 'ਲਾਦ ਨੂੰ।"

"ਨਾ ਮੈਂ ਉਹਨੂੰ—"

"ਬਹਿ ਜਾ ਰਮਾਨ ਨਾਲ, —ਬਕਵਾਸ ਕਰਦੀ ਆ—ਧੀ ਦਾ ਯਾਰ, ਕੁੱਤਾ—ਸਾਲਾ ਚੂੜ੍ਹੇ ਦੀ ਮਾਰ।"



"ਸ਼ਰਮ ਕਰ ਕੁਝ—"

"ਬਕਵਾਸ ਨਾ ਕਰ—ਹਰਾਮਜ਼ਾਦੀ—ਜੇ ਕਲ੍ਹ ਨੂੰ ਕੋਈ ਗੱਲ ਹੋਈ ਤਾਂ ਮੂਤ ਨਾ' ਦਾੜ੍ਹੀ ਤਾਂ ਮੇਰੀ ਮੁੰਨਣੀ ਏ—ਤੇ ਜੇ ਅਗਲਿਆਂ ਊਂ ਈ ਖੜਕਾ ਘੱਤਿਆ, ਸੁੱਟ ਛੱਡਿਆ ਕਿਸੇ ਖੂਹ ਖਾਤੇ—"

"ਬਸ ਕਰ, ਬਸ ਕਰ, ਕੋਈ ਚੰਗੀ ਭਾਖਿਆ ਕੱਢ ਮੂੰਹੋਂ—ਬੰਦਾ ਮੂੰਹੋਂ ਕੱਢਣ ਲਗਿਆਂ ਈ ਸੋਚਦਾ—ਪਰ ਤੂੰ ਕਾਹਨੂੰ ਸੋਚਦਾ ਹੋਇਆ।"

ਤੇ ਭਾਪੇ ਨੇ ਬੀਬੀ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਸੀ। ਛੋਟੇ ਨੇ ਚੀਕ-ਚਿਹਾੜਾ ਮਚਾਇਆ ਸੀ। ਭਾਪੇ ਤੇ ਉਹਦੇ ਵੀ ਜੜ ਦਿੱਤੀਆਂ ਸਨ।

ਗਵਾਂਢੀ ਆਏ ਸਨ।

"ਮਹਾਰਾਜ ' ਪੰਡਤ ਜੀ—ਅੱਗੇ ਨਾ ਪਿੱਛੇ—ਕਮਲੇ ਹੋ ਗਏ ਓ. ਬੈਠੋ ਰਮਾਨ ਨਾਲ ?" ਗਵਾਂਢੀ ਬਜ਼ੁਰਗ ਕਹਿ ਰਿਹਾ ਸੀ।

ਭਾਪਾ ਚੁੱਪ ਸੀ।

ਬੀਬੀ ਚੁੱਪ ਸੀ।

ਸਾਰੇ ਚਲੇ ਗਏ ਸਨ।

ਸਾਰੀ ਰਾਤ ਸਹਿਮ 'ਚ ਗੁਜ਼ਰੀ ਸੀ।

"ਉਹ ਸਹਿਮੀ ਰਾਤ ਮੇਰੇ ਧੁਰ ਅੰਦਰ ਹਾਲੇ ਵੀ ਜ਼ਿੰਦਾ ਹੈ" ਇਕ ਵਾਰ ਉਸ ਨੇ ਲਖਵਿੰਦਰ ਨੂੰ ਆਖਿਆ ਸੀ। ਫਿਰ ਉਸ ਨੇ ਪਾਠ ਸਿਖਣ ਦੀ ਕਹਾਣੀ ਵੀ ਸੁਣਾਈ ਸੀ।

ਇਕ ਵਾਰ ਗੁਰਦੁਆਰੇ ਦਾ ਭਾਈ ਉਹਨਾਂ ਦੇ ਘਰ ਆਇਆ ਸੀ। ਉਸ ਨੇ ਭਾਪੇ ਨੂੰ ਆਖਿਆ ਸੀ, "ਪੰਡਤ ਜੀ ! ਸ਼ੈਲਾ ਪਾਠ ਬਹੁਤ ਸੁੰਦਰ ਕਰਦਾ ਏ, ਆਵਾਜ਼ ਵੀ ਬਹੁਤ ਮਿੱਠੀ ਏ—ਜੇ ਕਹੋ ਤਾਂ ਪਾਠ ਸਿਖਾ ਦਿਆਂ ?"

"ਉਹਦੀ ਮਰਜ਼ੀ ਏ ਮਹਾਰਾਜ ! ਸਿਖਣਾ ਸਿਖ ਲਏ, ਆਪਾਂ ਨੂੰ ਕੀ ਇਤਰਾਜ਼ ਹੋ ਸਕਦਾ—ਊਂ ਵੀ ਅੱਜਕਲ੍ਹ ਤਾਂ—".

"ਠੀਕ ਏ ਜੀ, ਮੈਂ ਚਲਦਾ, ਰਹਿਰਾਸ ਦਾ ਵੇਲਾ ਹੋ ਰਿਹੈ।"

—ਤੇ ਉਹ ਪਾਠ ਸਿਖਣ ਲੱਗਿਆ ਸੀ, ਉਹਦੀ ਆਵਾਜ਼ ਦੇ, ਉਹਦੇ ਸ਼ੁੱਧ ਪਾਠ ਦੇ ਪਿੰਡ 'ਚ ਚਰਚੇ ਹੋ ਰਹੇ ਸਨ।

"ਫਿਰ ਵੀ ਬ੍ਰਾਹਮਣ ਏ ਬਈ—ਸਦੀਆਂ ਤੋਂ ਪਾਠ-ਪੂਜਾ ਤਾਂ ਇਹਨਾਂ ਦਾ ਈ ਕੰਮ ਰਿਹਾ—ਸੱਚੀ ਗੱਲ ਤਾਂ ਇਹ ਆ ਕਿ ਇਹ ਕੰਮ ਤਾਂ ਹੈ ਈ ਇਹਨਾਂ ਲੋਕਾਂ ਦਾ। ਸਾਡੇ ਲੋਕ ਤਾਂ ਛਿੱਤਰ-ਪੋਲਾ ਖੜਕਾ ਸਕਦੇ ਆ—ਸਿਆਣੇ ਐਵੀਂ ਤਾਂ ਨੀਂ ਕਹਿੰਦੇ—ਜਿਸ ਕਾ ਕਾਮ ਉਸੀ ਕੋ ਸਾਜੇ—" ਕਰਮ ਸਿੰਘ ਹਰ ਕਿਸੇ ਨੂੰ ਸਮਝਾ ਰਿਹਾ ਸੀ।

—ਤੇ ਉਸ ਨੇ ਗੁਰਦੁਆਰੇ ਜਾਣਾ ਛੱਡ ਦਿੱਤਾ ਸੀ। ਹਰ ਕੋਈ ਉਸ ਨੂੰ ਸਵਾਲ ਕਰ ਰਿਹਾ ਸੀ। ਓਹ ਸਭ ਨੂੰ ਇਕੋ ਜਵਾਬ ਦੇਈ ਜਾ ਰਿਹਾ ਸੀ, "ਬਸ, ਜੀਅ ਜਿਹਾ ਨਹੀਂ ਕੀਤਾ।"

ਜੇ ਕੋਈ ਬਹੁਤ ਖਹਿੜੇ ਪੈ ਜਾਂਦਾ, ਤਾਂ ਆਖਦਾ—"ਪੇਪਰ ਨੇੜੇ ਆ ਗਏ ਆ—ਬੋਰਡ ਦੀ ਕਲਾਸ ਏ—ਊਂ ਵੀ ਮੈਟ੍ਰਿਕ ਦੇ ਚੰਗੇ ਨੰਬਰ ਈ ਪਿੱਛੋਂ ਕੰਮ ਆਉਂਦੇ ਆਂ।"

"ਚੱਲ ਠੀਕ ਆ, ਪੇਪਰਾਂ ਬਾਅਦ ਫਿਰ ਸ਼ੁਰੂ ਕਰ ਲਈਂ।"

"ਦੇਖਾਂਗੇ...ਅਸਲ 'ਚ ਯਾਰ, ਜੇ ਪਾਠ ਕਰਨਾ ਤਾਂ ਸਿੱਖੀ ਅਸੂਲਾਂ ਨੂੰ ਤਾਂ ਮੰਨਣਾ ਪਊ, ਪੂਰਾ-ਸੂਰਾ ਸਿੱਖ ਬਨਣਾ ਪਊ, ਆਪਾਂ ਤੋਂ ਬਣ ਨਹੀਂ ਹੋਣਾ, ਸੋ ਆਪਾਂ ਪਿੱਛੇ ਈ ਹਟ ਗਏ ਆਂ।"

ਤੇ ਇਕ ਨੂੰ ਤਾਂ ਉਸ ਨੇ ਇਹ ਵੀ ਆਖ ਦਿੱਤਾ—"ਧਰਮ ਦਾ ਮਾਮਲਾ ਏ ਭਾਈ ਸਾਹਿਬ। ਐਵੀਂ ਤਾਂ ਨੀਂ ਕਿਸੇ ਧਰਮ 'ਚ ਜਾ ਵੜੀਦਾ।"

"ਇਹਦੇ 'ਚ ਕਿਹੜੀ ਗੱਲ ਆ...ਪਹਿਲਾਂ ਵੀ ਤਾਂ ਹਿੰਦੂਆਂ ਤੋਂ ਈ ਸਿੱਖ ਬਣੇ ਆਂ... ਕਦੇ ਵੱਡੇ ਮੁੰਡੇ ਨੂੰ ਸਿੰਘ ਸਜਾਉਣ ਦੀ ਰੀਤ ਵੀ ਤਾਂ ਰਹੀ ਏ ਹਿੰਦੂਆਂ 'ਚ ?"

"ਉਹ ਜ਼ਮਾਨੇ ਹੋਰ ਸਨ, ਉਹ ਸਿੱਖ ਹੋਰ ਸਨ, ਹੁਣ ਵਰਗੇ ਨਹੀਂ ਕਿ ਚੜ੍ਹੇ ਬਸ 'ਚ ਤੇ ਮੋਨੇ ਮੋਨੇ ਵਿਛਾ ਦਿੱਤੇ—"

"ਸਾਲਾ ਨਿਕਲਿਉਂ ਨਾ ਛੱਬੀ ਰਾਮ ਈ...ਕੁੱਤਾ ਬਾਮ੍ਹਣ ਨਾ ਹੋਵੇ ਤੇ...ਤੁਸੀਂ ਨੀ ਏਦਾਂ ਸੂਤਰ ਆਉਣ ਵਾਲੇ...'ਸੰਤ' ਠੀਕ ਈ ਕਹਿ ਗਏ ਆ, ਤੁਹਾਡਾ ਉਹੀ ਇਲਾਜ ਏ, ਜਿਹੜਾ 'ਭਾਊ' ਕਰਦੇ ਆ।"

...ਤੇ ਉਸਦੇ ਬੱਲ੍ਹਾਂ 'ਤੇ ਸੱਚ ਆ ਹੀ ਚੱਲਿਆ ਸੀ। ਪਰ ਭਾਈ ਜੀ ਦੀ ਦੁੱਧ ਚਿੱਟੀ ਪੱਗ ਉਹਦੇ ਸਾਹਵੇਂ ਆ ਗਈ ਸੀ।

'ਤੇ ਨਵੀਂ ਦੁਨੀਆਂ ਦਾ ਰਿਪੋਰਟਰ ਮੇਰੇ ਨੀਚ ਕਾਰੇ ਜੱਗ ਜ਼ਾਹਿਰ ਕਰ ਰਿਹਾ ਹੈ' ਉਸਨੇ ਸੋਚਿਆ ਸੀ।

ਜੀਪ ਦੇ ਅੰਦਰ-ਬਾਹਰ ਹਨੇਰਾ ਦੌੜੀ ਜਾ ਰਿਹਾ ਹੈ।

ਉਸਦੇ ਬੁੱਲ੍ਹਾਂ 'ਤੇ ਮੁਸਕਾਨ ਆਈ ਹੈ।

'ਮੇਰੇ ਬਾਰੇ ਪੁਲਸ ਨੂੰ ਖਬਰ ਜਾਰੀ ਕਰਨ ਦੀ ਕੀ ਪਈ ਏ ?...ਮੈਂ ਤਾਂ ਅਣ-ਪਛਾਤਿਆਂ ਜਾਵਾਂਗਾ, ਨਵਤੇਜ ਵਾਂਗ ਉਸਨੂੰ ਖ਼ਿਆਲ ਆਉਂਦਾ ਹੈ। ਸੋਚਦਾ ਹੈ 'ਪੁਲੀਸ ਮੇਰੇ ਬਾਰੇ ਵੀ ਕਹੇਗੀ 'ਅਸੀਂ ਤਾਂ ਓਦਣ ਸ਼ਾਮੀਂ ਹੀ ਛੱਡ ਦਿੱਤਾ ਸੀ'...ਖਰੇ ਹੁਣ ਵੀ ਮਹੀਨੇ ਤੋਂ ਇਹੀ ਕਹੀ ਜਾ ਰਹੀ ਹੋਵੇ।...ਸਾਲਾ ਕਿੱਥੇ ਫਸੇ ਆਂ...'

...ਤੇ ਯਾਦ ਆਇਆ...ਬੀ. ਏ. ਕੀਤੀ ਨੂੰ ਪੰਜਵਾਂ ਸਾਲ ਹੋ ਗਿਆ ਸੀ। ਕਈ ਪਾਸੀਂ ਹੱਥ-ਪੱਲਾ ਮਾਰਿਆ ਸੀ, ਪਰ ਕਿਧਰੇ ਵੀ ਨਹੁੰ ਨਾ ਅੜਿਆ। ਜ਼ਿੰਦਗੀ ਭਾਰ ਹੋ ਗਈ।

...ਤੇ ਇਕ ਦਿਨ ਸੁਖਵਿੰਦਰ ਨੇ ਕਿਹਾ "ਸ਼ੈਲੇ ਇਕ ਤਰੀਕਾ ਹੋ ਸਕਦਾ..."

"..."

"ਸੁਖਵਿੰਦਰ ਦੇ ਸਕੂਲ ਦਾ ਚੌਕੀਦਾਰ ਸੀ, ਨਵਤੇਜ...ਉਹਦੇ ਕੋਲ ਅੱਤਵਾਦੀ ਆਉਣ ਲੱਗੇ ਸਨ। ਪੁਲੀਸ ਨੇ ਉਸਨੂੰ ਚੁੱਕ ਲਿਆ ਤੇ ਫੜਕਾ ਕੇ ਔਹ ਮਾਰਿਆ...ਉਹ ਮਰ ਤਾਂ ਗਿਆ, ਪਰ ਸਰਕਾਰੀ ਕਾਗਜ਼ਾਂ 'ਚ ਗ਼ੈਰ-ਹਾਜ਼ਰ ਏ...ਇਹ ਪੋਸਟ ਖਾਲੀ ਕਰਵਾਈਏ ਤੇ ਕਿਸੇ ਤਰ੍ਹਾਂ ਮਹਿਕਮੇ 'ਚ ਫਸ ਜਾਈਏ, ਅੱਗੋਂ ਵੇਖੀ ਜਾਊ...ਕੀ ਖ਼ਿਆਲ ਏ ?"

ਉਹ ਬੋਲ ਨਹੀਂ ਸੀ ਸਕਿਆ।

"ਵੇਖ ਸ਼ੈਲੇ..."



"ਠੀਕ ਏ ਯਾਰ।" ਉਸਨੇ ਲਖਵਿੰਦਰ ਦੀ ਸਮਝਾਉਤੀ ਨੂੰ ਵਿਚਾਲੇ ਕੱਟਦਿਆਂ ਕਿਹਾ ਸੀ।

...ਤੇ ਉਹ ਚੌਕੀਦਾਰ ਹੋ ਗਿਆ ਸੀ।

ਉਸਦੀ ਜੀਵਨ ਤੋਰ 'ਚ ਜ਼ਰਾ ਕੁ ਮੜਕ ਆ ਗਈ ਸੀ। 'ਉਹ' ਆਉਣ ਲੱਗੇ ਤਾਂ ਹੋਰ ਜ਼ਰਾ ਲੜ-ਖੜਾ ਗਈ ਸੀ। ਫਿਰ ਹੌਲੀ-ਹੌਲੀ ਸਭ ਸਹਿਜ ਹੋ ਗਿਆ।

...ਤੇ ਉਹਨਾਂ 'ਚੋਂ ਹੀ ਕਿਸੇ ਦੇ ਪੁਲੀਸ ਦੇ ਹੱਥ ਆਉਣ ਨਾਲ ਉਸਦੀ ਹੋਣੀ ਪੁਲੀਸ ਦੇ ਹੱਥ ਆ ਗਈ। ਉਹ ਜੋ ਸੋਚਦਾ ਸੀ 'ਮੈਂ ਤਾਂ ਇਕ ਦੋ ਦਿਨਾਂ 'ਚ ਹੀ ਮਰ ਜਾਵਾਂਗਾ' ਮਹੀਨਾ ਭਰ ਜ਼ਿੰਦਾ ਰਹਿ ਗਿਆ। ਉਹ ਨਾ ਤੌਣੀਆਂ ਨਾਲ ਮਰਿਆ, ਨਾ ਚੱਡੇ ਪਾੜਨ ਨਾਲ। ਨਾ ਉਸਨੂੰ ਪੱਟਾਂ 'ਤੇ ਫਿਰਦੇ ਘੋਟਣੇ ਨੇ ਖਤਮ ਕੀਤਾ, ਨਾ ਗੁਪਤ ਅੰਗਾਂ 'ਤੇ ਲਾਏ ਜਾਂਦੇ ਕਰੰਟ ਨੇ। ਛੱਤ ਨਾਲ ਲਟਕਾਉਣ 'ਤੇ ਉਸ ਦੀਆਂ ਬਾਹਾਂ ਤਾਂ ਸਾਹਸਤਹੀਣ ਹੋ ਗਈਆਂ, ਪਰ ਉਹ ਮਰਿਆ ਨਾ। ਫਿਰ ਜਿੱਦਣ ਉਸਨੂੰ ਪੁੱਠਾ ਲਟਕਾਇਆ ਗਿਆ, ਸਾਰਾ ਖੂਨ ਅੱਖਾਂ 'ਚ ਉਤਰ ਆਇਆ, ਤਾਂ ਉਹ ਆਪਣੇ ਆਪ ਨੂੰ ਮੌਤ ਦੇ ਐਨ ਕੋਲ ਮਹਿਸੂਸ ਕਰ ਰਿਹਾ ਸੀ।

...ਤੇ ਜਦੋਂ ਉਸਨੇ ਆਪਣੇ ਆਪ ਨੂੰ ਫਰਸ਼ 'ਤੇ ਜ਼ਿੰਦਾ ਮਹਿਸੂਸ ਕੀਤਾ, ਤਾਂ ਉਹ ਜ਼ਿੰਦਾ ਹੋਣ 'ਤੇ ਹੈਰਾਨ ਸੀ।

...ਤੇ ਅੱਜ, ਮਹੀਨੇ ਬਾਅਦ ਉਸ ਦੀਆਂ ਅੱਖਾਂ 'ਤੇ ਕਾਲੀ ਪੱਟੀ ਹੈ।

ਜੀਪ ਦੇ ਅੰਦਰ-ਬਾਹਰ ਹਨੇਰਾ ਦੌੜੀ ਜਾ ਰਿਹਾ ਹੈ।

...ਤੇ ਜੀਪ ਰੁਕ ਗਈ ਹੈ।

ਅੱਖਾਂ ਤੋਂ ਪੱਟੀ ਉਤਾਰ ਦਿੱਤੀ ਗਈ ਹੈ।

ਉਸਨੂੰ ਜੀਪ ਤੋਂ ਹੇਠਾਂ ਉਤਾਰ ਲਿਆ ਗਿਆ ਹੈ।

"ਜਨਾਬ।" ਉਹ ਐਸ. ਐਚ. ਓ. ਨੂੰ ਮੁਖ਼ਾਤਿਬ ਹੋਇਆ ਹੈ, "ਮੇਰਾ ਗੁਨਾਹ ਏਨਾ ਵੱਡਾ ਤਾਂ ਨਹੀਂ, ਜਿੰਨੀ ਵੱਡੀ ਸਜ਼ਾ ਤੁਸੀਂ ਦੇਣ ਜਾ ਰਹੇ ਹੋ ?"

ਤੇ ਜਵਾਬ 'ਚ ਕਾਹੜ ਕਰਦੀ ਚੁਪੇੜ ਪਈ ਹੈ। ਫਿਰ ਹੂਰੇ, ਮੁੱਕੀਆਂ, ਘਸੁੰਨ ਜੋ ਰੁਕ ਲੱਗਾ...ਚੱਲਿਆ ਹੈ।

ਉਹ ਭੁੰਜੇ ਡਿੱਗ ਪਿਆ ਹੈ। ਐਚ. ਐਚ. ਓ. ਠੁੱਡ ਤੇ ਠੁੱਡ ਵਰ੍ਹਾਈ ਜਾ ਰਿਹਾ ਹੈ। ਉਹ ਬਿਨਾ ਕਿਸੇ ਉੱਚੀ ਆਵਾਜ਼ ਦੇ ਸਭ ਸਹਿਨ ਕਰੀ ਜਾ ਰਿਹਾ ਹੈ।

"ਗੁਨਾਹ ?...ਮਾਂ ਦਾ ਖ਼ਸਮ...ਗੁਨਾਹ ਸਮਝਾਉਂਦਾ...ਉੱਠ ਖੜਾ ਹੋ।"

ਉਹ ਖੜਾ ਹੋ ਗਿਆ ਹੈ।

"ਦੱਸਾਂ ਗੁਨਾਹ ?"

"ਜਨਾਬ, ਮੇਰੇ ਗੁਨਾਹ ਦੀ ਜੜ੍ਹ ਤਾਂ ਵੇਖੋ।"

"ਜੜ੍ਹ ?" ਐਚ. ਐਚ. ਓ. ਹੱਸਿਆ ਹੈ "ਸਾਡਾ ਕੰਮ ਜੜ੍ਹਾਂ ਦੇਖਣਾ ਨਹੀਂ, ਅਸੀਂ ਤਾਂ ਬਸ......"

ਤੇ ਉਸਨੇ ਉਦੋਂ ਤੱਕ ਘੋੜਾ ਦਬਾਈ ਰੱਖਿਆ ਹੈ, ਜਦੋਂ ਤੱਕ ਭੰਗ ਹੋਈ ਸ਼ਾਂਤੀ ਸੰਨਾਟੇ 'ਚ ਨਹੀਂ ਬਦਲ ਗਈ।●

(ਦੇਸ਼ ਸੇਵਕ— ਚੰਡੀਗੜ੍ਹ)

## ਆਮ ਲੋਕਾਂ ਦਾ ਕਵੀ—ਉਸਤਾਦ ਦਾਮਨ/ਹਰਭਜਨ ਸਿੰਘ ਹੁੰਦਲ
## (1911-84)

ਪਾਕਿਸਤਾਨ ਦੀ ਪੰਜਾਬੀ ਕਵਿਤਾ ਵਿਚ, ਦਾਮਨ ਦੇ ਨਾਂ ਦੀ ਦੇਰ ਤੋਂ ਚਰਚਾ ਸੁਣੀਂਦੀ ਸੀ। ਉਹ ਲੋਕਾਂ ਦੀ ਸਰਲ, ਸਾਦਾ ਬੋਲੀ ਵਿਚ ਅਵਾਮ ਦੇ ਦੁੱਖਾਂ ਦਰਦਾਂ ਨੂੰ ਨਿਸੰਗ ਹੋ ਕੇ ਬਿਆਨ ਕਰਨ ਵਾਲਾ ਲੋਕ-ਕਵੀ ਸੀ ਤੇ ਸਟੇਜੀ-ਹੁਨਰ ਅਥਵਾ ਕਵਿਤਾ ਦੀ ਪੇਸ਼ਕਾਰੀ ਵਿਚ, ਉਹ ਵੱਡੇ ਵੱਡੇ ਸਾਹਿਤਕ ਕਵੀਆਂ ਨੂੰ ਮਾਤ ਪਾ ਜਾਂਦਾ ਸੀ। ਉਸ ਦੀ ਲੋਕ-ਪ੍ਰਿਅਤਾ ਦਾ ਆਧਾਰ ਲੋਕਾਂ ਦੇ ਮਸਲਿਆਂ ਨਾਲ ਡੂੰਘੀ ਤਰ੍ਹਾਂ ਜੁੜੇ ਹੋਣ ਵਿਚ ਸੀ। ਵਾਹਘੇ-ਪਾਰ ਤੋਂ ਆਉਂਦੇ ਜਾਂਦੇ ਦੋਸਤਾਂ ਮਿੱਤਰਾਂ ਦੀ ਜ਼ੁਬਾਨੀਂ ਉਸ ਦੇ ਕਾਵਿ-ਟੋਟੇ ਅਕਸਰ ਹੀ ਸੁਣਨ ਪੜ੍ਹਨ ਨੂੰ ਮਿਲਦੇ ਰਹਿੰਦੇ ਸੀ, ਪਰ ਆਪਣੀ ਹਯਾਤੀ ਵਿਚ ਉਸਤਾਦ ਦਾਮਨ ਦਾ ਸਮੁੱਚਾ ਕਲਾਮ ਪੁਸਤਕ ਰੂਪ ਵਿਚ ਛਪ ਨਹੀਂ ਸੀ ਸਕਿਆ। ਏਸੇ ਕਾਰਨ ਉਸ ਦੀ ਕਵਿਤਾ ਬਾਰੇ ਆਮ ਲੋਕਾਂ ਤੇ ਸਰੋਤਿਆਂ ਵਿਚ ਤਾਂ ਜ਼ੁਬਾਨੀਂ-ਕਲਾਮੀਂ ਚਰਚਾ ਚਲਦੀ ਰਹਿੰਦੀ ਸੀ, ਪਰ ਛਪੀ **Text** ਦੀ ਅਣਹੋਂਦ ਕਾਰਨ ਕਦੇ ਵੀ ਸਿਲਸਿਲੇਵਾਰ ਅਧਿਐਨ ਨਹੀਂ ਸੀ ਕੀਤਾ ਗਿਆ।

ਦਸੰਬਰ 1984 ਵਿਚ ਉਸ ਦੀ ਮੌਤ ਉਪਰੰਤ 'ਦਾਮਨ ਅਕਾਡਮੀ' ਦੀ ਸਥਾਪਨਾ ਸਦਕਾ ਕਵੀ ਦੀ ਸਮੁੱਚੀ ਕਾਵਿ-ਰਚਨਾ ਨੂੰ ਲੱਭਣ, ਸਾਂਭਣ ਤੇ ਛਾਪਣ ਦਾ ਉਦਮ ਆਰੰਭ ਹੋਇਆ। ਦਾਮਨ ਦੇ ਦੋਸਤਾਂ ਤੇ ਸ਼ਾਗਿਰਦਾਂ ਦੇ ਉਦਮ ਨਾਲ, 'ਦਾਮਨ ਦੇ ਮੋਤੀ' (1993) ਕਿਤਾਬ ਛਾਪੀ ਗਈ, ਜਿਸ ਵਿਚ ਸਮੁੱਚੀਆਂ ਕਾਵਿ-ਕਿਰਤਾਂ ਨੂੰ ਸ਼ਾਮਿਲ ਕੀਤਾ ਗਿਆ ਸੀ। ਇਸ ਖੇਤਰ ਵਿਚ ਦੂਸਰਾ ਉਪਰਾਲਾ ਕੰਵਲ ਮੁਸ਼ਤਾਕ ਨੇ ਆਪਣੀ ਪੁਸਤਕ 'ਉਸਤਾਦ ਦਾਮਨ' 'ਸ਼ਾਇਰੀ ਤੇ ਸ਼ਖ਼ਸ਼ੀਅਤ' ਨਾਲ ਕੀਤਾ ਹੈ। ਇਸ ਵਿਚ ਦਾਮਨ ਦੇ ਜੀਵਨ ਵੇਰਵੇ ਦੇ ਨਾਲ ਨਾਲ ਉਸ ਦੀ ਕਵਿਤਾ ਦਾ ਵਿਸ਼ਲੇਸ਼ਣ ਵੀ ਕੀਤਾ ਗਿਆ ਤੇ ਫ਼ੈਜ਼ ਦੀ ਸ਼ਾਇਰੀ ਨਾਲ ਤੁਲਨਾਤਮਿਕ-ਅਧਿਐਨ ਵੀ ਪੇਸ਼ ਕੀਤਾ ਗਿਆ ਹੈ ਤੇ ਵਾਧਾ ਇਹ ਕਿ ਦਾਮਨ ਦੇ ਫਿਲਮੀ ਗੀਤ ਵੀ ਇਕੱਤਰ ਕਰ ਦਿਤੇ ਗਏ ਹਨ।

ਉਸਤਾਦ ਕਿਤੇ ਵਜੋਂ ਇਕ ਦਰਜ਼ੀ ਸੀ। ਦੇਸ਼ ਦੀ ਵੰਡ ਤੋਂ ਪਹਿਲਾਂ ਆਜ਼ਾਦੀ ਸੰਘਰਸ਼ ਦੇ ਸਮੇਂ ਉਸ ਦੀ ਕਵਿਤਾ ਪ੍ਰਵਾਨ ਚੜ੍ਹੀ ਤੇ ਹਰਮਨ-ਪਿਆਰੀ ਹੋਈ। ਅੰਗਰੇਜ਼ੀ ਸਾਮਰਾਜ ਦੇ ਵਿਰੁੱਧ, ਭਾਰਤੀ ਲੋਕਾਂ ਦੇ ਸਾਂਝੇ ਸੰਘਰਸ਼ਾਂ ਦਾ ਵਰਨਣ ਉਸ ਦੀ ਕਵਿਤਾ ਦਾ ਮੁਢਲੀ ਪ੍ਰੇਰਨਾ-ਸਰੋਤ ਸੀ।

> ਚਾਲ ਬਾਜ਼ ਨੇ ਆਪਣੀ ਚਾਲ ਅੰਦਰ, ਜੋ ਜੋ ਚਾਲ ਚੱਲੀ, ਗੋਲ ਮੋਲ ਚੱਲੀ।
> ਚੱਲਦੀ ਰਹੀ, ਚੱਲ ਕੇ ਰਹੀ, ਖ਼ੂਬ ਚੱਲੀ, ਚੱਲੀ ਚਾਲ ਤੇ ਚਾਲ ਅਡੋਲ ਚੱਲੀ।
> ਇਹ ਵੀ ਦੂਰ ਹੁਣ ਚਲਿਆ ਜਾਪਦਾ ਏ, ਗੌਰਮਿੰਟ ਬਰਤਾਨੀਆਂ ਡੋਲ ਚੱਲੀ,
> ਪਿੱਸੂ ਪਏ ਐਸੇ, ਤੋਤੇ ਉੱਡ ਗਏ ਨੇ, ਪੇਂਜਾ ਸੌਂ ਗਿਆ ਤੇ ਬਿੰਬ ਬੋਲ ਚੱਲੀ।
>
> —ਦਾਮਨ ਦੇ ਮੋਤੀ-ਪੰਨਾ 79

ਦਾਮਨ ਦੀ ਕਵਿਤਾ ਦਾ ਵਿਸ਼ੇਸ਼ ਪੱਖ ਇਸ ਵਿਚਲਾ ਸਿਆਸੀ ਮਸਲਿਆਂ ਪ੍ਰਤੀ ਡੂੰਘਾ ਲਗਾਓ ਤੇ ਸਮਝ ਹੈ। ਇਹ ਰੰਗ ਵਰ੍ਹਿਆਂ ਦੇ ਬੀਤਣ ਨਾਲ ਹੋਰ ਗੂਹੜਾ ਹੁੰਦਾ ਗਿਆ। ਪੰਜਾਬੀ



ਵਿਚ ਉਸਤਾਦ ਦਾਮਨ ਤੇ ਉਰਦੂ ਵਿਚ ਹਬੀਬ ਜਾਲਬ, ਦੋਵੇਂ ਸਮਕਾਲੀ ਕਵੀਆਂ ਵਿਚ ਜ਼ੁਬਾਨ ਦੇ ਵਖਰੇਵੇਂ ਤੋਂ ਬਿਨਾਂ ਬੜੀਆਂ ਸਾਂਝਾਂ ਤੇ ਸਮਾਨਤਾਵਾਂ ਹਨ। ਦੋਵਾਂ ਦੀ ਭਾਸ਼ਾ ਸਰਲ ਤੇ ਠੇਠ ਹੈ, ਦੋਵੇਂ ਹੀ ਮੁੱਖ ਰੂਪ ਵਿਚ ਸਿਆਸੀ ਰੰਗਤ ਵਾਲੇ ਕਵੀ ਹਨ। ਦੋਵੇਂ ਹੀ ਫੌਜੀ ਰਾਜ ਦੇ ਵਿਰੁੱਧ ਲਿਖਦੇ, ਲੰਮੀਆਂ ਕੈਦਾਂ ਤੇ ਨਜ਼ਰਬੰਦੀਆਂ ਕੱਟਦੇ ਹਨ ਪਰ ਦੋਵੇਂ ਹੀ ਆਪਣੇ ਸਿਦਕ ਤੇ ਸਿਰੜ ਨੂੰ ਆਖਰੀ ਸਵਾਸਾਂ ਤੀਕ ਨਿਭਾਉਂਦੇ ਹਨ।

ਦੇਸ਼ ਦੀ ਵੰਡ ਤੋਂ ਕੁਝ ਸਾਲਾਂ ਬਾਅਦ, ਦਿੱਲੀ ਵਿਚ ਹੋਏ ਇਕ ਮੁਸ਼ਹਿਰੇ ਵਿਚ ਜਦੋਂ ਪੰਡਤ ਨਹਿਰੂ ਨੇ ਦਾਮਨ ਨੂੰ ਭਾਰਤ ਵਿਚ ਹੀ ਰਹਿਣ ਲਈ ਪੇਸ਼ਕਸ਼ ਕੀਤੀ ਤਾਂ ਦਾਮਨ ਨੇ ਕਿਹਾ, "ਰਹਾਂਗਾ ਮੈਂ ਲਾਹੌਰ ਵਿਚ ਹੀ, ਭਾਵੇਂ ਜੇਲ੍ਹ ਵਿਚ ਰਹਾਂ।" ਦੇਸ਼ ਦੀ ਵੰਡ ਬਾਰੇ ਲਿਖਿਆ ਉਨ੍ਹਾਂ ਦਾ ਹੇਠਲਾ ਬੈਂਤ ਸਾਰੇ ਪੰਜਾਬੀਆਂ ਦੇ ਦਰਦ ਨੂੰ ਪ੍ਰਗਟ ਕਰਦਾ ਹੈ।

> ਭਾਵੇਂ ਮੂੰਹੋਂ ਨਾ ਕਹੀਏ, ਪਰ ਵਿੱਚੋਂ ਵਿਚੀਂ,
> ਖੋਏ ਤੁਸੀਂ ਵੀ ਓ, ਖੋਏ ਅਸੀਂ ਵੀ ਆਂ।
> ਇਹਨਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਣਾ,
> ਹੋਏ ਤੁਸੀਂ ਵੀ ਓ, ਹੋਏ ਅਸੀਂ ਵੀ ਆਂ।
> ਕੁਝ ਉਮੀਦ ਏ, ਜ਼ਿੰਦਗੀ ਮਿਲ ਜਾਏਗੀ,
> ਮੋਏ ਤੁਸੀਂ ਵੀ ਓ, ਮੋਏ ਅਸੀਂ ਵੀ ਆਂ।
> ਜੀਊਂਦੀ ਜਾਨ ਈ ਮੌਤ ਦੇ ਮੂੰਹ ਅੰਦਰ,
> ਢੋਏ ਤੁਸੀਂ ਵੀ ਓ, ਢੋਏ ਅਸੀਂ ਵੀ ਆਂ।
> ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ,
> ਸੋਏ ਤੁਸੀਂ ਵੀ ਓ, ਸੋਏ ਅਸੀਂ ਵੀ ਆਂ।
> ਲਾਲੀ ਅੱਖੀਆਂ ਦੀ ਪਈ ਦੱਸਦੀ ਏ,
> ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ।
>
> —ਪੰਨਾ-98

ਦਾਮਨ ਨੇ ਤਿੱਖੀ ਨਜ਼ਰ ਤੇ ਨਿੱਜੀ ਅਨੁਭਵ ਰਾਹੀਂ ਛੇਤੀ ਹੀ ਵੇਖ-ਜਾਚ ਲਿਆ ਕਿ ਪਾਕਿਸਤਾਨ ਦੀ ਸਥਾਪਨਾ ਨਾਲ ਜਨ-ਸਾਧਾਰਨ ਦੇ ਸੁਪਨੇ ਪੂਰੇ ਨਹੀਂ ਸੀ ਹੋਏ, ਸਗੋਂ ਸ਼ਹਿਰੀ ਆਜ਼ਾਦੀਆਂ ਦੀ ਅਣਹੋਂਦ ਕਾਰਨ ਉਹ ਹੋਰ ਵੀ ਤੰਗ ਹੋ ਗਏ ਸਨ। ਲਾਭ ਜੇ ਹੋਇਆ ਸੀ ਤਾਂ ਮੁਸਲਿਮ ਹਾਕਮ ਜਮਾਤਾਂ ਨੂੰ ਹੋਇਆ ਸੀ।

> ਪਾਕਿਸਤਾਨ ਮਕਾਨ ਇੱਕ ਬਣ ਗਿਆ ਏ
> ਵੱਸਣ ਸਾਧ ਉੱਤੇ, ਰਹਿੰਦੇ ਚੋਰ ਹੇਠਾਂ।
> ਏਥੇ ਨਵਾਂ ਹਿਸਾਬ ਇੱਕ ਨਿਕਲਿਆ ਏ
> ਰਹਿਣ ਸੈਂਕੜੇ ਉੱਤੇ, ਕਰੋੜ ਹੇਠਾਂ।
> ਭੱਜ ਭੱਜ ਕੇ ਵੱਖੀਆਂ ਚੂਰ ਹੋਈਆਂ
> ਭੌਂ ਚੌਂ ਵੇਖਿਆ ਤੇ ਖੋਤੀ ਬੋਹੜ ਹੇਠਾਂ।—ਪੰਨਾ-110

ਪਾਕਿਸਤਾਨ ਵਿਚ ਲੋਕ-ਰਾਜ ਦੀਆਂ ਸੰਸਥਾਵਾਂ ਤੇ ਰਵਾਇਤਾਂ ਨੂੰ ਵਿਕਸਿਤ ਹੋਣ ਦਾ ਮੌਕਾ

ਮਿਲਣ ਤੋਂ ਪਹਿਲਾਂ ਹੀ ਫੌਜੀ ਰਾਜ ਕਾਇਮ ਹੋ ਗਿਆ ਤੇ ਫਿਰ ਇਹ ਸਿਲਸਿਲਾ ਕਈ ਦਹਾਕੇ ਤੀਕ ਨਿਰਵਿਘਨ ਚੱਲਦੇ ਰਿਹਾ । ਅਮਰੀਕੀ ਸਾਮਰਾਜ ਨੂੰ ਫੌਜੀ ਰਾਜ ਵਧੇਰੇ ਮੁਆਫਕ ਬੈਠਦਾ ਸੀ । ਦਾਮਨ ਲਈ ਸ਼ਾਇਰੀ ਦੇ ਖੇਤਰ ਵਿਚ ਪਾਸਾ ਚੁਣਨ ਵੇਲੇ ਕੋਈ ਮੁਸ਼ਕਲ ਨਹੀਂ ਆਈ। ਉਹ ਆਪਣੇ ਅਵਾਮ ਦੇ ਨਾਲ ਖਲੋਤਾ ਸੀ ਤੇ ਹਾਕਮਾਂ ਜਮਾਤਾਂ ਦੀਆਂ ਲੋਕ-ਵਿਰੋਧੀ ਨੀਤੀਆਂ ਉੱਤੇ ਵਿਅੰਗ ਕੱਸਦਾ, ਇਹਨਾਂ ਦੇ ਪਰਦੇ ਚਾਕ ਕਰਦਾ ਰਿਹਾ ਸੀ। ਸਿੱਟੇ ਵਜੋਂ ਗ੍ਰਿਫਤਾਰੀਆਂ, ਨਜ਼ਰਬੰਦੀਆਂ ।

ਸਟੇਜਾਂ ਤੇ ਆਈਏ, ਸਿਕੰਦਰ ਹੋਈਦਾ ਏ
ਸਟੇਜੋਂ ਉਤਰ ਕੇ, ਕਲੰਦਰ ਹੋਈਦਾ ਏ
ਉਲਝੇ ਜੇ 'ਦਾਮਨ' ਹਕੂਮਤ ਕਿਸੇ ਨਾਲ
ਬਸ ਏਨਾ ਈ ਹੁੰਦਾ ਏ, ਅੰਦਰ ਹੋਈਦਾ ਏ । ਪੰਨਾ-118

ਦਾਮਨ ਨੇ ਪਾਕਿਸਤਾਨੀ ਫੌਜੀ ਹਾਕਮਾਂ ਦੀ ਅਮਰੀਕੀ ਸਾਮਰਾਜੀਆਂ ਨਾਲ ਕੀਤੀ ਫੌਜੀ-ਸੰਧੀ ਨੂੰ ਪ੍ਰਵਾਨ ਨਹੀਂ ਕੀਤਾ । ਉਸ ਨੂੰ ਪਤਾ ਸੀ ਇਹ ਫੌਜੀ ਸਮਝੌਤਾ ਪਾਕਿਸਤਾਨੀ ਜਨ-ਸਾਧਾਰਨ ਦੇ ਕਿਸੇ ਮਸਲੇ ਦਾ ਕੋਈ ਹੱਲ ਨਹੀਂ ਲੱਭ ਸਕਦਾ ।

ਅਮਰੀਕਾ । ਜ਼ਿੰਦਾਬਾਦ ਅਮਰੀਕਾ
ਹਰ ਮਰਜ਼ ਦਾ ਟੀਕਾ, ਜ਼ਿੰਦਾਬਾਦ ਅਮਰੀਕਾ ।
ਬੇਗਮ ਕੀ ਕਹਿੰਦੀ, ਗ਼ਰਾਰਾ ਕੀ ਕਹਿੰਦਾ ?
ਅਸਾਡੇ ਵਜ਼ੀਰਾਂ ਦਾ ਕੀ ਪੁੱਛ ਰਹੇ ਓ ?
ਜੇ ਦੌਰਾ ਵੀ ਪੈਂਦਾ, ਅਮਰੀਕਾ ਦਾ ਪੈਂਦਾ ।

ਉਹ ਦੇਸ ਦੇ ਪ੍ਰਧਾਨ-ਮੰਤਰੀ ਨੂੰ ਸਪੱਸ਼ਟ ਸਵਾਲ ਪੁੱਛਦਾ ਹੈ ?

ਇਹ ਕੀ ਕਰੀ ਜਾਨਾਂ, ਇਹ ਕੀ ਕਰੀ ਜਾਨਾਂ
ਕਦੀ ਸ਼ਿਮਲੇ ਜਾਨਾਂ, ਕਦੇ ਮਰੀ ਜਾਨਾਂ
ਲਾਹੀ ਖੇਸ ਜਾਨਾਂ, ਖਿੱਚੀ ਦਰੀ ਜਾਨਾਂ
ਕਦੀ ਚੀਨ ਜਾਨਾ ਏਂ, ਕਦੀ ਰੂਸ ਜਾਨਾ ਏਂ
ਬਣ ਕੇ ਤੂੰ ਅਮਰੀਕੀ ਜਾਸੂਸ ਜਾਨਾ ਏਂ
ਇਹ ਕੀ ਕਰੀ ਜਾਨਾ, ਇਹ ਕੀ ਕਰੀ ਜਾਨਾਂ ਪੰਨਾ-89

ਫੌਜੀ ਰਾਜ ਦੀ ਵਿਰੋਧਤਾ ਦਾਮਨ ਦੇ ਕਾਵਿ-ਸ਼ਾਸਤਰ ਦਾ ਇਕ ਹੋਰ ਨਰੋਇਆ ਪੱਖ ਹੈ। ਜਿੰਨੀ ਬੇਬਾਕੀ, ਜੁਰਅਤ, ਨਿਝੱਕਤਾ ਅਤੇ ਨਿੱਡਰਤਾ ਨਾਲ ਦਾਮਨ ਨੇ ਫੌਜੀ ਰਾਜ ਪ੍ਰਬੰਧ ਉੱਤੇ ਵਿਅੰਗ ਤੇ ਤੀਰ ਸੇਧੇ ਹਨ, ਇਸ ਤਰ੍ਹਾਂ ਦੀ ਮਿਸਾਲ ਪਾਕਿਸਤਾਨੀ ਅਦਬ ਵਿਚ ਸਾਨੂੰ ਹਬੀਬ ਜਾਲਬ ਦੀ ਉਰਦੂ ਸ਼ਾਇਰੀ ਵਿਚ ਮਿਲਦੀ ਹੈ । ਸਾਫ ਹੈ ਕਿ ਇਹ ਵਿਰੋਧਤਾ ਸੀਸ ਤਲੀ ਤੇ ਰੱਖ ਕੇ, ਗਲੀ ਵਿਚ ਨਿਕਲ ਆਉਣ ਨਾਲ ਹੀ ਕੀਤੀ ਜਾ ਸਕਦੀ ਸੀ ।

ਮੇਰੇ ਮੁਲਕ ਦੇ ਦੋ ਖ਼ੁਦਾ
ਲਾ ਇੱਲਾ ਤੇ ਮਾਰਸ਼ਲ ਲਾ



ਇਕ ਰਹਿੰਦਾ ਏ ਅਰਸ਼ਾਂ ਉੱਤੇ
ਦੂਜਾ ਰਹਿੰਦਾ ਫਰਸ਼ਾਂ ਉੱਤੇ
ਵਾਹ ਭਈ, ਵਾਹ, ਜਰਨਲ ਜ਼ਿਆ !
ਕੌਣ ਕਹਿੰਦਾ ਤੈਨੂੰ ਏਥੋਂ ਜਾ !

ਸਾਡੇ ਦੇਸ 'ਚ ਮੌਜਾਂ ਈ ਮੌਜਾਂ
ਜਿੱਧਰ ਵੇਖੋ, ਫੌਜਾਂ ਈ ਫ਼ੌਜਾਂ
ਲੱਖਾਂ ਬੰਦੇ ਕੈਦੀ ਹੋ ਕੇ
ਅੱਧਾ ਦਿੰਦੇ ਮੁਲਕ ਗਵਾ
ਵਾਹ ਭਈ ਵਾਹ ! ਜਰਨਲ ਜ਼ਿਆ !
ਕੌਣ ਕਹੇ. ਤੈਨੂੰ ਏਥੋਂ ਜਾ ! ਪੰਨਾ-89

ਇਕ ਤੋਂ ਬਾਅਦ ਦੂਜੇ, ਫੌਜੀ ਤਾਨਾਸ਼ਾਹ ਦੇ ਬਦਲਣ ਦੀ ਇਹ ਪਰਕਿਰਿਆ ਜਿਵੇਂ ਪਾਕਿਸਤਾਨੀ ਸਮਾਜ ਦੀ ਸਦੀਵੀ ਜੀਵਨ-ਸ਼ੈਲੀ ਬਣ ਗਈ ਹੋਵੇ । ਦਾਮਨ ਦੇ ਸਮਕਾਲੀ ਉਰਦੂ ਕਵੀ ਜਾਲਬ ਨੇ ਵੀ ਏਸੇ ਹੀ ਕਾਵਿ-ਮੁਹਾਵਰੇ ਵਿਚ ਲਿਖਿਆ ਸੀ,

ਤੁਮ ਸੇ ਪਹਿਲੇ ਵੁਹ ਜੋ ਇਕ ਸ਼ਖ਼ਸ ਯਹਾਂ ਤਖ਼ਤ-ਨਸ਼ੀਂ ਥਾ ।
ਉਸ ਕੋ ਭੀ ਆਪਨੇ ਖ਼ੁਦਾ ਹੋਨੇ ਪੇ ਇਤਨਾ ਹੀ ਯਕੀਂ ਥਾ ।

ਉਸਤਾਦ ਦਾਮਨ ਭਾਰਤ-ਪਾਕ ਦੋਸਤੀ ਦਾ ਮੁਦੱਈ ਸੀ । ਉਸ ਨੂੰ ਪਤਾ ਸੀ ਕਿ ਦੇਸ਼ ਦੇ ਟੁਕੜੇ ਹੋਣ ਨਾਲ ਜਨ-ਸਾਧਾਰਨ ਫਿਰਕੂ ਆਧਾਰ ਤੇ ਵੰਡੇ ਗਏ ਸਨ,

ਵਾਹਘੇ ਨਾਲ ਅਟਾਰੀ ਦੀ ਨਹੀਂ ਟੱਕਰ
ਨਾ ਗੀਤਾ ਨਾਲ ਕੁਰਾਨ ਦੀ ਏ ।
ਨਹੀਂ ਕੁਫ਼ਰ ਇਸਲਾਮ ਦਾ ਕੋਈ ਝਗੜਾ
ਸਾਰੀ ਗੱਲ ਇਹ ਨਫੇ ਨੁਕਸਾਨ ਦੀ ਏ । ਪੰਨਾ-82

ਐਪਰ ਜੇ ਉਸਤਾਦ ਦਾਮਨ ਦੀਆਂ 1965 ਦੀ ਭਾਰਤ-ਪਾਕ ਜੰਗ ਨਾਲ ਸਬੰਧਤ ਕਵਿਤਾਵਾਂ ਨੂੰ ਡੂੰਘੀ ਨਜ਼ਰ ਨਾਲ ਵੇਖੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਕਵੀ ਕੌਮੀ ਛਾਵਨਵਾਦ ਤੇ ਫਿਰਕੂ ਜਜ਼ਬੇ ਦਾ ਵਕਤੀ ਤੌਰ ਤੇ ਸ਼ਿਕਾਰ ਹੋ ਗਿਆ ਸੀ । ਕਿਉਂਕਿ ਕਵੀ ਮੁੱਖ ਤੌਰ ਤੇ ਭਾਵਕ ਵਿਅਕਤੀ ਹੁੰਦਾ ਹੈ ਤੇ ਇਹ ਸੰਭਵ ਨਹੀਂ ਕਿ ਹਰ ਔਖੀ ਘੜੀ ਤੇ ਹਰ ਇਮਤਿਹਾਨ ਦੇ ਮੌਕੇ, ਉਹ ਆਸੇ ਪਾਸੇ ਦੇ ਜ਼ਹਿਰੀ ਮਾਹੌਲ ਤੋਂ ਬੇਅਸਰ ਰਹੇ । ਉਂਝ ਵੀ ਸ਼ਾਇਰੀ ਦਾ ਰਾਹ ਕੋਈ ਸਿੱਧ ਪੱਧਰਾ ਕੌਮੀ ਸ਼ਾਹਰਾਹ ਨਹੀਂ ਹੁੰਦਾ । ਇਸ ਵਿਚ ਬੜੇ ਮੋੜ ਆਉਂਦੇ ਹਨ ਤੇ ਹਰ ਚਣੌਤੀ ਚੋਂ ਬੇਦਾਗ ਪਾਰ ਲੰਘਣਾ ਹਰ ਵਾਰ ਸੰਭਵ ਤੇ ਸੌਖਾ ਨਹੀਂ ਹੁੰਦਾ । ਕਵੀ ਦਾ ਇਹ ਰੰਗ ਵੀ ਪੇਸ਼ ਹੈ ।

ਲਾਹੌਰ ਸ਼ਹਿਰ ਕੋਲੋਂ ਦਿੱਲੀ ਦੂਰ ਤੇ ਨਹੀਂ
ਅਜੀਂ ਗ਼ਜ਼ਨੀਂ ਤੋਂ ਚੱਲ ਕੇ ਆਂਵਦੇ ਰਹ
ਸੋਮਨਾਥ ਨਾਂ ਬਦਣਗੇ ਗਾਜ਼ੀਆਂ ਤੋਂ
ਇਕ ਭਰਪੂਰ ਹਮਲਾ ਕਰਨਾ ਜਾਣਦੇ ਆ ।

ਗੰਗਾ ਜਮਨਾ ਤੇ ਵੇਖੇ ਨੇ ਤਰ ਤਰ ਕੇ
ਅਸੀਂ ਤਾਰੂ ਆਂ ਸਾਰਿਆਂ ਪਾਣੀਆਂ ਦੇ
ਵਗਦੇ ਖ਼ੂਨ ਦੇ ਹੋਣ ਦਰਿਆ ਜੇਕਰ
ਸੁਰਖ਼ਰੂਅ ਹੋ ਕੇ ਤਰਨਾ ਜਾਣਦੇ ਆਂ ।

ਕੰਵਲ ਮੁਸ਼ਤਾਕ—ਪੰਨਾ-85

ਸੰਭਵ ਹੈ ਉਕਤ ਸਥਿਤੀ ਦਾ ਇਕ ਕਾਰਨ ਇਹ ਵੀ ਹੋਵੇ ਕਿ ਦਾਮਨ ਆਪਣੀ ਕਵਿਤਾ ਕਿਸੇ ਨਿਸ਼ਚਿਤ ਦਾਰਸ਼ਨਿਕ ਸਿਧਾਂਤ ਦੀ ਰੌਸ਼ਨੀ ਵਿਚ ਨਹੀਂ, ਸਗੋਂ ਸਿੱਧਾ ਜੀਵਨ-ਅਨੁਭਵ ਦੇ ਸਹਾਰੇ ਲਿਖਦਾ ਹੋਵੇ, ਜੀਵਨ-ਅਨੁਭਵ ਜਿਸ ਨੂੰ ਕਈ ਵਾਰ ਨਵੀਆਂ ਪੈਦਾ ਹੋਈਆਂ ਸਥਿਤੀਆਂ ਵਕਤੀ ਤੌਰ ਤੇ ਪ੍ਰਭਾਵਤ ਕਰਦੀਆਂ ਹਨ । ਫੇਰ ਵੀ ਜਦੋਂ ਜੰਗ ਨਾਲ ਸਬੰਧਤ ਇਕ-ਪਾਸੜ ਯਥਾ-ਰਥ ਪੇਸ਼ ਕਰਦਿਆਂ ਇਹ ਕਵਿਤਾਵਾਂ ਭਾਰਤੀ ਪੰਜਾਬ ਦੇ ਪਾਠਕ ਪੜ੍ਹਨਗੇ ਤਾਂ ਨਿਸਚੇ ਹੀ ਦਾਮਨ ਦੀ ਕਵਿਤਾ ਬਾਰੇ ਬਣੇ ਉਸਦੇ ਜਨ-ਵਾਦੀ ਤਸੱਵਰ ਬਾਰੇ ਭਰਮ-ਭੁਲੇਖੇ ਪੈਦਾ ਹੋਣੇ ਸੰਭਵ ਹਨ । ਪਰ ਅਜੇਹੀ ਭਾਵਕ ਵਿਕੋਲਿਤਰੀ ਪ੍ਰਤੀਕਿਰਿਆ, ਉਸ ਦੇ ਸਮੁੱਚੇ ਕਾਵਿ-ਜਗਤ ਨੂੰ ਰੱਦ ਨਹੀਂ ਕਰ ਸਕਦੀ, ਨਾ ਹੀ ਉਸ ਦੇ ਬਣੇ ਬਿੰਬ ਨੂੰ ਤੋੜ ਸਕਦੀ ਹੈ ।

ਦਾਮਨ ਦੇ ਕਾਵਿ-ਸੰਸਾਰ ਵਿਚ ਬੜੀ ਵੰਨਗੀ ਤੇ ਪਾਸਾਰ ਹਨ । ਪਰ ਇਸ ਵਿਚ ਸ਼ੱਕ ਨਹੀਂ ਕਿ ਉਸ ਦਾ ਕਾਵਿ-ਬਿੰਬ ਮੁੱਖ ਤੌਰ ਤੇ ਰਾਜਸੀ ਕਵੀ ਦਾ ਹੀ ਹੈ । ਲੋਕਾਂ ਪ੍ਰਤੀ ਵਚਨਬੱਧਤਾ (Commitment) ਸਰਕਾਰੀ ਲੋਕ-ਵਿਰੋਧੀ ਨੀਤੀਆਂ ਦੀ ਬੇਕਿਰਕ ਆਲੋਚਨਾ ਫੌਜੀ ਰਾਜ ਦਾ ਵਿਰੋਧ ਤੇ ਅਮਰੀਕੀ ਸਾਮਰਾਜ ਪ੍ਰਤੀ ਉਸ ਦੇ ਮਨ ਵਿਚਲੀ ਘਿਰਣਾ, ਜਿਸ ਦੇ ਮੁੱਖ ਸਰੋਕਾਰ (Concerns) ਹਨ ।

ਵਿਸ਼ਵਾਸ਼ ਵਜੋਂ ਦਾਮਨ ਧਾਰਮਿਕ ਬੰਦਾ ਹੈ, ਪਰ ਉਹ ਫਿਰਕਾਪ੍ਰਸਤ ਨਹੀਂ । ਉਹ ਇਕ ਚੰਗਾ ਮੁਸਲਮਾਨ ਬਣਨ ਦਾ ਚਾਹਵਾਨ ਹੈ ਤੇ ਆਪਣੇ ਰੱਬ ਨਾਲ ਨਿਸੰਗ ਹੋ ਕੇ ਗੱਲਾਂ ਕਰਨੀਆਂ ਲੋਚਦਾ ਹੈ । ਉਹ ਧਾਰਮਿਕ ਪਾਖੰਡ ਦਾ ਵੀ ਵਿਰੋਧੀ ਹੈ ।

ਜੇ ਸਾਹਮਣੇ ਹੋਵੇ ਤੇ ਗੱਲ ਕਰੀਏ,
ਖੌਰੇ ਅਸਮਾਨਾਂ ਤੇ ਬੈਠ ਕੇ, ਕੀ ਕਰਦਾ ?
ਮੰਨਾ ਮੂਰਤੀ, ਕਾਹਬੇ ਦੇ ਵੱਲ ਝੁਕਨਾ
ਰਾਮ ਆਪਣਾ, ਗੈਰ ਰਹਿਮਾਨ ਵੀ ਨਹੀਂ
ਜਦੋਂ ਖਿਆਲ ਆਉਂਦਾ, ਉਹ ਦੀ ਬੰਦਗੀ ਦਾ
ਰਹਿੰਦਾ ਨਹੀਂ ਹਿੰਦੂ, ਮੁਸਲਮਾਨ ਵੀ ਨਹੀਂ ।

ਦਾਮਨ ਦੀ ਕਵਿਤਾ ਵਿਚ ਸ਼ਰਾਬ ਪੀਣ ਦੀ ਲਾਲਸਾ ਤੇ ਲੋੜ ਦਾ ਬਰ ਬਾਰ ਜ਼ਿਕਰ ਆਉਂਦਾ ਏ ਤੇ ਉਹ ਇਸ ਦਾ ਇਕਬਾਲ ਵੀ ਨਿਝੱਕ ਹੋ ਕੇ ਕਰਦਾ ਹੈ । ਉਹ ਲੁੱਕ ਕੇ ਪੀਣ ਵਾਲੇ ਮੁੱਲਾਂ-ਮੁਲਾਣਿਆਂ ਦਾ ਮਖੌਲ ਵੀ ਉਡਾਉਂਦਾ ਹੈ,

ਮੁੱਲਾਂ ਸ਼ਰਾਬ ਤੇ ਨਹੀਂ ਪੀਂਦਾ ।
ਪਰ ਖ਼ੂਨ ਤੇ ਕਿਸੇ ਦਾ ਪੀ ਸਕਦਾ



ਪੁੜ ਜ਼ਿਮੀਂ ਅਸਮਾਨ ਦਾ ਚੱਲਦਾ ਏ
ਦਾਣੇ ਵਾਂਗ ਇਨਸਾਨ ਨੂੰ ਪੀਹ ਸਕਦਾ
ਏਥੇ ਜ਼ੁਲਮ ਈ ਜ਼ੁਲਮ ਏ ਚਾਰ ਪਾਸੇ
ਕਿੱਥੋਂ ਤੀਕ ਕੋਈ ਲਬਾਂ ਨੂੰ ਸੀ ਸਕਦਾ
ਬਿਨਾਂ ਪੀਤਿਆਂ ਏਸ ਜਹਾਨ ਅੰਦਰ
ਕੋਈ ਬੇਸ਼ਰਮ ਈ ਜੀਵੇ ਤੇ ਜੀ ਸਕਦਾ

ਦਾਮਨ ਦੇ ਮੋਤੀ ਪੰਨਾ-69

ਕੱਟੜ ਪੰਥੀ ਮੁਲਾਣਿਆਂ ਪ੍ਰਤੀ ਦਾਮਨ ਦੀ ਸੋਚ ਤੇ ਵਿਚਾਰ ਕਾਫ਼ੀ ਹੱਦ ਤੀਕ ਬੁੱਲ੍ਹੇਸ਼ਾਹ ਨਾਲ ਮਿਲਦੇ ਪ੍ਰਤੀਤ ਹੁੰਦੇ ਹਨ । ਉਸ ਦੀ ਧਾਰਮਿਕਤਾ ਦਾਮਨ ਨੂੰ ਸੰਕੀਰਨ ਤੇ ਜਨੂੰਨੀ ਨਹੀਂ ਬਣਨ ਦਿੰਦੀ । ਇਸ ਪੱਖੋਂ ਉਹ ਬੜਾ (Liberal) ਖੁੱਲ੍ਹ-ਦਿਲਾ ਹੈ ਤੇ ਧਰਮ ਦੀਆਂ ਹੱਦ-ਬੰਦੀਆਂ ਵਿਚ ਕੈਦ ਰਹਿਣ ਵਾਲਾ ਨਹੀਂ ਹੈ ।

ਵਾਹਜ਼, ਪੀਂਦਿਆਂ ਆ ਗਿਆ, ਸੋਚਿਆ ਮੈਂ
ਇਹਦੇ ਨਾਲ ਵੀ ਥੋਹੜਾ ਨਿਭਾ ਕਰ ਲਾਂ ।
ਉਹਨੇ ਆਖਿਆ, 'ਪੀਣੀ ਸ਼ਰਾਬ ਛੱਡ ਦੇ'
ਮੈਂ ਆਖਿਆ, 'ਤੇਰਾ ਵਸਾਹ ਕਰ ਲਾਂ' ਪੰਨਾ-63

ਮੈਂ ਪੁੱਛਿਆ ਏ ਮੁਰਸ਼ਦ ਕੋਲੋਂ
ਐਨੀ ਗੱਲ ਸਮਝਾ ਦੇ ।
ਕਿੱਥੋਂ ਆਏ ਤੇ ਕਿੱਥੇ ਜਾਣਾ
ਏਨਾ ਸੜਕੇ ਪਾ ਦੇ ।
ਕਿੱਥੋਂ ਆਏ ਤੇ ਕਿੱਥੇ ਜਾਣਾ ।
ਛੱਡ ਦੇ ਦੋਵੇਂ ਗੱਲਾਂ
ਪੀ ਸਕਨਾ, ਤੇ ਪੀ ਲੈ ਏਥੇ
ਪਿਆ ਸਤਨਾ ਤੇ ਪਿਆ ਦੇ—ਪੰਨਾ-74

ਦਾਮਨ ਦੀ ਕਵਿਤਾ ਵਿਚ ਸੂਫ਼ੀਆਂ ਵਾਲਾ ਰੰਗ ਵੀ ਕਾਫ਼ੀ ਗੂਹੜਾ ਹੈ । ਉਸ ਨੇ 'ਕਾਫ਼ੀ' ਕਾਵਿ-ਰੂਪ ਦੀ ਵਰਤੋਂ ਕੀਤੀ ਹੈ ਤੇ ਨਿਸੰਗ ਹੋ ਕੇ, ਬੁੱਲੇ ਸ਼ਾਹ ਦੇ ਰੰਗ ਵਿਚ, ਰੰਗ ਕੇ, ਗੱਲਾਂ ਕੀਤੀਆਂ ਹਨ ।

ਸਭ ਦਿਸਦੇ ਨੇ ਵੰਨ-ਸਵੰਨੇ
ਕੋਲ ਜਾਓ ਤੇ ਖਾਲੀ ਛੰਨੇ
ਦਿਲ ਨਾ ਮੰਨੇ ਤੇ ਕੀ ਮੰਨੇ ?
ਐਵੇਂ ਮੰਨ-ਮਨੌਤੀ ਕਾਹਦੀ
ਗੱਲ ਨਾ ਹੁੰਦੀ ਹੰਨੇ ਬੰਨੇ,

ਅੰਦਰ ਖੋਟ ਤੇ ਬਾਹਰ ਸਚਿਆਰ
ਮੈਨੂੰ ਪਾਗਲ-ਪਨ ਦਰਕਾਰ । ਪੰਨਾ-35

ਬੁੱਲੇ ਸ਼ਾਹ ਦਾ ਇਹ ਪ੍ਰਭਾਵ ਕਈ ਹੋਰ ਕਾਫ਼ੀਆਂ ਵਿਚ ਵੀ ਸਪਸ਼ਟ ਝਾਤ ਵਿਖਾਈ ਦਿੰਦਾ ਹੈ । ਅਸਲ ਵਿਚ ਦਾਮਨ ਦੀ ਕਾਵਿਸੁਰ, ਮੁਹਾਵਰਾ, ਕਾਵਿ-ਰੂਪ ਤੇ ਸੋਚਣੀ ਦੇਪੱਖੋਂ ਕੱਟੜ-ਮੁੱਲਾਂ-ਮੁਲਾਣਿਆਂ ਤੋਂ ਉਲਟ ਸੂਫ਼ੀਆਂ ਦੀ ਰਵਾਦਾਰੀ, ਇਨਸਾਨੀ ਮੁਹੱਬਤ ਤੇ ਧਾਰਮਿਕ ਖੁੱਲ-ਦਿਲੀ ਨਾਲ ਵਧੇਰੇ ਮਿਲਦੀ-ਜੁਲਦੀ ਹੈ ।

ਵੇਦ ਕਿਤਾਬਾਂ ਪੜ੍ਹ-ਪੜ੍ਹ ਥੱਕਾ
ਕੁਝ ਨਾ ਬਣਿਆ ਕੱਚਾ ਪੱਕਾ
ਓੜਕ ਰਹਿ ਗਿਆ ਹੱਕਾ ਬੱਕਾ
ਮੱਕੇ ਗਿਆ ਤੇ ਕੁਝ ਨਾ ਮੁੱਕਾ,
ਐਵੇਂ ਮੁੱਕ-ਮੁਕੱਈਏ ਕਾਹਦੇ,
ਮੁੱਕਦੀ ਗੱਲ ਮੁਕਾ ਓ ਯਾਰ
ਘੁੰਡ ਮੁਖੜੇ ਤੋਂ ਲਾਹ ਓ ਯਾਰ । ਪੰਨਾ-41

ਦਾਮਨ ਦੀ ਸ਼ਾਇਰੀ ਦਾ ਸਭ ਤੋਂ ਪਿਆਰਾ ਪੱਖ ਉਸ ਦਾ ਮਾਂ ਬੋਲੀ ਪੰਜਾਬੀ ਪ੍ਰਤੀ ਮੋਹ ਹੈ । ਇਸ ਗੱਲ ਵਿਚ ਉਹ ਕੋਈ ਸਮਝੌਤਾ ਕਰਨ ਨੂੰ ਤਿਆਰ ਨਹੀਂ । ਦਾਮਨ ਸਪਸ਼ਟ ਆਖਦਾ ਹੈ ਕਿ ਮੈਂ ਹੋਰਨਾਂ ਬੋਲੀਆਂ ਦਾ ਵਿਰੋਧੀ ਨਹੀਂ ।

ਉਰਦੂ ਦਾ ਵੀ ਦੋਖੀ ਨਹੀਂ
ਤੇ ਦੁਸ਼ਮਣ ਨਹੀਂ ਅੰਗਰੇਜ਼ੀ ਦਾ

ਪਰ ਪੰਜਾਬੀ ਮਾਂ ਬੋਲੀ ਦਾ ਆਪਣਾ ਮੁਕਾਮ ਹੈ ਤੇ ਇਹ ਥਾਂ ਕਿਸੇ ਹੋਰਸ ਬੋਲੀ ਨੂੰ ਨਹੀਂ ਦਿੱਤੀ ਜਾ ਸਕਦੀ ।

ਮੈਨੂੰ ਕਈਆਂ ਨੇ ਆਖਿਆ ਕਈ ਵਾਰੀ
ਤੂੰ ਲੈਣਾ ਪੰਜਾਬੀ ਦਾ ਨਾਂ ਛੱਡ ਦੇ ।
ਗੋਦ ਜਿਹਦੀ 'ਚ ਪਲ ਕੇ ਜਵਾਨ ਹੋਇਓਂ
ਉਹ ਮਾਂ ਛੱਡ ਦੇ, ਤੇ ਗਰਾਂ ਛੱਡ ਦੇ ।
ਜੇ ਪੰਜਾਬੀ, ਪੰਜਾਬੀ ਈ ਕੂਕਣਾ ਏਂ
ਜਿੱਥੇ ਖਲਾ-ਖਲੋਤਾ ਏਂ ਥਾਂ ਛੱਡ ਦੇ ।
ਮੈਨੂੰ ਇੰਝ ਲਗਦਾ, ਲੋਕੀਂ ਆਖਦੇ ਨੇ,
ਓਏ ਪੁੱਤਰਾ । 'ਆਪਣੀ ਤੂੰ ਮਾਂ ਛੱਡ ਦੇ ।' ਪੰਨਾ-52

ਦਾਮਨ ਨੇ ਹੀਰ-ਰਾਂਝੇ ਦਾ ਕਿੱਸਾ ਲਿਖਣਾ ਆਰੰਭ ਕੀਤਾ ਸੀ, ਪਰ ਉਸ ਕੋਲੋਂ ਮੁਕੰਮਲ ਨਹੀਂ ਹੋ ਸਕਿਆ—ਸ਼ਾਇਦ ਪਹਿਲੀ ਵਾਰ ਫ਼ਿਰਕੂ-ਜਨੂੰਨੀਆਂ ਨੇ ਜਦੋਂ ਉਸ ਦਾ ਘਰ ਸਾੜ ਦਿੱਤਾ ਤਾਂ ਨਾਲ ਹੀ ਇਹ ਕਿੱਸਾ ਵੀ ਸੜ ਗਿਆ ਸੀ । ਉਸਦੇ ਇਹ ਹੁਣ ਵਾਲੇ ਬੰਦ ਉਸ ਦੁਬਾਰਾ ਲਿਖੇ



ਸਨ । ਇਹ ਬੰਦ ਹੀਰ-ਰਾਂਝੇ ਦੀ ਕਹਾਣੀ ਨੂੰ ਸਿਲਸਿਲੇਵਾਰ ਬਿਆਨ ਨਹੀਂ ਕਰਦੇ । ਵਿੱਚੋਂ ਵਿੱਚੋਂ ਕੁਝ ਟੁਕੜੇ ਉਸ ਲਿਖੇ ਸਨ, ਜੋ ਅਧੂਰੀ ਸ਼ਕਲ ਵਿਚ ਹੀ ਉਸ ਦੀ ਰਚਨਾ ਦੇ ਸੰਪਾਦਕਾਂ ਨੇ, ਉਸ ਦੀ ਸਮੁੱਚੀ ਕਵਿਤਾ ਨਾਲ ਛਾਪ ਦਿੱਤੇ ਹਨ । ਇਹ ਟੁਕੜੇ ਵਾਰਸਸ਼ਾਹ ਵਾਂਗ ਬੈਤਾਂ ਵਿਚ ਲਿਖੇ ਗਏ ਹਨ । ਇਹਨਾਂ ਦੇ ਕਾਵਿ-ਮੁਹਾਵਰੇ ਦਾ ਰੰਗ ਵਾਰਸਸ਼ਾਹ ਨਾਲ ਮਿਲਦਾ-ਜੁਲਦਾ ਹੈ । ਸੁਦਰਤਾ ਦਾ ਵਰਨਣ ਵੇਖਣ ਵਾਲਾ ਹੈ ।

ਜ਼ੁਲਫ਼ ਮੁੱਖੜੇ ਤੇ ਪਈ ਖੇਡਦੀ ਹੈ
ਸੁਰਮਾ ਨੈਣਾਂ ਦੀ ਧਾਰ 'ਚ ਬੰਨਿਆ ਵੇ ।
ਲੱਸ ਲੱਸ ਕਰਦਾ, ਪਿੰਡਾ ਚੀਕਨਾ ਏ
ਨਕੋ-ਨਕੀ ਘਿਓ ਦਿਆ ਛੰਨਿਆ ਵੇ ।
ਬੱਦਲ ਵਾਂਗ ਕੀ ਸਿਰਾਂ ਤੇ ਗੱਜਨਾ ਏਂ
ਕੀਹ ਰੋਹੜਿਆ, ਤੋੜਿਆ, ਭੰਨਿਆ ਵੇ ।
'ਦਾਮਨ' ਜ਼ਮੀਨ ਅਸਮਾਨ ਇਕ ਵੇਲਣਾ ਈਂ
ਤੇਰੀ ਰਸਾ ਨਿਚੋੜਸੀ ਗੰਨਿਆ ਵੇ । ਪੰਨਾ—

ਇਹਨਾਂ ਬੈਤਾਂ ਦਾ ਜੇ ਵਾਰਸ-ਸ਼ਾਹ ਦੇ ਬੈਤਾਂ ਨਾਲ ਟਾਕਰਾ ਕਰੀਏ ਤਾਂ ਸਾਫ਼ ਪ੍ਰਤੀਤ ਹੁੰਦਾ ਹੈ ਕਿ ਸਹਿਤੀ ਤੇ ਜੋਗੀ ਦੀ ਵਾਰਤਾਲਾਪ ਦਾ ਬਿਆਨ-ਢੰਗ ਇੱਕੋ ਰੰਗ-ਢੰਗ ਦਾ ਹੈ ।

"ਸਾਨੂੰ ਚੋਰ ਤੇ ਠੱਗ ਬਣਾਉਣੀ ਏਂ
ਬੇਮੁਰਾਦੇ । ਨਾ ਮਿਲੇ ਮੁਰਾਦ ਤੈਨੂੰ ।
ਬਾਂਝ ਰਹੇਂ, ਜਹਾਨ ਤੋਂ ਜਾਏਂ ਵਾਂਜੀ,
ਘਰ ਮਿਲੇ ਨਾ ਕੋਈ ਆਬਾਦ ਤੈਨੂੰ ।
ਰਵੇਂ ਕੱਲੀ ਇਕਲਾਪਿਆਂ ਵਿਚ ਸੜਦੀ
ਆਵੇ ਖੁਸ਼ੀ ਦੀ ਕਦੇ ਨਾ ਯਾਦ ਤੈਨੂੰ
ਰੁਲੇ ਥਲਾਂ 'ਚ, ਬੇਲੇ 'ਚ ਮੌਤ ਆਵੀ
ਤੇਰਾ ਕਦੀ ਨਾ ਮਿਲੇ, 'ਮੁਰਾਦ' ਤੈਨੂੰ ।' ਪੰਨਾ-132

ਦਾਮਨ, ਪੰਜਾਬੀ ਦੀ ਕਿੱਸਾ ਕਾਵਿ-ਪਰੰਪਰਾ, ਅਤੇ ਲੋਕ-ਯਾਨਕ ਵਿਰਸੇ (folk-lore Heritage) ਤੋਂ ਕਾਵਿ-ਰਚਨਾ ਲਈ ਪ੍ਰੇਰਨਾ ਲੈਂਦਾ ਹੈ, ਉਹ ਪੰਜਾਬੀ ਬੋਲੀ ਦੇ ਮੁਹਾਵਰਿਆਂ ਤੇ ਅਖਾਉਤਾਂ ਨੂੰ ਅਲੰਕਾਰ ਵਜੋਂ ਵਰਤ ਕੇ ਪੰਜਾਬੀ ਪਾਠਕ ਨੂੰ ਆਪਣੀ ਰਚਨਾ ਨਾਲ ਜੋੜਨ ਦੀਆਂ ਜੁਗਤਾਂ ਵਰਤਦਾ ਹੈ । ਪਰ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਆਪਣੇ ਬੈਤਾਂ ਦੇ ਵਜ਼ਨ ਵਿਚ ਉਹ ਕਈ ਥਾਈਂ ਥਿੜਕਦਾ ਹੈ । ਕੀ ਸ਼ਾਇਰ ਖੁਦ ਇਸ ਘਾਟ ਤੋਂ ਜਾਣੂ ਨਹੀਂ ਸੀ ? ਸ਼ਾਇਦ ਨਾ ਹੋਵੇ । ਉਹ ਸਟੇਜੀ ਕਵੀ ਸੀ ਤੇ ਕਵਿਤਾ ਉਚਾਰਨ ਵੇਲ ਵਜ਼ਨ ਦੀ ਵਾਧ-ਘਾਟ ਨੂੰ, ਬੋਲ ਕੇ ਲੁਕਾ ਲੈਂਦਾ ਹੋਵੇਗਾ । 'ਦਾਮਨ' ਨੇ ਸੂਫ਼ੀ ਕਵੀਆਂ, ਖਾਸ ਤੌਰ ਤੇ ਬੁੱਲੇਸ਼ਾਹ ਦੀ ਨਿੱਝਕਤਾ ਤੋਂ ਡੂੰਘਾ ਪ੍ਰਭਾਵ ਗ੍ਰਹਿਣ ਕੀਤਾ ਸੀ । ਦਾਮਨ ਠਠ ਪੇਂਡੂ ਮੁਹਾਵਰੇਦਾਰ ਭਾਸ਼ਾ ਵਰਤਦਾ ਸੀ, ਜਿਹੜੀ ਕਿ

ਪੰਜਾਬ ਦੇ ਕੇਂਦਰੀ ਮਾਝੀ ਉਪ-ਭਾਸ਼ਾ ਵਾਲੇ ਜ਼ਿਲਿਆਂ ਵਿਚ ਬੋਲੀ ਜਾਂਦੀ ਹੈ। ਉਸਤਾਦ ਦਾਮਨ, ਆਪਣੀ ਸਰਲ ਤੇ ਠੇਠ ਪੇਂਡੂ ਬੋਲੀ ਕਾਰਨ, ਜਨ-ਸਮੂਹ ਨੂੰ ਪ੍ਰਭਾਵਤ ਕਰਨ ਦੀ ਕਲਾ ਤੋਂ ਜਾਣੂ ਸੀ। ਉਹ ਪੱਛਮੀ ਪੰਜਾਬ ਦਾ ਸਾਂਝਾ ਕਵੀ ਸੀ। ਉਸ ਦੀ ਬਿੰਬਾਵਲੀ ਪੇਂਡੂ ਪੰਜਾਬ ਦੀ ਉਪਜ ਸੀ। ਦਾਮਨ ਦੀਆਂ ਬਹੁਤ ਸਾਰੀਆਂ ਕਾਵਿ-ਪੰਗਤੀਆਂ ਅਵਾਮ ਦੀ ਜ਼ੁਬਾਨ ਤੇ ਚੜ੍ਹ ਗਈਆਂ ਸਨ। ਸਰਹੱਦਾਂ ਦੀਆਂ ਉੱਚੀਆਂ, ਕੰਡਿਆਲੀਆਂ ਤਾਰਾਂ ਨੂੰ ਪਾਰ ਕਰਦੇ ਉਸ ਦੇ ਕਾਵਿ-ਬੋਲ, ਸਾਡੇ ਤੀਕ ਪਹੁੰਚਦੇ ਰਹੇ ਹਨ। ਉਹ ਸਾਂਝੇ ਪੰਜਾਬੀ ਸਭਿਆਚਾਰ ਦਾ ਪ੍ਰਤੀਨਿੱਧ ਲੋਕ-ਕਵੀ ਸੀ, ਜਿਹੜਾ ਸਾਨੂੰ ਰਤਾ ਵੀ ਓਪਰਾ ਜਾਂ ਬੇਗਾਨਾ ਨਹੀਂ ਲੱਗਦਾ। ਉਸ ਨੇ ਸ਼ਾਇਰ ਦੀ ਪ੍ਰੀਭਾਸ਼ਾ ਦਿੰਦਿਆਂ ਭਾਵੇਂ ਆਪਣੀ ਗੱਲ ਨਾ ਹੀ ਕੀਤੀ ਹੋਵੇ, ਪਰ ਇਹ ਕਾਵਿ-ਬੰਦ ਖੁਦ ਉਸ ਦੇ ਆਪਣੇ ਬਾਰੇ ਲਿਖਿਆ ਪ੍ਰਤੀਤ ਹੁੰਦਾ ਹੈ, ਸਵੈ-ਚਿਤਰ ਵਾਂਗ।

ਮੇਰੇ ਖਿਆਲ ਅੰਦਰ, ਉਹ ਸ਼ਾਇਰ, ਸ਼ਾਇਰ ਹੁੰਦਾ
ਖੰਡ, ਖੰਡ ਨੂੰ, ਜ਼ਹਿਰ ਨੂੰ, ਜ਼ਹਿਰ ਆਖੇ।
ਜੋ ਕੁਝ ਹੁੰਦਾ ਏ, ਹੋਵੇ, ਨਾ ਡਰੇ ਹਰਗਿਜ਼
ਰਹਿਮ, ਰਹਿਮ ਨੂੰ, ਕਹਿਰ ਨੂੰ, ਕਹਿਰ ਆਖੇ।
ਭਾਵੇਂ ਹਸਤੀ ਦੀ, ਬਸਤੀ ਬਰਬਾਦ ਹੋਵੇ
ਜੰਗਲ, ਜੰਗਲ ਨੂੰ, ਸ਼ਹਿਰ ਨੂੰ ਸ਼ਹਿਰ ਆਖੇ।
'ਦਾਮਨ' ਦੁਖਾਂ ਦੇ ਬਹਿਰ 'ਚ ਜਾਏ ਡੁੱਬਦਾ
ਨਦੀ, ਨਦੀ ਨੂੰ, ਨਹਿਰ ਨੂੰ, ਨਹਿਰ ਆਖੇ। **ਪੰਨਾ-163**

ਦਾਮਨ, ਲਹਿੰਦੇ ਪੰਜਾਬ ਦਾ ਮੁਸਲਮਾਨ ਕਵੀ ਨਹੀਂ, ਉਹ ਦੋਹਾਂ ਪੰਜਾਬਾਂ ਦਾ ਸਾਂਝਾ ਪੰਜਾਬੀ ਕਵੀ ਹੈ। ਹੱਕ ਤੇ ਸੱਚ ਤੇ ਪਹਿਰਾ ਦੇਣ ਵਾਲਾ, ਪੰਜਾਬੀ ਬੋਲੀ ਨੂੰ ਪਿਆਰਨ ਤੇ ਵਿਕਸਿਤ ਕਰਨ ਵਾਲਾ, ਲੋਕਾਂ ਦੇ ਜਮਹੂਰੀ ਹੱਕਾਂ ਲਈ ਜੇਲ੍ਹਾਂ ਕੱਟਣ ਵਾਲਾ, ਫੌਜੀ ਰਾਜ ਉਤੇ ਵਿਅੰਗ ਕੱਸਣ ਵਾਲਾ, ਜ਼ਹਿਰ ਨੂੰ ਜ਼ਹਿਰ ਤੇ ਖੰਡ ਨੂੰ ਖੰਡ ਆਖਣ ਵਾਲਾ। ਅਜੇਹੇ ਕਵੀ ਸਦੀਆਂ ਬਾਅਦ ਕਦੇ ਕਦੇ ਹੀ ਪੈਦਾ ਹੁੰਦੇ ਹਨ। ਦਾਮਨ ਸਾਡੇ ਘਰ ਦਾ ਬੰਦਾ ਹੈ ਸਾਡਾ ਆਪਣਾ ਕਵੀ, ਆਪਣਾ ਦਾਮਨ। ●

ਹਵਾਲਾ ਪੁਸਤਕਾਂ :

1. ਦਾਮਨ ਦੇ ਮੋਤੀ (ਉਰਦੂ ਅੱਖਰਾਂ ਵਿਚ) ਸੰਪਾਦਕ, ਸਾਂਈਂ ਅਖ਼ਤਰ ਹੁਸੈਨ ਅਖਤਰ, ਵਹੀਦ ਮਿਰਜ਼ਾ ਤੇ ਮੁਹੰਮਦ ਇਕਬਾਲ (**1993**) ਫੀਰੋਜ਼ ਸੰਨਜ਼ ਲਾਹੌਰ, ਪਾਕਿਸਤਾਨ।
2. ਉਸਤਾਦ ਦਾਮਨ, ਸ਼ਾਇਰੀ ਤੇ ਸ਼ਖ਼ਸੀਅਤ-ਲੇਖਕ ਕੰਵਲ ਮੁਸ਼ਤਾਕ (**1996**) ਸਾਰੰਗ ਪਬਲਿਸ਼ਰਜ਼, ਲਾਹੌਰ, (ਪਾਕਿਸਤਾਨ)।●



## ਪੁਸਤਕ ਪੜਚਲ

### ਹੋਅ ਚੀ-ਮਿੰਨ : ਹਨੇਰੇ ਸਮਿਆਂ ਵਿਚ ਰੌਸ਼ਨੀ ਦੀ ਕਿਰਨ

ਪਿਛਲੇ ਦਸ ਕੁ ਵਰ੍ਹਿਆਂ ਦੌਰਾਨ ਸੋਵੀਅਤ ਯੂਨੀਅਨ ਦੇ ਖਿੰਡਣ ਤੋਂ ਬਾਦ ਪੂਰੀ ਦੁਨੀਆਂ ਵਿਚ ਮਾਰਕਸਵਾਦ-ਵਿਰੋਧ ਦੀ ਹਨੇਰੀ ਜਿਹੀ ਆਈ ਹੋਈ ਹੈ। ਕਈ ਕਹਿੰਦੇ ਕਹਾਉਂਦੇ ਮਾਰਕਸਵਾਦੀ ਵੀ ਇਸ ਹਨੇਰੀ ਵਿਚ ਡੋਲ ਗਏ ਅਤੇ ਇਸ ਵਾਵਰੋਲੇ ਦੇ ਨਾਲ ਹੋ ਤੁਰੇ। ਪਰ ਥੋੜੀ ਗਿਣਤੀ ਵਿਚ ਦੁਨੀਆਂ ਦੇ ਸਾਰੇ ਹੀ ਦੇਸ਼ਾਂ ਵਿਚੋਂ ਅਜਿਹੇ ਬੁੱਧੀਜੀਵੀ ਜ਼ਰੂਰ ਰਹੇ, ਜਿਨ੍ਹਾਂ ਮਾਰਕਸਵਾਦ ਵਿਰੋਧ ਦੀ ਹਨੇਰੀ ਨੂੰ ਪਛਾਣਿਆ ਤਾਂ ਜ਼ਰੂਰ, ਪਰ ਉਨ੍ਹਾਂ ਦੇ ਪੈਰ ਇਸ ਹਨੇਰੀ ਨਾਲ ਨਹੀਂ ਉਖੜੇ। ਉਨ੍ਹਾਂ ਦੇ ਲੋਕ-ਪੱਖੀ ਇਨਕਲਾਬ ਦੇ ਨਿਸ਼ਚੇ ਵੀ ਨਹੀਂ ਡੋਲੇ ਅਤੇ ਨਾ ਹੀ ਆਪਣੇ ਇਨਕਲਾਬੀ ਇਤਿਹਾਸਕ ਪੁਰਖਾਂ ਦੇ ਪ੍ਰਤੀ ਉਨਾਂ ਦੇ ਸਤਿਕਾਰ ਵਿਚ ਕੋਈ ਕਮੀ ਆਈ। ਸਗੋਂ ਇਸ ਹਨੇਰੀ ਵਿਚ ਉਨ੍ਹਾਂ ਗਿਆਨ ਤੇ ਤਰਕ ਦੀ ਅੰਤਰਜੋਤੀ ਨੂੰ ਵਧੇਰੇ ਜਗਾਇਆ ਅਤੇ ਉਸਤੋਂ ਪ੍ਰਾਪਤ ਨੀਝ ਨਾਲ ਉਹ ਹਨੇਰੇ ਦੇ ਪਾਰ ਆਉਣ ਵਾਲੇ ਸੰਭਾਵੀ ਭਵਿੱਖ ਦੇ ਨਕਸ਼ ਚਿੰਨ ਪਛਾਨਣ ਦੇ ਜਤਨ ਵਿਚ ਵਧੇਰੇ ਲਗਨ ਨਾਲ ਲੱਗੇ ਰਹੇ ਅਤੇ ਅੱਜ ਵੀ ਲੱਗੇ ਹਨ। ਅੰਗਰੇਜ਼ੀ ਦੇ ਮੁਹਾਵਰੇ ਅਨੁਸਾਰ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ 'ਆਖਰੀ ਹਾਸਾ ਕੌਣ ਹੱਸਦਾ ਹੈ'। ਸਾਮਰਾਜਵਾਦ, ਬਸਤੀਵਾਦ, ਗਲੋਬਲਾਈਜੇਸ਼ਨ, ਉਦਾਰ ਅਰਥਨੀਤੀ, ਪ੍ਰਮਾਣੂ ਦੌੜ- ਇਹ ਸਭ ਅੱਜ ਕਦੀ ਹੱਸਦੇ ਹਨ ਤਾਂ ਕਦੀ ਰੋਂਦੇ ਅਤੇ ਕੋਈ ਹੈਰਾਨੀ ਨਹੀਂ ਕਿ ਭਵਿੱਖ ਵਿਚ, ਭਾਵੇਂ ਕਿ ਨੇੜਲੇ ਭਵਿੱਖ ਵਿਚ ਨਹੀਂ, ਇਹ ਸਾਰੀਆਂ ਪ੍ਰਵਿਰਤੀਆਂ ਜ਼ਾਰੋ ਜ਼ਾਰ ਰੋਂਦੀਆਂ ਇਤਿਹਾਸ ਦੇ ਕੂੜੇਦਾਨ ਵਿਚ ਸੁੱਟੀਆਂ ਜਾਣ ਅਤੇ ਮਾਰਕਸਵਾਦ ਦੇ ਇਤਿਹਾਸ-ਗਿਆਨ ਨੂੰ ਸੱਚਾ ਸਿੱਧ ਕਰਨ ਵਾਲਾ ਲੋਕਪੱਖੀ ਇਨਕਲਾਬ ਫਿਰ ਆਪਣੀ ਡੂੰਘੀ ਖੁਸ਼ੀਆਂ ਭਰੀ ਹਾਸੀ ਨਾਲ ਦੁਨੀਆਂ ਦੇ ਸਿਆਸੀ ਮੰਚ ਨੂੰ ਖਣਕਾ ਕੇ ਚਕ੍ਰਿਤ ਕਰ ਦੇਵੇ। ਪਰ ਇਸਲਈ ਵਿਚਾਰਧਾਰਕ ਸਿੱਖਿਆ ਨੂੰ ਧੀਰਜ ਅਤੇ ਠਰ੍ਹਮੇ ਨਾਲ ਜਾਰੀ ਰੱਖਣਾ ਜ਼ਰੂਰੀ ਹੈ।

ਸੂਫੀ ਅਮਰਜੀਤ ਉਨ੍ਹਾਂ ਥੋੜੇ ਸਰਗਰਮ ਬੌਧਿਕ ਕਾਰਕੁੰਨਾਂ ਵਿਚੋਂ ਹੈ, ਜਿਸਨੇ ਪੰਜਾਬ ਅੰਦਰ ਦਹਿਸ਼ਤਵਾਦੀ ਲਹਿਰ ਦੌਰਾਨ ਵੀ ਅਤੇ ਮਾਰਕਸਵਾਦ-ਸਮਾਜਵਾਦ ਦੇ ਵਿਸ਼ਵ ਵਿਚ ਢਹਿ-ਢੇਰੀ ਹੋਣ ਦੌਰਾਨ ਵੀ ਮਾਰਕਸਵਾਦ ਤੇ ਸਮਾਜਵਾਦ ਵਿਚ ਆਪਣੀ ਆਸਥਾ ਤੇ ਹੌਂਸਲੇ ਨੂੰ ਢਹਿ ਢੇਰੀ ਨਹੀਂ ਹੋਣ ਦਿੱਤਾ। ਪੰਜਾਬ ਸੰਕਟ-ਇਕ ਵਿਸ਼ਲੇਸ਼ਣ ਤੋਂ ਬਾਅਦ ਉਨ੍ਹਾਂ 1991 ਵਿਚ ਵਿਸ਼ਵ ਦੀ ਇਨਕਲਾਬੀ ਪਰੰਪਰਾ ਦੀ ਇਕ ਮਹਾਨ ਸ਼ਖ਼ਸੀਅਤ ਵੀਤਨਾਮ ਦੇ ਬੇਹੱਦ ਲੋਕ-ਪਿਆਰੇ ਆਗੂ ਹੋਅ ਚੀ ਮਿੰਨ ਦੀ ਜੀਵਨੀ ਨੂੰ ਚਿਰਾਗ ਪ੍ਰਕਾਸ਼ਨ ਨੂੰ ਛਾਪਣ ਹਿਤ ਦਿੱਤਾ। ਭਾਵੇਂ ਕਿ ਪੁਸਤਕ ਦੀ ਤਿਆਰੀ ਬਾਰੇ ਦਸਦਿਆਂ ਉਨ੍ਹਾਂ ਕਿਹਾ ਹੈ ਕਿ ਪੁਸਤਕ ਤਾਂ ਉਨ੍ਹਾਂ **1986-88** ਦੇ ਤਿੰਨ ਸਾਲਾਂ ਵਿਚ ਅਧਿਐਨ ਉਪਰੰਤ ਤਿਆਰ ਕਰ ਲਈ ਸੀ, ਜੋ ਜਨਵਰੀ **1989** ਵਿਚ ਛਪਣ ਵੀ ਦੇ ਦਿਤੀ

---

**ਸੂਫੀ ਅਮਰਜੀਤ, 'ਹੋਅ ਚੀ ਮਿਨ' (ਜੀਵਨੀ) ਚਿਰਾਗ ਪ੍ਰਕਾਸ਼ਨ, ਜਲੰਧਰ ਸਫੇ 272, ਮੁੱਲ 125/- ਰੁਪੇ।**

ਗਈ। ਲੇਖਕ ਦੀ ਇੱਛਾ ਸੀ ਕਿ ਪੁਸਤਕ 1990 ਵਿਚ ਅੰਕਲ ਹੋਅ ਦੀ ਸੌਵੀਂ-ਵਰ੍ਹੇ ਗੰਢ ਦੌਰਾਨ ਛਪਦੀ, ਪਰ ਉਨ੍ਹਾਂ ਅਨੁਸਾਰ ਕੋਈ ਖੱਬਾ ਮਅਰਕੇਬਾਜ਼ ਪ੍ਰਕਾਸ਼ਨ 72 ਸਫੇ ਛਾਪ ਕੇ ਪਿਠ ਦਿਖਾ ਗਿਆ ਅਤੇ ਹੁਣ ਇਸਨੂੰ ਹਰਭਜਨ ਸਿੰਘ ਹੁੰਦਲ ਨੇ ਚਿਰਾਗ ਪ੍ਰਕਾਸ਼ਨ ਵਲੋਂ 1995-96 ਵਿਚ ਛਾਪਿਆ ਹੈ। ਬੇਸ਼ੱਕ ਇਹ ਪੁਸਤਕ ਪ੍ਰਧਾਨ ਹੋਅ ਦੀ ਸੌਵੀਂ ਵਰ੍ਹੇ ਗੰਢ ਤੋਂ ਪੰਜ-ਛੇ ਵਰ੍ਹੇ ਬਾਦ ਹੀ ਛਪ ਸਕੀ ਤੇ ਇਹ ਵੀ ਮਾਰਕਸਵਾਦੀ-ਸਮਾਜਵਾਦੀ ਲਹਿਰ ਤੇ ਸੰਕਟ ਦਾ ਹੀ ਇਕ ਰੂਪ ਹੈ ਪਰ ਇਸਦਾ ਛਪਣਾ ਇਸ ਸੰਕਟ ਦਾ ਡੱਟ ਕੇ ਸਾਹਮਣਾ ਕਰਨ ਅਤੇ ਇਸ ਸੰਕਟ ਤੋਂ ਪਾਰ ਜਾਣ ਦੇ ਨਿਸ਼ਚੇ ਦੀ ਵੀ ਨਿਸ਼ਾਨਦੇਹੀ ਕਰਨ ਵਾਲੀ ਗੱਲ ਹੈ।

ਵਿਦਵਾਨ ਲੇਖਕ ਨੇ ਹੋਅ ਚੀ ਮਿੰਨ ਦੀ ਜੀਵਨੀ ਨੂੰ ਨੱਬੇ ਛੋਟੇ ਛੋਟੇ ਅਧਿਆਇਆਂ ਵਿਚ ਵੰਡ ਕੇ ਕਰੀਬ ਦੋ ਸੌ ਸੱਠ ਸਫਿਆਂ ਵਿਚ ਪੇਸ਼ ਕੀਤਾ ਹੈ। ਉਹਨਾਂ ਵੀਤਨਾਮ ਦੇ ਇਤਿਹਾਸਕ ਪਿਛੋਕੜ ਤੋਂ ਗੱਲ ਸ਼ੁਰੂ ਕਰਕੇ, ਜਿਸ ਵਿਚ ਉਨ੍ਹਾਂ ਵੀਤਨਾਮ ਦੇ ਬਸਤੀਵਾਦੀਕਰਨ ਦਾ ਦੱਸ ਕੇ 19 ਮਈ 1890 ਨੂੰ ਨਿਗਿਉਨ ਤਾਤ ਥਾਨੂ ਨਾਂ ਦੇ ਬਾਲਕ ਦੇ ਜਨਮ ਦਾ ਬਿਰਤਾਂਤ ਦਿੱਤਾ ਹੈ, ਇਹੋ ਬਾਲਕ ਬਾਦ ਵਿਚ ਹੋਅ ਚੀ ਮਿੰਨ੍ਹ ਦੇ ਨਾਂ ਨਾਲ ਜਗਤ ਪ੍ਰਸਿੱਧ ਹੋਇਆ।

ਬਾਲਕ ਨਿਨਿਓ ਨੂੰ ਦਸ ਵਰ੍ਹਿਆਂ ਦੀ ਉਮਰ ਵਿਚ ਮਾਂ ਦਾ ਵਿਛੋੜਾ ਝੱਲਣਾ ਪਿਆ। ਬਚਪਨ ਅਤੇ ਪਹਿਲੀ ਉਮਰੇ ਹੋਅ ਨੇ ਦੇਸ਼ ਭਗਤ ਪਿਤਾ ਦੇ ਵਿਚਾਰਾਂ ਦਾ ਅਸਰ ਕਬੂਲ ਕੀਤਾ ਜਿਸਨੇ ਬਾਦ ਵਿਚ ਇਨਕਲਾਬੀ ਵਿਚਾਰਾਂ ਦੇ ਪ੍ਰਭਾਵ ਲਈ ਜ਼ਰਖੇਜ਼ ਜ਼ਮੀਨ ਤਿਆਰ ਕੀਤੀ। 21 ਸਾਲ ਦੀ ਉਮਰ ਵਿਚ ਹੋਅ ਚੀ ਮਿੰਨ ਸਾਇਗਾਉਂ ਆਏ ਜੋ ਵੀਤਨਾਮ ਦਾ ਪ੍ਰਮੁੱਖ ਸ਼ਹਿਰ ਸੀ। ਇਥੋਂ ਉਹ ਨਾਂ ਬਦਲ ਕੇ ਫਰਾਂਸ ਪੁੱਜੇ, ਜਿਥੇ ਉਹ ਜਾਂਦਿਆਂ ਹੀ 'ਮਨੁੱਖੀ ਹੱਕਾਂ ਦੀ ਲੀਗ ਦੇ ਮੈਂਬਰ ਬਣੇ। ਫਰਾਂਸ ਤੋਂ ਉਨ੍ਹਾਂ ਅਮਰੀਕਾ ਇੰਗਲੈਂਡ ਯੂਰਪ ਅਤੇ ਉੱਤਰੀ ਅਫਰੀਕਾ ਦੇ ਕਈ ਦੇਸ਼ਾਂ ਦਾ ਸਫਰ ਕੀਤਾ। ਲੰਡਨ ਠਹਿਰਣ ਦੌਰਾਨ ਉਨ੍ਹਾਂ ਦਾ ਸੰਪਰਕ ਮਾਰਕਸਵਾਦੀਆਂ ਨਾਲ ਜੁੜਿਆ।

ਫਰਾਂਸ ਮੁੜ ਕੇ ਉਹ ਫਰਾਂਸ ਦੀ ਸੋਸ਼ਲਿਸਟ ਪਾਰਟੀ ਦੇ ਮੈਂਬਰ ਗਏ ਅਤੇ ਉਨ੍ਹਾਂ ਉਥੇ 'ਵੀਤਨਾਮੀ ਦੇਸ਼ਭਗਤਾਂ ਦੀ ਐਸੋਸੀਏਸ਼ਨ' ਜਥੇਬੰਦੀ ਸਥਾਪਤ ਕੀਤੀ। ਹੁਣ ਉਨ੍ਹਾਂ ਦੀ ਮਿੱਤਰਤਾ ਪੈਰਿਸ ਵਿਚ ਰਹਿੰਦੇ ਕਮਿਊਨਿਸਟਾਂ ਅਤੇ ਖੱਬੇ ਪੱਖੀ ਬੁੱਧੀਜੀਵੀਆਂ ਨਾਲ ਦ੍ਰਿੜ ਹੋ ਗਈ ਸੀ। 1918 ਵਿਚ ਪਹਿਲੀ ਸੰਸਾਰ ਜੰਗ ਖਤਮ ਹੋਣ ਤੇ ਵੀਤਨਾਮੀ ਦੇਸ਼ ਭਗਤਾਂ ਦੀ ਐਸੋਸੀਏਸ਼ਨ ਵਲੋਂ ਉਨ੍ਹਾਂ ਆਤਮ ਨਿਰਨੇ ਦੇ ਅਧਿਕਾਰ ਸਮੇਤ ਅੱਠ ਮੰਗਾਂ ਦਾ ਮੰਗ ਪੱਤਰ ਸਾਮਰਾਜੀਆਂ ਨੂੰ ਪੇਸ਼ ਕੀਤਾ। ਫਰਾਂਸ ਵਿਚ ਕਮਿਊਨਿਸਟ ਪਾਰਟੀ ਦੀ ਸਥਾਪਨਾ ਹੋਣ ਤੇ ਹੋਅ ਉਸਦੇ ਮੋਢੀ ਸੰਸਥਾਪਕਾਂ ਵਿਚੋਂ ਇਕ ਬਣੇ ਅਤੇ ਪਹਿਲੇ ਵੀਤਨਾਮੀ ਕਮਿਊਨਿਸਟ ਬਨਣ ਦਾ ਮਾਣ ਵੀ ਉਨ੍ਹਾਂ ਨੂੰ ਹੀ ਮਿਲਿਆ।

1924 ਵਿਚ ਉਨ੍ਹਾਂ ਮਾਸਕੋ ਵਿਚ ਕਮਿਊਨਿਸਟ ਇੰਟਰਨੈਸ਼ਨਲ ਦੀ ਪੰਜਵੀਂ ਕਾਂਗਰਸ ਵਿੱਚ ਹਿੱਸਾ ਲਿਆ ਅਤੇ ਕਾਮਰੇਡ ਲੈਨਿਨ ਦੇ ਦਿਹਾਂਤ ਤੇ ਉਨ੍ਹਾਂ ਬੜਾ ਹੀ ਦਿਲ ਟੁੰਬਣਾ ਲੇਖ ਵੀ ਲਿਖਿਆ। ਮਾਸਕੋ ਵਿਚ ਕਾਫੀ ਸਮਾਂ ਰਹਿੰਦਿਆਂ ਹੋਅ ਚੀ ਮਿੰਨ ਨੇ 'ਯੂਨੀਵਰਜਿਟੀ ਆਫ ਓਰੀਐਂਟਲ ਵਰਕਰਜ਼ ਵਿਚ ਮਾਰਕ੍ਸਵਾਦ-ਲੈਨਿਨਵਾਦ ਦਾ ਗੰਭੀਰ ਅਧਿਐਨ ਵੀ ਕੀਤਾ। ਮਾਸਕੋ ਤੋਂ ਚੀਨ ਦੇ ਸ਼ਹਿਰ ਕੈਂਟਨ ਵਿਚ ਆਕੇ ਹੋਅ ਦੀ ਮਿੱਤਰਤਾ ਚਾਉ-ਐਨ ਲਾਈ ਨਾਲ ਹੋਈ।



18 ਫਰਵਰੀ 1930 ਨੂੰ ਵੀਤਨਾਮੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕੀਤੀ ਗਈ ਅਤੇ ਕਾਮਰੇਡ ਤਰਾਨ ਫੂ ਇਸਦੇ ਪਹਿਲੇ ਜਨਰਲ ਸਕੱਤਰ ਬਣੇ। ਹਿੰਦ-ਚੀਨੀ ਕਮਿਊਨਿਸਟ ਪਾਰਟੀ ਦੀ ਪਹਿਲੀ ਕਾਂਗਰਸ 1936 ਵਿਚ ਪੁਰਤਗਾਲ ਦੀ ਬਸਤੀ ਮਕਾਓ ਟਾਪੂ ਵਿਚ ਹੋਈ। 1938 ਵਿਚ ਪਹਿਲੀ ਵਾਰ ਵੀਤਨਾਮ ਵਿਚ ਮਈ ਦਿਵਸ ਦੇ ਜਲੂਸ ਕੱਢੇ ਗਏ, ਦੂਜੀ ਸੰਸਾਰ ਜੰਗ ਦੌਰਾਨ 1941 ਵਿਚ ਪਾਰਟੀ ਦੇ ਬਾਕ ਬੋ ਪਿੰਡ ਨੂੰ ਹੈਡ ਕੁਆਰਟਰ ਬਣਾਇਆ। ਚੀਨ ਵਿਚ ਦਾਖਲ ਹੁੰਦਿਆਂ ਹੋਅ ਚੀ ਮਿੰਨ ਦੀ ਗ੍ਰਿਫਤਾਰੀ ਨਾਲ ਉਨ੍ਹਾਂ ਨੂੰ ਤੇਰ੍ਹਾਂ ਮਹੀਨੇ ਕੈਦ ਰਹਿਣਾ ਪਿਆ, ਜਿਥੇ ਉਨ੍ਹਾਂ ਬੜੀਆਂ ਮਾਰਮਿਕ-ਕਵਿਤਾਵਾਂ ਲਿਖੀਆਂ।

1944 ਵਿਚ ਹੋਅ ਮੁੜ ਵੀਤਨਾਮ ਦਾਖਲ ਹੋਏ, ਹੁਣ ਤਕ ਪਾਰਟੀ ਕਾਫੀ ਮਜ਼ਬੂਤ ਹੋ ਗਈ ਸੀ। 1945 ਵਿਚ ਜਪਾਨ ਨੇ ਦੂਜੀ ਸੰਸਾਰ ਜੰਗ ਵਿਚ ਤਾਂ ਹਾਰ ਮੰਨੀ, ਪਰ ਵੀਤਨਾਮ ਤੇ ਕਬਜ਼ਾ ਕਰ ਲਿਆ, ਜੋ ਥੋੜਾ ਸਮਾਂ ਹੀ ਚਲ ਸਕਿਆ। 2 ਸਿਤੰਬਰ 1945 ਨੂੰ ਹਨੋਈ ਵਿਚ ਪੰਜਾਹ ਹਜ਼ਾਰ ਤੋਂ ਵੱਧ ਲੋਕਾਂ ਦੀ ਹਾਜ਼ਰੀ ਵਿਚ 'ਵੀਤਨਾਮੀ ਜਮਹੂਰੀ ਰਿਪਬਲਿਕ' ਦੀ ਆਰਜ਼ੀ ਸਰਕਾਰ ਸਥਾਪਤ ਕੀਤੀ ਗਈ, ਜਿਸਦੇ ਪ੍ਰਧਾਨ ਹੋਅ ਚੀ ਮਿੰਨ ਬਣੇ। ਇਸੇ ਨੂੰ ਵੀਤਨਾਮ ਦੇ ਇਕੋ ਹੋਣ ਤੱਕ ਉੱਤਰੀ ਵੀਤਨਾਮ ਵੀ ਕਿਹਾ ਜਾਂਦਾ ਸੀ। ਫਰਾਂਸੀਸੀ ਤੇ ਬਾਦ ਵਿਚ ਅਮਰੀਕੀ ਕਬਜ਼ੇ ਹੇਠ ਵੀਤਨਾਮ ਨੂੰ ਦੱਖਣੀ ਵੀਤਨਾਮ ਕਿਹਾ ਜਾਂਦਾ ਸੀ, ਜਿਸਦੀ ਰਾਜਧਾਨੀ ਸਾਇਗਾਂਉਂ ਸੀ।

1946 ਵਿਚ ਫਰਾਂਸ ਨੇ ਆਜ਼ਾਦ ਵੀਤਨਾਮ ਤੇ ਹਮਲਾ ਕੀਤਾ। ਪ੍ਰਧਾਨ ਹੋਅ ਤੇ ਸਾਥੀ ਹਨੋਈ ਛੱਡ ਕੇ ਜੰਗਲਾਂ ਵਿਚ ਚਲੇ ਗਏ ਅਤੇ ਯੁੱਧ ਜਾਰੀ ਰਖਿਆ। 1949 ਵਿਚ ਚੀਨੀ ਇਨਕਲਾਬ ਦੀ ਮਾਓ-ਜੇ-ਤੁੰਗ ਦੀ ਅਗਵਾਈ ਵਿਚ ਸਫਲਤਾ ਨਾਲ ਵੀਤਨਾਮੀ ਮੁਕਤੀ ਸੰਘਰਸ਼ ਨੂੰ ਹੋਰ ਸ਼ਕਤੀ ਅਤੇ ਪ੍ਰੇਰਣਾ ਮਿਲੀ। 11 ਤੋਂ 19 ਫਰਵਰੀ 1981 ਨੂੰ ਹਿੰਦ-ਚੀਨੀ ਕਮਿਊਨਿਸਟ ਪਾਰਟੀ ਦੀ ਕਾਂਗਰਸ ਬੇਸ ਇਲਾਕੇ ਵਿਚ ਹੋਈ, ਪਾਰਟੀ ਦਾ ਨਾਂ 'ਵੀਤਨਾਮੀ ਵਰਕਰਜ਼ ਪਾਰਟੀ' ਰੱਖਿਆ ਗਿਆ। ਦੱਖਣੀ ਵੀਤਨਾਮ, ਕੰਬੋਡੀਆ ਅਤੇ ਲਾਓਸ ਵਿਚ ਵੀ ਪਾਰਟੀ ਨੇ ਅਧਾਰ ਮਜ਼ਬੂਤ ਕਰਕੇ ਅਮਰੀਕੀ ਸਾਮਰਾਜ ਖਿਲਾਫ ਸੰਘਰਸ਼ ਹੋਰ ਤੇਜ਼ ਕਰ ਦਿੱਤਾ। ਲਗਾਤਾਰ ਵਧਦੇ ਦਬਾਵਾਂ ਨਾਲ 1954 ਵਿਚ ਅੰਤਰਰਾਸ਼ਟਰੀ ਜਨੇਵਾ ਕਾਨਫਰੰਸ ਹੋਈ! ਨੌਂ ਸਾਲਾਂ ਬਾਦ ਪਹਿਲੀ ਜਨਵਰੀ 1955 ਨੂੰ ਪ੍ਰਧਾਨ ਹੋਅ ਅਤੇ ਪਾਰਟੀ ਕੇਂਦਰ ਕਮੇਟੀ ਰਾਜਧਾਨੀ ਹਨੋਈ ਪਰਤੇ। ਪਰ ਦੱਖਣੀ ਵੀਤਨਾਮ ਵਿਚ ਅਮਰੀਕਾ ਨੇ ਸਾਮਰਾਜੀ ਚਾਲਾਂ ਜਾਰੀ ਰੱਖੀਆਂ।

ਉੱਤਰੀ ਵੀਤਨਾਮ ਵਿਚ ਸਮਾਜਵਾਦ ਦੀ ਸਥਾਪਨਾ, ਦੱਖਣੀ ਵੀਤਨਾਮ ਦੀ ਮੁਕਤੀ ਮੁਹਿੰਮ ਨੂੰ ਸਫਲਤਾ ਵੱਲ ਲਿਜਾਣਾ, ਹੁਣ ਵੀਤਨਾਮੀ ਪਾਰਟੀ ਦੇ ਮੁੱਖ ਕਾਰਜ ਸਨ, ਜਿਨ੍ਹਾਂ ਨੂੰ ਪ੍ਰਧਾਨ ਹੋਅ ਦੀ ਅਗਵਾਈ ਵਿੱਚ ਅੱਗੇ ਵਧਾਇਆ ਗਿਆ। ਪ੍ਰਧਾਨ ਹੋਅ ਲੋਕਾਂ ਵਿੱਚ ਬੇਹੱਦ ਪਿਆਰੇ ਸਨ। ਲੋਕ ਉਨ੍ਹਾਂ ਨੂੰ ਪਿਆਰ ਨਾਲ 'ਅੰਕਲ ਹੋਅ' ਕਹਿੰਦੇ ਸਨ। ਪ੍ਰਧਾਨ ਹੋਅ ਦੇਸ਼ ਦਾ ਰਾਸ਼ਟਰਪਤੀ ਹੋਣ ਦੇ ਬਾਵਜੂਦ ਬੇਹੱਦ ਸਾਦਗੀ ਨਾਲ ਰਹਿੰਦਾ ਸੀ ਅਤੇ ਉਸਨੇ ਰਾਸ਼ਟਰਪਤੀ ਦੇ ਮਹਿਲ ਦੀ ਵਰਤੋਂ ਨਹੀਂ ਕੀਤੀ। ਪ੍ਰਧਾਨ ਹੋਅ ਨੇ ਸੂਖਮ ਭਾਵੀ ਹਿਰਦੇ ਨਾਲ ਕਵਿਤਾਵਾਂ ਲਿਖੀਆਂ ਅਤੇ ਸਿਧਾਂਤਕ ਪ੍ਰਪੱਕਤਾ ਨਾਲ ਵਿਚਾਰਧਾਰਕ ਕਿਤਾਬਾਂ ਤੇ 1 ਦਸੰਬਰ 1968 ਵਿਚ ਦੱਖਣੀ ਵੀਤਨਾਮ ਵਿਚੋਂ ਕੌਮੀ ਮੁਕਤੀ ਪਰਚਾ (ਵੀਤਨਾਮ) ਸਥਾਪਤ ਕੀਤਾ ਗਿਆ। ਇਸ ਮੋਰਚੇ ਦੀ ਸਫਲਤਾ ਤੋਂ ਡ੍ਰਿੰਦਿਆਂ ਅਮਰੀਕਾ ਨੇ ਉੱਤਰੀ ਵੀਤਨਾਮ ਅਤੇ ਦੱਖਣੀ ਵੀਤਨਾਮ ਤੇ ਕੰਬੋਡੀਆ ਤੇ ਭਿਅੰਕਰ

ਬੰਬ ਛੱਡੇ । ਕੰਬੋਡੀਆ ਵਿਚ ਅੱਜ ਅਮਰੀਕੀ ਸਾਮਰਾਜਵਾਦੀ ਜੋ ਹਜ਼ਾਰਾਂ ਲੱਖਾਂ ਕੰਕਾਲ ਵਿਖਾਕੇ ਉਥੋਂ ਦੀ ਕਮਿਊਨਿਸਟ ਹਕੂਮਤ ਅਤੇ ਖਾਸ ਕਰ ਪਾਲ ਪਾਟ ਨੂੰ ਕਾਲੇ ਰੰਗ ਵਿਚ ਰੰਗਕੇ ਪੇਸ਼ ਕਰ ਰਹੇ ਹਨ, ਇਕ ਨਰ ਕੰਕਾਲ ਅਸਲ ਵਿਚ ਸੱਤਰਵਿਆਂ ਦੌਰਾਨ ਅਮਰੀਕੀ ਬੰਬਾਰੀ ਦਾ ਸਿੱਟਾ ਹਨ ।

**4 ਸਤੰਬਰ, 1969** ਨੂੰ ਪ੍ਰਧਾਨ ਹੋਅ ਕਰੀਬ ਅੱਸੀ ਵਰ੍ਹਿਆਂ ਦੀ ਉਮਰ ਵਿਚ ਜੀਵਨ ਯਾਤਰਾ ਪੂਰੀ ਕਰ ਗਏ । ਉਨ੍ਹਾਂ ਆਪਣੀ ਵਸੀਅਤ ਕੁੱਝ ਸਮਾਂ ਪਹਿਲਾਂ ਹੀ ਲਿਖੀ ਸੀ, ਜਿਸ ਵਿਚ ਇਨਕਲਾਬੀ ਸਦਾਚਾਰ ਅਤੇ ਮਾਤ ਭੂਮੀ ਦੇ ਏਕੀਕਰਣ ਦੀ ਇੱਛਾ ਪ੍ਰਗਟ ਸੀ ।

ਸੂਫ਼ੀ ਅਮਰਜੀਤ ਨੇ ਪ੍ਰਧਾਨ ਹੋਅ ਚੀ ਮਿੰਨ ਦੀ ਜੀਵਨੀ ਨੂੰ ਬੜੀ ਸਰਲ ਪਰ ਪ੍ਰਭਾਵਸ਼ਾਲੀ ਸ਼ੈਲੀ ਵਿਚ ਬਿਆਨ ਕੀਤਾ ਹੈ, ਇਹ ਚੰਗਾ ਸ਼ਗਨ ਹੈ ਕਿ ਇਸ ਕਿਤਾਬ ਦਾ ਇਕ ਐਡੀਸ਼ਨ ਖਤਮ ਵੀ ਹੋ ਗਿਆ ਹੈ । ਇਹ ਤੱਥ ਵੀ ਮਾਰਕਸਵਾਦ-ਇਨਕਲਾਬ ਵਿਰੋਧ ਦੀ ਹਨੇਰੀ ਦਾ ਸਾਹਮਣਾ ਕਰਨ ਦੀ ਸ਼ਕਤੀ ਦਾ ਸੰਕੇਤ ਹੈ ।

—ਡਾ. ਚਮਨ ਲਾਲ

111, ਬਾਰਾਦਰੀ ਗਾਰਡਨ, ਪਟਿਆਲਾ (ਪੰਜਾਬ)

## ਮਾਲਵੇ ਦੀ ਪੈੜ/(ਕਹਾਣੀ ਸੰਗ੍ਰਹਿ)

"ਮਾਲਵੇ ਦੀ ਪੈੜ, ਮਾਲਵੇ ਦੇ ਜੰਮੇ ਜਾਂ ਮਾਲਵੇ ਵਿਚ ਰਹਿੰਦੇ ਸੈਂਤੀ ਕਹਾਣੀਕਾਰਾਂ ਦੀਆਂ ਕਹਾਣੀਆਂ" ਦਾ ਸੰਗ੍ਰਹਿ ਹੈ । ਜਿਸ ਨੂੰ ਬਹੁਤ ਹੀ ਮਿਹਨਤ ਨਾਲ ਚਮਕ ਸੁਰਜੀਤ ਨੇ ਸੰਪਾਦਤ ਕੀਤਾ ਹੈ. ਜਿਹੜਾ ਕੰਮ ਚਮਕ ਨੇ ਕੀਤਾ ਹੈ, ਇਹ ਕਿਸੇ ਇਕੱਲੇ ਕਹਿਰੇ ਬੰਦੇ ਦੀ ਥਾਂ ਇਕ ਸੰਸਥਾ ਦਾ ਕੰਮ ਹੈ । ਅਸਲ ਵਿਚ ਮੌਲਿਕ ਲੇਖਣ ਨਾਲੋਂ ਸੰਪਾਦਨ ਦਾ ਕੰਮ ਕੁਝ ਔਖਾ ਹੈ । ਕਿਉਂਕਿ ਇਸ ਕੰਮ ਲਈ ਸਾਹਿਤ ਦਾ ਵਿਸ਼ਾਲ ਚਿੰਤਨ ਹੋਣਾ ਲਾਜ਼ਮੀ ਹੈ । ਅਤੇ ਕਲਾ ਤੇ ਮਿਆਰ ਨੂੰ ਕਾਇਮ ਰਖਣ ਲਈ ਨਿਰਖ ਪਰਖ ਤੇ ਪੜਚੋਲ ਦੀ ਸੋਝੀ ਵੀ ਜ਼ਰੂਰੀ ਹੈ, ਮੇਰੇ ਖਿਆਲ ਅਨੁਸਾਰ ਚਮਕ ਸੁਰਜੀਤ ਨੇ ਇਸ ਸੰਗ੍ਰਹਿ ਦੇ ਸੰਪਾਦਨ ਵਿਚ ਇਹਨਾਂ ਗੁਣਾ ਦਾ ਪ੍ਰਗਟਾਵਾ ਕੀਤਾ ਹੈ ।

ਇਸ ਸੰਗ੍ਰਹਿ ਨੂੰ ਤਿਆਰ ਕਰਦੇ ਸਮੇਂ ਲੇਖਕ ਦੀ ਉਮਰ ਤੇ ਕਲਾ ਨੂੰ ਧਿਆਨ ਵਿਚ ਰੱਖਿਆ ਗਿਆ ਹੈ । ਸਭ ਤੋਂ ਪਹਿਲੀ ਸੰਤ ਸਿੰਘ ਸੇਖੋਂ ਦੀ ਕਹਾਣੀ 'ਤਰੱਕੀ' ਹੈ । ਸੇਖੋਂ ਦਾ ਜਨਮ 1908 ਵਿਚ ਹੋਇਆ ਸੀ, ਸੇਖੋਂ ਨੂੰ ਮਾਲਵੇ ਵਿਚ ਮੋੜ੍ਹੀ ਗੱਡ ਕਹਾਣੀਕਾਰ ਕਿਹਾ ਜਾ ਸਕਦਾ ਹੈ । ਦੂਜਾ ਨੰਬਰ ਬਲਵੰਤ ਗਾਰਗੀ ਦਾ ਹੈ, ਫਿਰ ਜਸਵੰਤ ਸਿੰਘ ਕੰਵਲ, ਸੰਤੋਖ ਸਿੰਘ ਧੀਰ, ਅਜੀਤ ਪੱਤੋ, ਰਾਮ ਸਰੂਪ ਅਣਖੀ, ਗੁਰਦਿਆਲ ਸਿੰਘ, ਅਮਰ ਕੋਮਲ, ਗੁਰਬਚਨ ਭੁੱਲਰ, ਜਸਦੇਵ ਧਾਲੀਵਾਲ, ਬਲਜੀਤ ਕੌਰ ਬੱਲੀ, ਅਤਰਜੀਤ ਤੇ ਫਿਰ ਅੱਗੇ ਤੁਰਕੇ ਘੱਟ ਉਮਰੇ ਲੇਖਕ ਆਉਂਦੇ ਹਨ, ਜਿਹੜੇ ਕਹਾਣੀ ਖੇਤਰ ਵਿਚ ਨਵੇਂ ਹਨ । ਇਸ ਸੰਗ੍ਰਹਿ ਵਿਚ ਅੰਤਲਾ ਕਹਾਣੀਕਾਰ, ਗੁਰਮੀਤ ਕੀੜਆਲਵੀ ਹੈ । ਜਿਹੜਾ ਕਹਾਣੀ ਖੇਤਰ ਵਿਚ ਨਵਾਂ ਨਹੀਂ, ਬਲਕਿ ਉਹ ਇਸ ਖੇਤਰ ਵਿਚ ਆਪਣੀ ਥਾਂ ਬਣਾ ਚੁਕਿਆ ਹੈ, ਪਰੰਤੂ ਸੰਗ੍ਰਹਿ ਵਿਚ ਉਹ ਕਥਾਕਾਰ ਵੀ ਸ਼ਾਮਲ ਹਨ, ਜਿਹੜੇ ਘਟ ਲਿਖਦੇ ਤੇ ਘੱਟ ਜਾਣੇ ਜਾਂਦੇ ਹਨ ।

ਇਸ ਸੰਗ੍ਰਹਿ ਵਿਚ ਕਈ ਅਹਿਮ ਮਲਵਈ ਕਥਾਕਾਰ ਰਹਿ ਗਏ ਹਨ । ਜਿਨ੍ਹਾਂ ਦੀ ਹਾਜ਼ਰੀ ਬਿਨਾਂ ਇਸ ਸੰਗ੍ਰਹਿ ਅਧੂਰਾ ਜਾਪਦਾ ਹੈ । ਇਸ ਗਲ ਦਾ ਇਹਤਰਾਫ ਸੰਪਾਦਿਕ ਨੇ ਆਪ ਵੀ ਕੀਤਾ ਹੈ ਅਤੇ ਕਾਰਨ ਇਹ ਦਸਿਆ ਹੈ ਕਿ ਇਹਨਾਂ ਲੇਖਕਾਂ ਨੇ ਆਪਣੀਆਂ ਕਹਾਣੀਆਂ ਉਸਨੂੰ ਨਹੀਂ



ਭੇਜੀਆਂ । ਸੰਪਾਦਿਕ ਦੀ ਸੁਹਿਰਦਤਾ ਤੇ ਸ਼ੰਕਾ ਕਰਨ ਦਾ ਕੋਈ ਕਾਰਨ ਨਹੀਂ । ਫਿਰ ਵੀ ਜੇਕਰ ਇਹਨਾਂ ਲੇਖਕਾਂ ਨੇ ਨਵੀਆਂ ਕਹਾਣੀਆਂ ਨਹੀਂ ਵੀ ਭੇਜੀਆਂ ਫਿਰ ਵੀ ਇਹਨਾਂ ਦੀਆਂ ਛਪੀਆਂ ਕਹਾਣੀਆਂ ਪਰਾਪਤ ਹਨ । ਉਹ ਲੈਕੇ ਇਸ ਖੱਪੇ ਨੂੰ ਪੂਰਿਆ ਜਾ ਸਕਦਾ ਸੀ, ਜਿਹੜੇ ਜ਼ਿਕਰ ਯੋਗ ਕਥਾਕਾਰ ਰਹਿ ਗਏ ਹਨ । ਉਹਨਾਂ ਵਿਚ ਦਵਿੰਦਰ ਸਤਿਆਰਥੀ, ਮਿਤਰ ਸੈਨ ਮੀਤ, ਮਹਿੰਦਰ ਸਿੰਘ ਜੋਸ਼ੀ, ਗੁਰਦੇਵ ਸਿੰਘ ਰੁਪਾਣਾ, ਮੋਹਨ ਭੰਡਾਰੀ, ਰਘਬੀਰ ਢੰਡ, ਤੇਜਵੰਤ ਮਾਨ, ਜਸਪਾਲ ਮਾਨ, ਨਛੱਤਰ ਤੇ ਜਰਨੈਲ ਪੁਰੀ ਹਨ । ਇਹਨਾਂ ਤੋਂ ਬਿਨਾ ਬਹੁਤ ਸਾਰੇ ਮਲਵਈ ਲੇਖਕ ਅਜਿਹੇ ਵੀ ਰਹਿ ਗਏ ਹਨ ਜਿਹੜੇ ਕਿਸੇ ਸਮੇਂ ਵਧੀਆ ਕਹਾਣੀਆਂ ਲਿਖਦੇ ਰਹੇ ਹਨ ਪਿਛੋਂ ਕੁਝ ਕਾਰਨਾਂ ਕਰਕੇ ਛੱਡ ਗਏ । ਇਹਨਾਂ ਵਿਚ ਜੋਰਾ ਸਿੰਘ ਸੰਧੂ, ਹਰਦੇਵ ਦਿਲਗੀਰ, ਇੰਦਰ ਸਿੰਘ ਖਾਮੋਸ਼, ਪ੍ਰਗਟ ਸਿੰਘ ਸਿੱਧੂ । ਇਕ ਲੇਖਕ ਹਰੀ ਸਿੰਘ ਦਿਲਬਰ ਜਿਸਨੇ ਨਿਰੋਲ ਪੇਂਡੂ ਲਹਿਜੇ ਵਿਚ ਕਹਾਣੀਆਂ ਲਿਖੀਆਂ, ਵੀ ਰਹਿ ਗਿਆ ਹੈ । ਪਰੰਤੂ ਇਸ ਘਾਟ ਕਾਰਨ ਸੰਗ੍ਰਹਿ ਦਾ ਮੁੱਲ ਨਹੀਂ ਘਟਦਾ, ਨਾਂ ਹੀ ਸੰਪਾਦਿਕ ਤੇ ਕੋਈ ਉਂਗਲ ਉਠਦੀ ਹੈ ।

ਸੰਸਾਰ ਤੇ ਭਾਰਤੀ ਸਾਹਿਤ ਵਿਚ ਆਂਚਲਕ ਸਾਹਿਤ ਤੇ ਸਾਹਿਤਕਾਰਾਂ ਦਾ ਵਿਸ਼ੇਸ਼ ਸਥਾਨ ਰਿਹਾ ਹੈ । ਬੇਸ਼ੱਕ ਸੰਤ ਸਿੰਘ ਸੇਖੋਂ ਤੇ ਕਈ ਹੋਰ ਵਿਦਵਾਨਾਂ ਤੇ ਚਿੰਤਕਾਂ ਨੇ ਆਂਚਲਕ ਪਰਵਿਰਤੀ ਉਭਾਰਨ ਵਿਰੁੱਧ ਚਿਤਾਵਨੀ ਵੀ ਦਿਤੀ ਹੈ, ਪਰੰਤੂ ਇਸ ਸਮੇਂ ਸਥਿਤੀ ਇਹ ਹੈ ਕਿ ਮਲਵਈ ਸਾਹਿਤਕਾਰ ਤੇ ਖਾਸ ਕਰਕੇ ਕਥਾਕਾਰ ਗਦ ਤੇ ਗਦਆਤਮਕ ਪਖੋਂ ਇਸ ਸਥਾਨ ਤੇ ਪੁਜ ਗਏ ਹਨ, ਜਿਥੇ ਇਹ ਆਂਚਲਕ ਲੇਖਕ ਨਾ ਰਹਿਕੇ ਸਮੁੱਚੀ ਪੰਜਾਬੀ ਕਹਾਣੀ ਦੇ ਪ੍ਰਤੀਨਿਧ ਬਣ ਗਏ ਹਨ ।

ਇਸ ਸੰਗ੍ਰਹਿ ਵਿਚਲੀਆਂ ਕਹਾਣੀਆ ਦੀ ਇਕੱਲੇ ਇਕੱਲੇ ਤੌਰ ਤੇ ਪਰਖ ਪੜਚੋਲ ਕਰਨੀ ਸੰਭਵ ਨਹੀਂ । ਫਿਰ ਇਹਨਾਂ ਸਾਰੀਆਂ ਕਹਾਣੀਆਂ ਵਿਚ ਸਮਾਜ ਵਿਚਲੇ ਸਾਰੇ ਮਸਲਿਆਂ ਆਰਥਿਕ, ਸਮਾਜਿਕ, ਰਾਜਸੀ, ਸਦਾਚਾਰਕ ਤੇ ਸਭਿਆਚਾਰਕ ਦਾ ਵਰਨਣ ਕੀਤਾ ਗਿਆ ਹੈ । ਇਹਨਾਂ ਕਹਾਣੀਆਂ ਵਿਚੋਂ ਇਕ ਵੀ ਕਹਾਣੀ ਤੇ ਕਹਾਣੀਕਾਰ, ਕਲਾ ਕਲਾ ਲਈ ਦਾ ਧਰਨੀ ਨਹੀਂ ਹੈ, ਬਲਕਿ ਕਲਾ ਸਮਾਜ ਲਈ ਦਾ ਪੱਖੀ ਹੈ । ਇਹ ਗੱਲ ਵੱਖਰੀ ਹੈ ਕਿ ਮਸਲੇ ਦੀ ਸਮਝ ਬੌਧਿਕ ਪੱਧਰ ਤੇ ਕਲਾ ਕੌਸ਼ਲਤਾ ਵਿਚ ਅਵੱਸ਼ ਅੰਤਰ ਹੈ । ਇਹਨਾਂ ਕਹਾਣੀਆਂ ਤੇ ਕਹਾਣੀਕਾਰਾਂ ਨੂੰ ਕੇਵਲ ਮਾਲਵੇ ਵਿਚ ਲਿਖੀਆਂ ਤੇ ਜੰਮੇ ਹੋਣ ਕਾਰਨ ਹੀ ਮਲਵਈ ਕਿਹਾ ਗਿਆ ਹੈ । ਪਰੰਤੂ ਇਹਨਾਂ ਸਾਰੇ ਲੇਖਕਾਂ ਨੇ ਉਚੇਚੇ ਤੌਰ ਤੇ ਮਲਵਈ ਉਪ ਭਾਖਾ ਨਹੀਂ ਵਰਤੀ । ਸਹਿਜ ਭਾਵ ਹੀ ਕੋਈ ਅੱਧ ਮਲਵਈ ਸ਼ਬਦ ਆ ਗਿਆ ਹੋਵੇ, ਗੱਲ ਵੱਖਰੀ ਹੈ । ਹਕੀਕਤ ਵਿਚ ਵੰਡ ਉਪਰੰਤ ਪੰਜਾਬ ਦੇ ਮੁੰਗੜ ਜਾਣ ਨਾਲ ਪੰਜਾਬੀ ਜ਼ਬਾਨ ਬਹੁਤ ਬਦਲ ਗਈ ਹੈ । ਨਵੇਂ ਸੰਚਾਰ ਸਾਧਨਾ ਨਾਲ ਦੂਰੀ ਤੇ ਵਖਰੇਵੇਂ ਖਤਮ ਹੋ ਗਏ ਹਨ । ਹੁਣ ਉਪ ਭਾਖਾਵਾਂ ਨੂੰ ਸ਼ਬਦ ਭੰਡਾਰਾਂ ਕਾਰਨ ਸਮਝਣਾ ਪਹਿਲਾਂ ਜਿੰਨਾ ਸੌਖਾ ਨਹੀਂ ਰਿਹਾ । ਦੂਜੇ ਵਿਦਿਆ ਦੇ ਪਸਾਰ ਕਾਰਨ ਅਖਬਾਰਾਂ, ਰਸਾਲਿਆਂ ਤੇ ਹੋਰ ਪੜ੍ਹਨ ਸਮਗਰੀ ਕਾਰਨ ਆਂਚਲਕਤਾ ਦੀ ਭਾਅ ਮਾਰਦੇ ਸ਼ਬਦ ਬਹੁਤ ਘੱਟ ਗਏ । ਇਹ ਸ਼ਬਦ ਸੰਗ੍ਰਹਿ ਵਿਚਲੀਆਂ ਕਹਾਣੀਆਂ ਵਿਚ ਵੀ ਘੱਟ ਹੀ ਹਨ ।

ਸਾਹਿਤਕਾਰਾਂ ਤੇ ਸਾਹਿਤ ਰਸੀਆਂ ਦਾ ਰਿਸ਼ਤਾ ਅਜਿਹਾ ਹੈ ਕਿ ਇਕ ਦੂਜੇ ਤੋਂ ਬਿਨਾਂ ਇਹਨਾਂ ਨੂੰ ਪਾਲਣਾ ਸਾਰਥਿਕ ਨਹੀਂ ਹੋ ਸਕਦੀ । ਜੇਕਰ ਸਾਹਿਤਕਾਰ ਨਾ ਲਿਖਣ ਤਾਂ ਰਸੀਏ ਕੀ

ਕਰਨਗੇ ? ਜੇਕਰ ਸਾਹਿਤਕਾਰਾਂ ਦੀਆਂ ਕਿਰਤਾਂ ਰਸੀਆਂ ਤੇ ਪਾਠਕਾਂ ਤਕ ਨਹੀਂ ਪੁਜਦੀਆਂ ਤਾਂ ਸਾਹਿਤ ਦੀ ਕੋਈ ਸਾਰਥਿਕਤਾ ਨਹੀਂ ਹੈ। ਚਮਕ ਸੁਰਜੀਤ ਅਜਿਹੇ ਸਾਹਿਤ ਰਸੀਏ ਨੇ ਆਪਣੀ ਕਮਾਈ ਵਿਚੋਂ ਮਾਲਵੇ ਦੀ ਪੇੜ ਵਰਗੀ ਵਧੀਆ ਦਸਤਾਵੇਜ਼ੀ ਪੁਸਤਕ ਛਾਪੀ ਹੈ। ਪੁਸਤਕ ਛਪਾਈ ਤੇ ਦਿਖ ਪੱਖੋਂ ਬਹੁਤ ਸੋਹਣੀ ਹੈ। ਚਮਕ ਸੁਰਜੀਤ ਇਸ ਘਾਲਣਾ ਲਈ ਵਧਾਈ ਤੇ ਪਰਸੰਸਾ ਦਾ ਹੱਕਦਾਰ ਹੈ। ਪੰਜਾਬੀ ਸਾਹਿਤ ਦੀ ਕੰਗਾਲੀ ਦੂਰ ਕਰਨ ਲਈ ਚਮਕ ਸੁਰਜੀਤ ਵਰਗੇ ਮਿਹਨਤੀ ਤੇ ਲਗਨ ਵਾਲੇ ਵਿਅਕਤੀਆਂ ਦੀ ਸਖਤ ਲੋੜ ਹੈ। ਉਸ ਦੀ ਇਸ ਕਿਰਤ ਦਾ ਸਵਾਗਤ ਕਰਨਾ ਬਣਦਾ ਹੈ। ਇਹ ਪੁਸਤਕ ਹਰ ਘਰ ਵਿਚ ਹੋਣੀ ਲਾਜ਼ਮੀ ਹੈ। ਮੈਨੂੰ ਆਸ ਹੈ ਕਿ ਚਮਕ ਜਿਸ ਰਾਹ ਤੇ ਤੁਰਿਆ ਹੈ, ਤੁਰਦਾ ਜਾਏਗਾ ਤੇ ਹੋਰ ਨਵੇਂ ਕਦਮ ਪੁੱਟੇਗਾ।

—ਸੁਰਜੀਤ ਗਿੱਲ

## ਕਾਲੇ ਹਾਸ਼ੀਏ (ਗ਼ਜ਼ਲ ਸੰਗ੍ਰਹਿ)

ਕਾਲੇ ਹਾਸ਼ੀਏ, ਨਵੇਂ ਗਜ਼ਲਗੋ ਮਨਜੀਤ ਦਾ ਪਹਿਲਾ ਸੰਗ੍ਰਹਿ ਹੈ। ਮਨਜੀਤ ਦਾ ਇਹ ਸੰਗ੍ਰਹਿ ਉਸਦੀ ਵਰ੍ਹਿਆਂ ਦੀ ਮਿਹਨਤ ਦਾ ਸਿੱਟਾ ਹੈ, ਜਿਹੜੀ ਉਹਨੇ ਇਕ ਲੇਖਕ, ਇਕ ਕਵੀ ਬਣਨ ਲਈ ਕੀਤੀ। ਮਨਜੀਤ ਨੂੰ ਬਚਪਨ ਤੋਂ ਹੀ ਸਾਹਿਤਕ ਮਾਹੌਲ ਤੇ ਸਾਹਿਤਕ ਚਿੰਤਨ ਦੀ ਚੇਟਕ ਪਰਾਪਤ ਹੈ। ਸਾਡੇ ਪਿਤਾ ਸ: ਗੱਜਾ ਸਿੰਘ ਆਪੇ ਉਸਰੇ ਵਿਅਕਤੀ ਤੇ ਕੋਮਲ ਕਲਾਵਾਂ ਦੇ ਰਸੀਏ ਸਨ। ਉਹਨਾਂ ਦੀ ਛਤਰ ਛਾਇਆ ਹੇਠ ਸਾਰੇ ਪਰਵਾਰ ਨੇ ਸਾਹਿਤ ਪੜ੍ਹਨਾ ਤੇ ਕੋਮਲ ਕਲਾਵਾ ਨੂੰ ਪਿਆਰ ਕਰਨਾ ਸਿਖਿਆ। ਮਨਜੀਤ ਬਹੁਪੱਖੀ ਪ੍ਰਤਿਭਾ ਦਾ ਮਾਲਕ ਹੈ। ਉਹਦ ਕਿੱਤਾ ਕਲਾਮਈ ਨਹੀਂ, ਪਰੰਤੂ ਉਸਦੇ ਹੱਥਾਂ ਵਿਚ ਰਾਈਫਲਾਂ ਤੇ ਬੰਦੂਕਾਂ ਦੇ ਬੱਟ ਲਕੜੀ ਦੀਅ ਕਲਾ ਕਿਰਤਾਂ ਹੋ ਨਿਬੜਦੇ ਹਨ। ਉਹਨੇ ਮੁੱਢ ਵਿਚ ਕੁਝ ਨਹੀਂ ਲਿਖਿਆ ਪਰੰਤੂ ਅਤਿਵਾਦ ਸਮੇ ਹੋਈ ਪੰਜਾਬ ਤੇ ਪੰਜਾਬੀਆਂ ਦੀ ਦੁਰਦਸ਼ਾ ਉਸ ਅੰਦਰੋਂ ਕਲਾ ਬਣਕੇ ਫੁੱਟ ਤੁਰੀ ਹੈ।

ਹੱਥਲੇ ਗ਼ਜ਼ਲ ਸੰਗ੍ਰਹਿ ਵਿਚਲੀਆਂ ਗ਼ਜ਼ਲਾਂ ਸ਼ਾਇਦ ਆਪਦੇ ਕਿਸੇ ਬਹੁਤ ਉਚੇ ਟੀਚੇ ਤੱ ਪੁਜਣ ਤਕ ਸਫਲ ਨਾਂ ਹੋਈਆਂ ਹੋਣ, ਪਰੰਤੂ ਪੰਜਾਬੀ ਵਿਚ ਲਿਖੀ ਜਾ ਰਹੀ ਆਮ ਗਜ਼ਲ ਤੋਂ ਕਿ ਤਰ੍ਹਾਂ ਪਿੱਛੇ ਨਹੀਂ ਹਨ।

ਗਜ਼ਲ ਸਾਹਿਤ ਦੀ ਇਕ ਔਖੀ ਸਿਨਫ ਹੈ। ਇਸ ਵਿਚ ਹੋਰ ਕੁਝ ਹੋਵੇ ਬੇਸ਼ੱਕ ਨਾ ਹੋ ਪਰੰਤੂ ਇਸ ਵਿਚ ਗਜ਼ਲ ਵਾਲੀ ਨਫਾਸਤ ਤੇ ਸੂਖਮਤਾ ਅਵਸ਼ ਹੋਣੀ ਚਾਹੀਦੀ ਹੈ, ਇਸ ਵਿਚ ਵਿ ਪੱਖੋਂ ਕੋਈ ਵਿਸ਼ਾ ਵਿਵਰਜਤ ਨਹੀਂ ਹੈ। ਇਸ਼ਕ ਮੁਸ਼ਕ ਤੋਂ ਲੈ ਕੇ ਜਮਾਤੀ ਸੰਘਰਸ਼ ਹਨ ਇਸ ਵਿ ਬਿਆਨ ਕੀਤਾ ਜਾ ਸਕਦਾ ਹੈ। ਪਰੰਤੂ ਇਹ ਬਿਆਨ ਗਜ਼ਲ ਦੇ ਕਾਇਦੇ ਕਾਨੂੰਨ ਅਧੀਨ ਹੋ ਚਾਹੀਦਾ ਹੈ। ਇਸ ਵਿਚ ਰਵਾਇਤੀ ਤੁਕਬੰਦੀ ਬੇਸ਼ੱਕ ਕੁਝ ਢਿਲੀ ਰਹਿ ਜਾਵੇ, ਫਿਰ ਵੀ ਗ ਵਾਲੀ ਬਹਿਰ ਜ਼ਰੂਰ ਕਾਇਮ ਰਹਿਣੀ ਚਾਹੀਦੀ ਹੈ।

ਮਨਜੀਤ ਨੂੰ ਸਮਾਜਿਕ ਵਰਤਾਰੇ ਤੇ ਉਸ ਦੇ ਪਿਛੋਕੜ ਵਿਚ ਚਾਲਕ ਸ਼ਕਤੀਆਂ ਚੇਤਨ ਹੈ। ਪਿਛਲੇ ਸਮੇਂ ਵਿਚ ਆਇਆ ਝੱਖੜ ਵੱਡੇ ਵੱਡੇ ਬੋਹੜਾਂ ਨੂੰ ਉਖੇੜ ਗਿਆ ਸੀ। ਮਨ ਬੋਹੜਾ ਬਹੁਤ ਡੋਲ ਵੀ ਗਿਆ ਸੀ, ਪਰੰਤੂ ਜੜ੍ਹ ਪੱਕੀ ਹੋਣ ਕਾਰਨ ਫਿਰ ਟਿਕਾਣੇ ਆ ਗਿਆ।



ਵੇਰ ਮੁਢਲੇ ਸੰਸਕਾਰ ਵੀ ਬੰਦੇ ਦਾ ਪਿੱਛਾ ਨਹੀਂ ਛੱਡਦੇ। ਘਰ ਦਾ ਮੁਢਲਾ ਮਾਹੌਲ ਸਿੱਖੀ ਦੀ ਹੋਂਦ ਕਾਰਨ ਥੋੜ੍ਹਾ ਬਹੁਤ ਪਰਭਾਵ ਪੈਣਾ ਅਵੱਸ਼ਕ ਸੀ। ਇਸੇ ਲਈ ਮਨਜੀਤ ਕਹਿੰਦਾ ਹੈ।

ਹਾਲੇ ਤਾਂ ਘੁੰਮਣ-ਘੇਰੀਆਂ 'ਚ ਡੋਲਦੀ ਕਿਸ਼ਤੀ ਫਿਰੇ।
ਲੈ ਜੋ ਆਵੇ ਇਸ ਨੂੰ ਕਿਨਾਰੇ, ਉਸ ਲਹਿਰ ਦੀ ਗੱਲ ਕਰ।

ਇਸ ਤੋਂ ਅੱਗੇ ਉਹ ਕਹਿੰਦਾ ਹੈ :—

ਕਰੋ ਛਤੀ ਕੋਈ ਹੀਲਾ ਕਿ ਮੁੱਕੇ ਰਾਤ ਦੁੱਖਾਂ ਦੀ।
ਠਾ ਹੋਵਣ ਪਾਟੀਆਂ ਲੀਰਾਂ ਨਾ ਪਵੇ ਮਾਰ ਭੁੱਖਾਂ ਦੀ।

ਉਸਨੂੰ ਬਹਾਰ ਆਉਣ ਦੀ ਪੱਕੀ ਆਸ ਹੈ।

ਬਹਾਰ ਮੁੜ ਆਈ ਜਦੋਂ ਪਤਝੜਾਂ ਨੂੰ ਮਾਰਕੇ,
ਰੁੱਖ ਪਾਣੀ ਪੀਣਗੇ, ਮਹਿਕਾਂ ਦੇ ਸਿਰੋਂ ਵਾਰਕੇ।

ਪਰੰਤੂ ਉਹ ਜਾਣਦਾ ਹੈ ਕਿ ਬਹਾਰ ਆਉਣ ਵਿਚ ਹਾਲੇ ਬਹੁਤ ਔਕੜਾਂ ਹਨ। ਇਸ ਲਈ ਉਹ ਕਹਿੰਦਾ ਹੈ—

ਇਸਦੇ ਖਰੀਦਦਾਰ ਜੋ ਬਾਜ਼ਾਰ ਲੁਟ ਕੇ ਲੈ ਗਏ।
ਰਾਖੇ ਬਣੇ ਜੋ ਬਾਗ ਦੇ ਗੁਲਾਬ ਪੁੱਟ ਕੇ ਲੈ ਗਏ।

ਉਹਨੂੰ ਇਹ ਵੀ ਪਤਾ ਹੈ ਕਿ—

ਕਹਾਣੀ ਹੋਰ ਹੁਣ ਪਾਈਏ ਕਿ ਲੰਮੀ ਰਾਤ ਹੈ ਹਾਲੇ।
ਹੋਰ ਜ਼ਰਾ ਕਰ ਉੱਚਾ ਲੋਅ ਨੂੰ ਦੂਰ ਪਰਭਾਤ ਹੈ ਹਾਲੇ।

ਮਨਜੀਤ ਨੇ ਜਿਥੇ ਸਾਹਿਤ ਦਾ ਚਿੰਤਨ ਹਿੰਦੀ ਅੰਗਰੇਜ਼ੀ ਤੇ ਪੰਜਾਬੀ ਵਿਚ ਕੀਤਾ ਹੈ ਪਰੰਤੂ ਉਸਨੇ ਆਪਣੀ ਬੋਲੀ ਨੂੰ ਪਰਭਾਵਤ ਨਹੀਂ ਕੀਤਾ। ਉਸਨੇ ਚਿੰਨ੍ਹ ਤੇ ਪਰਤੀਕ ਨਿਰੋਲ ਪੰਜਾਬੀ ਵਰਤੇ ਹਨ। ਇਸ ਤਰ੍ਹਾਂ ਉਹਨੇ ਸਾਬਤ ਕਰ ਦਿਤਾ ਹੈ ਕਿ ਪੰਜਾਬੀ ਸਮਰੱਥਾ ਪਖੋਂ ਸਵੈਨਿਰਭਰ ਹੈ, ਇਸਨੂੰ ਕਿਸੇ ਤੋਂ ਕੁਝ ਮੰਗਣ ਦੀ ਲੋੜ ਨਹੀਂ ਹੈ।

ਮਨਜੀਤ ਦੀ ਇਹ ਕਿਰਤ 'ਕਾਲੇ ਹਾਸ਼ੀਏ' ਪੰਜਾਬੀ ਗਜ਼ਲ ਸਾਹਿਤ, ਵਿਚ ਇਕ ਗਿਣਨ ਯੋਗ ਵਾਧਾ ਹੈ। ਇਸ ਤਰ੍ਹਾਂ ਮਨਜੀਤ ਦਾ ਸ਼ੁਮਾਰ ਪੰਜਾਬੀ ਦੇ ਗਜ਼ਲਗੋਆਂ ਵਿਚ ਹੋ ਗਿਆ ਹੈ।

ਮੈਂ ਮਨਜੀਤ ਦੇ ਇਸ ਸੰਗ੍ਰਹਿ ਦਾ ਸਵਾਗਤ ਕਰਦਾ ਹਾ ਤੇ ਪੰਜਾਬੀ ਪਾਠਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਸ ਸੰਗ੍ਰਹਿ ਨੂੰ ਅਵੱਸ਼ ਪੜ੍ਹਨ।

ਪੁਸਤਕ ਰਵੀ ਸਾਹਿਤ ਪਰਕਾਸ਼ਨ ਵਲੋਂ ਪਰਕਾਸ਼ਤ ਕੀਤੀ ਗਈ ਹੈ।

—ਸੁਰਜੀਤ ਗਿੱਲ

## ਮੈਂ ਕਿਤੇ ਹੋਰ ਸੀ/(ਵਰਿੰਦਰ ਪਰਿਹਾਰ)

"ਭਟਕਦੀ ਕਿਸੇ ਨਜ਼ਮ ਦੀ ਰੂਹ ਦਾ ਜੌਹਰ ਹੈ" ਕਵੀ ਵਰਿੰਦਰ ਪਰਿਹਾਰ। ਹਰਫਾਂ ਰਾਹੀਂ ਅਵਾਮ ਦੇ ਦਰਦ ਦਾ ਅਹਿਸਾਸ ਕਰਨ ਵਾਲਾ ਕੋਈ ਵਿਰਲਾ ਸ਼ਾਇਰ ਹੀ ਮਨੁੱਖ ਦੀ ਕਦੀਮੀ ਪ੍ਰਵਿਰਤੀ ਦਾ ਸੱਚਾ ਤੇ ਸੁੱਚਾ ਅਨੁਵਾਦ ਕਰ ਸਕਦਾ ਹੈ। ਆਪਣੀ ਕਾਵਿ ਪੁਸਤਕ 'ਮੈਂ ਕਿਤੇ ਹੋਰ ਸੀ' ਰਾਹੀਂ ਵਰਿੰਦਰ ਪਰਿਹਾਰ ਨੇ ਇਹ ਜੋ ਕਰ ਵਿਖਾਇਆ ਹੈ।

ਸਾਡਾ ਸਮਾਂ ਖੰਡਿਤ ਆਪੇ ਅਤੇ ਅਸਤਿਤਵ ਦੇ ਸੰਕਟ ਦਾ ਸਮਾਂ ਹੈ। ਐਸੇ ਸੰਕਟ ਕਾਲੀਨ

ਸਮੇਂ ਕਵਿਤਾ ਵਰਗਾ ਹੱਸਾਸ ਅਮਲ ਬਚਿਆ ਰਹਿ ਸਕੇ, ਕਵੀ ਵਰਿੰਦਰ ਪਰਿਹਾਰ ਦੀ ਜਿੱਥੇ ਹੂਕ ਵਰਗੀ ਅਰਜ਼ ਹੈ ਉਥੇ ਉਸਦੇ ਕਵੀ ਧਰਮ ਦਾ ਮੁੱਖ ਸਰੋਕਾਰ ਵੀ ਹੈ।

ਸ਼ਾਇਰ ਦੇ ਦਿਲੋ-ਦਿਮਾਗ ਜ਼ਰਖੇਜ਼ ਨੇ ਕਿਉਂਕਿ ਉਸ ਦੇ ਆਸ-ਪਾਸ ਜੋ ਕੁਝ ਵਾਪਰ ਰਿਹਾ ਏ ਸਭ ਠੀਕ-ਠਾਕ ਨਹੀਂ ਹੈ। ਬਿਮਾਰ ਵਿਵਸਥਾ ਦੇ ਵਿਰੋਧ 'ਚੋਂ ਹੀ ਜੀਕਣ ਸਵਸਥ ਤੇ ਸਾਰ ਗਰਭਿਤ ਕਾਵਿ ਰਚਨਾ ਸੰਭਵ ਹੋ ਸਕਦੀ ਹੈ। ਵਰਿੰਦਰ ਪਰਿਹਾਰ ਦੀਆਂ ਰਚਨਾਵਾਂ ਵਿਚ ਉਕਤ ਸੱਚਾਈ ਉਜਾਗਰ ਹੋ ਰਹੀ ਹੈ। ਸੰਕਟ-ਗ੍ਰਸਤ ਸਾਡੇ ਸਮਿਆਂ ਦੀ ਪੜਚੋਲ ਕਰਨ ਵਾਲਾ ਇਹ ਕਵੀ ਨਿਰਾਸ ਨਹੀਂ ਹੁੰਦਾ। ਭਵਿੱਖ ਵਿਚ ਵਿਵਸਥਾ ਦੇ ਸੁਧਰ ਜਾਣ ਦੀ ਉਸ ਨੂੰ ਆਸ ਵੀ ਹੈ। **If winter comes, can spring be far behind ?** ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਕਵੀ ਆਪਣੀ ਅਹੂਤੀ ਦੇਣ ਲਈ ਵੀ ਤਤਪਰ ਹੈ—"ਕਿਸੇ ਬਾਲ ਹੱਥੀਂ" ਫੜੇ ਠੀਕਰੇ 'ਚ ਟਣਕਦਾ ਸਿੱਕਾ ਹੈ ਤੇ ਡਿਗ ਜਾਂ/ਇਕ ਪਲ ਲਈ ਉਸਦੇ ਚਿਹਰੇ ਦੀ ਮੁਸਕਾਨ ਹੈ ਜਾਂ (ਹੋਰਾਂ ਵਾਂਗ)।

ਢਿੱਡੋਂ ਭੁੱਖੇ ਕਿਸੇ ਬੰਦੇ ਨੂੰ ਕਵਿਤਾ ਸੁਣਾ ਕੇ ਸੰਭਵ ਹੈ ਕਵੀ ਨੂੰ ਪਛਤਾਣਾ ਪਏ। ਕਿਉਂਕਿ **Hungary man is an angry man.** ਖੱਗੀ ਸੰਵੇਦਨਾ ਦਾ ਦਰਦ ਮਨੁੱਖ ਨੂੰ ਇਸ ਤਰ੍ਹਾਂ ਗਾਲਦਾ ਹੈ "ਹਮ ਵਤਨ ਉਸਦੇ/ਚਿੜਾਉਣਗੇ ਹਰ ਵੇਰ ਉਸ ਨੂੰ/ਕਹਿਣਗੇ ਉਸ ਨੂੰ ਬਾਹਰ ਦਾ ਆਦਮੀ/ਬਾਹਰ ਦੇ ਆਦਮੀ ਵੀ ਕਹਿਣਗੇ। ਆਦਮੀ ਉਸ ਨੂੰ ਬਾਹਰ ਦਾ (ਬਾਹਰ ਦਾ ਆਦਮੀ) ਆਪਣੀ ਨਿੱਜੀ ਅਨੁਭਵ ਰਾਹੀਂ ਕਵੀ ਤਾਂ ਇਹ ਵੀ ਜਾਣਦਾ ਹੈ ਕਿ ਨਮੋਸ਼ੀ ਕਿਵੇਂ ਬੰਦੇ ਦੇ ਸਿਰ ਚੜ੍ਹਕੇ ਬੋਲ ਸਕਦੀ ਹੈ (ਲੰਡਨ)

ਸੰਵੇਦਨਾ ਦੀ ਡੂੰਘੀ ਤੇ ਗੁੱਝੀ ਤਹਿ ਵਿੱਚ ਲਹਿਣ ਵਾਲਾ ਕਵੀ ਹੀ ਜਾਣ ਸਕਦਾ ਹੈ "ਕੰਧ ਉਹਲੇ ਟਾਹਣੀ 'ਚੋਂ ਫੁੱਟਦੀ ਕਰੁੰਬਲ ਕਰੇਗੀ ਸਰਗੋਸ਼ੀ।

ਨਰੋਈ ਨਵੇਕਲੀ ਕੈਫ਼ੀਅਤ ਅਤੇ ਬਹੁ-ਪਰਤੀ ਸੰਵੇਦਨਾ ਵਾਲੇ ਇਸ ਸ਼ਾਇਰ ਦੇ ਕਾਵਿ ਦੀਆਂ ਵੀ ਅਨੇਕ ਪਰਤਾਂ ਨੇ। ਕਈ ਕਾਵਿ-ਟੂਕਾਂ ਪਾਠਕ ਦੇ ਦਿਲੋ-ਦਿਮਾਗ ਨੂੰ ਟੁੰਬ ਕੇ ਉਸ ਅੰਦਰ ਨਵੀਂ ਕਵਿਤਾ ਪ੍ਰਤੀ ਮੋਹ ਉਪਜਾਉਂਦੀਆਂ ਨੇ। ਮਿਸਾਲ ਦੇ ਤੌਰ 'ਤੇ "ਪੈਸੇ ਨਹੀਂ/ਬਚਪਨ ਦੇ ਰੁੱਸੇ ਹੋਏ ਕੁਝ ਖ਼ਾਬ ਨੇ ਪੈ ਗਏ ਜੋ ਨੋਟਾਂ ਦੀ ਜੂਨੇ (ਜਾਦੂਗਰ) ਹਾਲਾਂ ਕਿ ਬੇਸ਼ੱਕ ਪਿਆਰ ਵਰਿੰਦਰ ਪਰਿਹਾਰ ਦੇ ਕਾਵਿ ਦਾ ਪ੍ਰਮੁੱਖ ਸਰੋਕਾਰ ਨਹੀਂ। ਪਰ ਉਸ ਦੀਆਂ ਪਿਆਰ ਕਵਿਤਾਵਾਂ ਨਵੀਂ ਪੰਜਾਬੀ ਕਵਿਤਾ ਦੇ ਤਥਾ-ਕਥਿਕ ਸਥਾਪਤ ਕਵੀਆਂ ਨੂੰ ਆਈਨਾ ਵਿਖਾਉਂਦੀਆਂ ਨੇ। ਇਸ ਜਜ਼ਬੇ ਦੀਆਂ ਪ੍ਰਚੰਡ ਪ੍ਰਤਿਧੁਨੀਆਂ ਨਿਮਨ ਟੂਕਾਂ ਵਿਚ ਬੜੀ ਨਫ਼ਾਸਤ ਨਾਲ ਸੰਚਾਰਿਤ ਹੋਈਆਂ ਨੇ। ਮਿਸਾਲ ਦੇ ਤੌਰ ਤੇ "ਹਜ਼ਾਰ ਹੀਲੇ ਕਰੇ ਬੰਦਾ ਬੇਸ਼ੱਕ ਚਾਹੇ ਲੱਖ ਜਤਨ। ਨਾ ਦੱਸ ਸਕੇ। ਕੀ ਹੈ ਪਿਆਰ ਪਿਆਰ ਕੀ ਹੈ। ਜਿਵੇਂ ਸਹਿਜੇ ਹੀ ਗ੍ਰੱਸ ਜਾਂਵਦੇ। ਦੇਹ 'ਚ ਡੱਕੇ। ਮਚਲਦੇ ਤੜਪਦੇ। ਚਾਰ ਕੁ ਇਹ ਹਿੰਸਕ ਕਤਰੇ ਲਹੂ ਦੇ (ਪਿਆਰ ਦੀ ਪਰਿਭਾਸ਼ਾ) ਪਤਾ ਉਸ ਨੂੰ ਵੀ ਹੈ ਡੂੰਘੇ ਕਿਤੇ। ਪ੍ਰਚੰਡ ਹੁੰਦੀ ਹੈ ਹੋਰ। ਕਿਸੇ ਬੁਝਦੀ ਹੈ ਅਗਨੀ ਰਗੜ ਕੇ (ਬੀਜ਼) ਹੁਣ ਤੇਰੇ ਵਿਚ ਦੇਹ ਮਹਿਕ ਨਹੀਂ। ਸਿਰਫ ਫੁੱਲ ਮਹਿਕ ਹੈ। ਇਸ ਲਈ ਆਪਾਂ ਕਲ੍ਹ ਮਿਲਾਂਗੇ (ਨਰਗਿਸ) ਬੇਸ਼ੱਕ ਸਰਲਤਾ ਤੇ ਸਪਸ਼ਟਤਾ ਵਰਿੰਦਰ ਪਰਿਹਾਰ ਦੀ ਕਾਵਿ-ਭਾਸ਼ਾ ਦੇ ਪ੍ਰਮੁੱਖ ਗੁਣ ਨੇ, ਫੇਰ ਵੀ ਕਿਤੇ-ਕਿਤੇ ਉਸ ਦਾ ਉੱਤਰ ਆਧੁਨਿਕ ਕਾਵਿ-ਪੈਰਾਡਾਈਮ ਅਰਥ ਸੰਚਾਰ 'ਚ ਵਿਘਨ ਪਾਉਂਦਾ ਪ੍ਰਤੀਤ ਹੁੰਦਾ ਹੈ। ਜਦਕਿ 'ਪੰਛੀ' ਨਾਂ ਦੀ ਰਚਨਾ ਪ੍ਰਮਾਣ ਹੈ ਕਿ ਉਹ ਜੇ ਕੋਸ਼ਿਸ਼ ਕਰੇ ਤਾਂ ਲਫ਼ਜ਼ਾਂ ਦੀ ਬੇਲੋੜੀ ਕਾਤੀ ਜਾਂ ਫ਼ਜ਼ੂਲ ਖਰਚੀ ਬਿਨਾ ਵੀ ਚੰਗੀ ਕਵਿਤਾ ਲਿਖ ਸਕਦਾ ਹੈ। —ਪ੍ਰੇਮ ਸ਼ਾਹਿਲ



## ਪ੍ਰਕਾਸ਼ਨ ਦਾ ਇਕ ਨਵਾਂ ਉਦਮ

ਪੰਜਾਬੀ ਵਿਚ ਪੁਸਤਕਾਂ ਦੇ ਪ੍ਰਕਾਸ਼ਨ ਦਾ ਮਸਲਾ ਗੰਭੀਰ ਰੂਪ ਧਾਰਨ ਚੁੱਕਾ ਹੈ। ਸਥਾਪਤ ਹੋਏ ਪੁਰਾਣੇ, ਵੱਡੇ ਪ੍ਰਕਾਸ਼ਕ ਵਿਰਲੀ ਟਾਵੀਂ ਕੋਈ ਪੁਸਤਕ ਤੇ ਉਹ ਵੀ ਕਿਸੇ ਵੱਡੇ ਲੇਖਕ ਦੀ ਹੀ ਮੁਫ਼ਤ ਛਾਪਦੇ ਨੇ। ਵਧੇਰੇ ਪੁਸਤਕਾਂ ਲੇਖਕਾਂ ਕੋਲੋਂ ਅਗਾਊਂ ਪੈਸੇ ਲੈ ਕੇ ਛਾਪੀਆਂ ਜਾਂਦੀਆਂ ਹਨ। ਰਾਇਲਟੀ ਦੇਣ ਦਿਵਾਉਣ ਦਾ ਮਾਮਲਾ ਇਸ ਤੋਂ ਵੀ ਬਦਤਰ ਹੈ। ਬਦੇਸੀ ਪੰਜਾਬੀ ਲੇਖਕਾਂ ਕੋਲੋਂ ਮੂੰਹ ਮੰਗੇ ਪੈਸੇ ਮੰਗੇ ਜਾਂਦੇ ਹਨ। ਪੱਜ ਇਹ ਮਾਰਿਆ ਜਾਂਦਾ ਹੈ ਕਿ ਪੰਜਾਬੀ ਪੁਸਤਕਾਂ ਵਿਕਦੀਆਂ ਨਹੀਂ। ਜੇ ਪੁਸਤਕਾਂ ਵਿਕਦੀਆਂ ਨਹੀਂ, ਤਾਂ ਛਾਪੀਆਂ ਕਾਹਦੇ ਲਈ ਜਾਂਦੀਆਂ ਹਨ? ਸਪਸ਼ਟ ਹੈ ਕਿ ਇਹ ਬਹਾਨੇ ਲੇਖਕ ਦੀ ਲੁੱਟ ਲਈ ਘੜੇ ਜਾਂਦੇ ਹਨ। ਦਿੱਲੀ ਨੂੰ ਛੱਡ, ਪੰਜਾਬ ਵਿਚ ਸਥਿਤੀ ਇਸ ਤੋਂ ਵੀ ਭੈੜੀ ਹੈ। ਏਥੇ ਪੁਸਤਕ—ਪ੍ਰਕਾਸ਼ਨ ਦਾ ਸਾਰਾ ਖਰਚਾ ਲੇਖਕ ਕੋਲੋਂ ਅਗਾਊਂ ਲੈ ਲਿਆ ਜਾਂਦਾ ਹੈ। ਹਰ ਪੁਸਤਕ ਦੀਆਂ ਤਿੰਨ ਸੌ ਤੋਂ ਲੈ ਕੇ ਪੰਜ ਸੌ ਤੀਕ ਕਾਪੀਆਂ ਛਾਪੀਆਂ ਜਾਂਦੀਆਂ ਹਨ। ਕਵਿਤਾ ਦੀਆਂ ਤਿੰਨ ਸੌ ਤੇ ਗਲਪ ਦੀਆਂ ਪੰਜ ਸੌ। ਕੰਪੀਊਟਰ ਤੇ ਆਫ ਸੈਟ ਦੀ ਛਪਾਈ ਕਾਰਨ ਪ੍ਰਕਾਸ਼ਨ ਦਾ ਖਰਚਾ ਦੁਗਣਾ ਹੋ ਗਿਆ ਹੈ। ਹੁਣ 100 ਸਫ਼ੇ ਦੀ ਪੁਸਤਕ ਦਾ ਖਰਚਾ ਲੇਖਕ ਕੋਲੋਂ ਪੰਦਰਾਂ ਹਜ਼ਾਰ ਦੇ ਕਰੀਬ ਲਿਆ ਜਾਂਦਾ ਹੈ ਤੇ ਉਸ ਨੂੰ ਸੌ ਕਾਪੀ ਚੁਕਾ ਦਿੱਤੀ ਜਾਂਦੀ ਹੈ। ਇਹ ਸੌ ਕਾਪੀ ਉਹ ਆਲੋਚਕਾਂ, ਸੰਪਾਦਕਾਂ ਤੇ ਮਿੱਤਰਾਂ ਨੂੰ ਵੰਡ ਦਿੰਦਾ ਹੈ ਤੇ ਬਾਕੀ ਬਚੀਆਂ ਕੁਝ ਕਾਪੀਆਂ ਉਹ ਰਿਸ਼ਤੇਦਾਰਾਂ ਵਿਚ ਵੰਡ ਸਰਖਰੂ ਹੋ ਜਾਂਦਾ ਹੈ। ਨਵੇਂ ਲੇਖਕ ਲਈ ਹੋਰ ਵੀ ਔਕੜਾਂ ਹਨ। ਉਸ ਕੋਲੋਂ ਖਰਚਾ ਹੋਰ ਵੀ ਵੱਧ ਲਿਆ ਜਾਂਦਾ ਹੈ:

ਪੰਜਾਬ ਸਰਕਾਰ ਵਲੋਂ ਪਿਛਲੇ ਸਾਲ ਬਜਟ ਵਿਚ ਰੱਖਿਆ ਗਿਆ ਇਕ ਕਰੋੜ ਰੁਪਈਆ ਅਜੇ ਤੀਕ ਵੀ ਪੁਸਤਕਾਂ ਦੀ ਖਰੀਦ ਲਈ ਖਰਚਿਆ ਨਹੀਂ ਗਿਆ। ਚਾਲੂ ਸਾਲ ਵਿਚ ਇਹ ਰੁਪਇਆ ਵਧਾ ਕੇ ਪੰਜ ਕਰੋੜ ਕਰਨ ਦਾ ਇਕਰਾਰ ਕੀਤਾ ਗਿਆ ਸੀ। ਪਤਾ ਨਹੀਂ ਲਗ ਸਕਿਆ ਕਿ ਉਠ ਨੇ ਕਿਸ ਕਰਵਟ ਬੈਠਣਾ ਹੈ ਤੇ ਇਹਨਾਂ ਪੈਸਿਆਂ ਦਾ ਕੀ ਬਣਨਾ ਹੈ। ਭਾਸ਼ਾ ਵਿਭਾਗ ਵੀ ਪੁਸਤਕਾਂ ਦੇ ਪ੍ਰਕਾਸ਼ਨ ਲਈ ਕੁਝ ਖਰਚਾ ਅਗਾਊਂ ਦਿੰਦਾ ਹੈ। ਪਰ ਦਫਤਰਸ਼ਾਹੀ ਦੀ ਖੱਜਲ-ਖਵਾਰੀ ਤੋਂ ਡਰਦੇ ਸਾਰੇ ਲੇਖਕ ਇਸ ਨਮੋਸ਼ੀ ਭਰੇ ਰਾਹ ਪੈਣ ਨੂੰ ਤਿਆਰ ਨਹੀਂ ਹੁੰਦੇ। ਯੂਨੀਵਰਸਟੀਆਂ ਵੀ ਨਵੇਂ ਤੇ ਪ੍ਰਤਿਭਾਵਾਨ ਲੇਖਕਾਂ ਦੀ ਸਹਾਇਤਾ ਲਈ ਕੁਝ ਨਹੀਂ ਕਰ ਸਕੀਆਂ। ਇਸ ਖੇਤਰ ਵਿਚ ਸ੍ਰੀ ਗੁਰਸ਼ਰਨ ਸਿੰਘ ਹੋਰਾਂ ਦੀ ਹਿੰਮਤ ਤੇ ਉਦਮ ਦੀ ਪ੍ਰਸੰਸਾ ਕਰਨੀ ਬਣਦੀ ਹੈ। ਉਹ ਕੁਝ ਕਿਤਾਬਾਂ ਆਪ ਛਾਪਦੇ ਹਨ ਤੇ ਕੁਝ ਲੇਖਕਾਂ ਕੋਲੋਂ ਲੈ ਕੇ, ਹਰ ਦੂਜੇ ਚੌਥੇ ਦਿਨ, ਨਾਟਕ ਖੇਡਣ ਦੇ ਨਾਲ ਨਾਲ, ਪੰਜਾਬ ਦੇ ਦੂਰ ਦੁਰਾਡੇ ਪਿੰਡਾਂ ਵਿਚ ਜਾਂਦੇ ਤੇ ਕਿਤਾਬਾਂ ਵੇਚਦੇ ਹਨ।

ਇਸ ਖੇਤਰ ਵਿਚ ਇਕ ਨਵਾਂ ਉਦਮ ਅਰੰਭਿਆ ਗਿਆ ਹੈ। 'ਚੇਤਨਾ-ਪ੍ਰਕਾਸਨ' ਜਲੰਧਰ ਲੁਧਿਆਣਾ ਸ੍ਰੀ ਰਾਜਿੰਦਰ ਬਿਮਲ ਤੇ ਸਤੀਸ਼ ਗੁਲਾਟੀ ਵਲੋਂ ਚਾਲੂ ਕੀਤਾ ਗਿਆ ਹੈ। ਇਹਨਾਂ ਦੋਹਾਂ ਉਤਸ਼ਾਹੀ ਨੌਜੁਵਾਨਾਂ ਨੇ ਏਸੇ ਸਾਲ ਵਿਚ ਦੋ ਸੈੱਟ ਪੰਜਾਬੀ ਪੁਸਤਕਾਂ ਦੇ ਛਾਪੇ ਹਨ। ਪਹਿਲੇ ਸੈੱਟ ਵਿਚ, ਪੰਜ ਪੁਸਤਕਾਂ ਛਾਪੀਆਂ ਸਨ। ਨਿਆਜ਼ (ਕਹਾਣੀਆਂ) ਅਵਤਾਰ ਸਿੰਘ ਬਿਲਿੰਗ, ਨਾਗਵਲ (ਕਹਾਣੀਆਂ) ਬਲਦੇਵ ਸਿੰਘ. ਆਕਾਸ਼ ਗੰਗਾ, (ਗ਼ਜ਼ਲਾਂ) ਸ: ਨਸੀਮ, ਤਿਨ ਵਰ੍ਹੇ (ਨਾਵਲਿਟ) ਐਤਨ ਚੈਖੋਵ, ਬੁੱਢਾ ਤੇ ਸਮੁੰਦਰ (ਨਾਵਲ) ਅਰਨੈਸਟ ਹੈਮਿੰਗਵੇ। ਦੂਸਰੇ ਸੈੱਟ ਵਿਚ ਵੀ ਪੰਜ ਪੁਸਤਕਾਂ ਛਾਪੀਆਂ ਹਨ। ਤੀਸਰਾ ਸੈੱਟ ਛਪਾਈ ਅਧੀਨ ਹੈ। ਹਰ ਸੈੱਟ ਦਾ ਮੁੱਲ 100/- ਰਖਿਆ

ਗਿਆ ਹੈ । ਲੇਖਕ ਕੋਲੋਂ ਕੋਈ ਖਰਚਾ ਨਹੀਂ ਲਿਆ ਜਾਂਦਾ । ਉਸਨੂੰ ਲੋੜ ਅਨੁਸਾਰ ਪੁਸਤਕਾਂ ਦਿਤੀਆਂ ਜਾਂਦੀਆਂ ਹਨ । ਪੁਸਤਕਾਂ ਦੇ ਟਾਈਟਲ, ਛਪਾਈ ਤੇ ਸਮੁੱਚੀ ਗੈੱਟ-ਅੱਪ ਵਧੀਆ ਹੁੰਦੀ ਹੈ । ਇਹ ਪੁਸਤਕਾਂ ਸਾਹਿਤਕ ਸਮਾਗਮਾਂ ਤੇ ਪਹੁੰਚ ਕੇ ਵੇਚੀਆਂ ਜਾ ਰਹੀਆਂ ਹਨ ਤੇ ਪ੍ਰਬੰਧਕ ਇਸ ਯੋਜਨਾ ਬਾਰੇ ਕਾਫੀ ਉਤਸ਼ਾਹ ਵਿਚ ਹਨ । ਕਿਤਾਬਾਂ ਦੇ ਟਾਈਟਲ ਤੇ ਅੱਖਰਕਾਰੀ ਸਤੀਸ਼ ਹੋਰੀਂ ਕਰਦੇ ਹਨ ਤੇ ਬਹੁਤ ਸੁੰਦਰ ਹੁੰਦੀ ਹੈ ।

ਅਸੀਂ ਇਹਨਾਂ ਉਤਸ਼ਾਹੀ ਨੌਜਵਾਨਾਂ ਦੇ ਉਦਮ ਦੀ ਡੂੰਘੀ ਪ੍ਰਸ਼ੰਸਾ ਕਰਦੇ ਹਾਂ ਤੇ ਆਸ ਕਰਦੇ ਹਾਂ ਕਿ ਇਹ ਉਦਮ ਜਾਰੀ ਰਹੇਗਾ । ਪੰਜਾਬੀ ਪਾਠਕਾਂ ਨੂੰ ਅਪੀਲ ਹੈ ਕਿ ਉਹ ਇਹਨਾਂ ਪੁਸਤਕਾਂ ਦੇ ਸੈੱਟ ਖਰੀਦ ਕੇ, ਖੁਸ਼ੀ ਦੇ ਮੌਕੇ ਤੇ ਇਹ ਕਿਤਾਬਾਂ ਆਪਣੇ ਦੋਸਤਾਂ ਮਿੱਤਰਾਂ ਨੂੰ ਤੋਹਫੇ ਵਜੋਂ ਦਿਆ ਕਰਨ । ਛਾਪੀਆਂ ਗਈਆਂ ਇਹਨਾਂ ਪੁਸਤਕਾਂ ਦੀ ਸਾਹਿਤਕ ਪੱਧਰ ਵੀ ਬਹੁਤ ਉੱਚੀ ਹੁੰਦੀ ਹੈ । ਪੰਜਾਬੀ ਦੇ ਸਥਾਪਤ ਚੋਣਵੇਂ ਲੇਖਕਾਂ ਦੇ ਨਾਲ ਨਾਲ ਸੰਸਾਰ ਦੀਆਂ ਚੋਣਵੀਆਂ ਪੁਸਤਕਾਂ ਵੀ ਛਾਪੀਆਂ ਗਈਆਂ ਹਨ ।

(ਹ. ਸ. ਹ.)

## ਰੁਮਾਨੀ ਕਵਿਤਾ-ਲਹਿਰ ਲਹਿਰ ਸਾਹਿਲ

ਆਧੁਨਿਕ ਸਾਹਿਤ ਤੇ ਸਮੀਖਿਆ ਵਿੱਚ, ਬਹੁਤ ਵਾਰ, ਰੁਮਾਨੀਅਤ ਨੂੰ ਨਾਕਾਰਾਤਮਕ ਅਰਥਾਂ ਵਿੱਚ ਗ੍ਰਹਿਣ ਕੀਤਾ ਜਾਂਦਾ ਹੈ । ਅਕਸਰ ਰੁਮਾਨੀਅਤ ਨੂੰ ਉਪ-ਭਾਵੁਕਤਾ ਨਾਲ ਸਬੰਧਤ ਕਰਕੇ ਇਸ ਦੇ ਨਿਸ਼ੇਧ ਦੀ ਦ੍ਰਿਸ਼ਟੀ ਅਪਣਾ ਲਈ ਜਾਂਦੀ ਹੈ ਪਰ ਰੁਮਾਨੀਅਤ ਵਿਸ਼ਵ ਸਾਹਿਤ ਵਿਚੋਂ ਕਦੇ ਵੀ ਪੂਰੀ ਤਰ੍ਹਾਂ ਖਾਰਿਜ ਨਹੀਂ ਹੋ ਸਕੀ । ਕਵਿਤਾ ਵਿੱਚ ਭਾਵਾਂ ਦੀ ਪ੍ਰਧਾਨਤਾ ਹੋਣ ਕਾਰਨ ਕਵਿਤਾ ਤੇ ਰੁਮਾਨੀਅਤ ਦੇ ਅੰਤਰ-ਸੰਬੰਧ ਬਾਰੇ ਪੁਨਰ ਵਿਚਾਰ ਵੀ ਨਿਹਾਇਤ ਜ਼ਰੂਰੀ ਹੈ । ਕੀ ਰੁਮਾਨੀਅਤ ਤੋਂ ਪੂਰੀ ਤਰ੍ਹਾਂ ਮੁਕਤ ਕਵਿਤਾ, ਕਵਿਤਾ ਵੀ ਰਹਿ ਜਾਂਦੀ ਹੈ ? ਕਵਿਤਾ ਵਿੱਚ ਰੁਮਾਂਸ ਤੇ ਯਥਾਰਥ ਆਪੋ ਵਿੱਚ ਕਿਸ ਤਰ੍ਹਾਂ ਦੇ ਰਿਸ਼ਤੇ ਵਿੱਚ ਬੱਝੇ ਹੋਣੇ ਚਾਹੀਦੇ ਹਨ ? ਉਪਰੋਕਤ ਤੇ ਹੋਰ ਬਹੁਤ ਸਾਰੇ ਨੁਕਤੇ ਪ੍ਰੇਮ ਸਾਹਿਲ ਦੀ ਕਾਵਿ-ਪੁਸਤਕ 'ਲਹਿਰ ਲਹਿਰ ਸਾਹਿਲ' ਦੇ ਕਾਵਿ-ਸੰਸਾਰ ਵਿੱਚ ਵਿਚਰਦਿਆਂ ਜ਼ਿਹਨ ਵਿੱਚ ਉਭਰਦੇ ਹਨ, ਕਿਉਂਕਿ ਇਸ ਪੁਸਤਕ ਵਿਚਲੀਆਂ ਕਵਿਤਾਵਾਂ ਰੁਮਾਨੀਅਤ ਨਾਲ ਲਬਰੇਜ਼ ਹਨ । ਆਪਣੇ ਰੁਮਾਨੀ ਕਾਵਿ-ਮਕਸਦ ਨੂੰ ਸਪੱਸ਼ਟ ਕਰਦਿਆਂ ਸਾਹਿਲ ਲਿਖਦਾ ਹੈ—

ਕੁਫਰ ਦੀ ਹਸਤੀ ਕਦੇ ਨਾ ਢੋਣੀ
ਸਾਡੇ ਲਫਜ਼ਾਂ
ਅਜ਼ਲ ਤੋਂ ਸੱਚ ਤੇ ਜੰਮੀ ਮੌਲ-ਏ ਧੌਣੀ

ਸੋ ਸਾਹਿਲ ਕਾਵਿ ਸੱਚ ਦੀ ਤਲਾਸ਼ ਵਿੱਚ ਸਫ਼ਰ ਦੇ ਵੱਖ-ਵੱਖ ਪਾਸਾਰਾਂ ਨੂੰ ਛੂੰਹਦਾ ਹੈ ਪਰ ਇਹ ਬਹੁਤ ਡੂੰਘਾ ਨਹੀਂ ਉੱਤਰਦਾ । ਉਸ ਦੀਆਂ ਕਵਿਤਾਵਾਂ ਦੇ ਅਕਾਰ ਉਸ ਦੇ ਡੂੰਘਾਈ ਵਤ ਸਫ਼ਰ ਨੂੰ ਸੀਮਿਤ ਰੱਖਦੇ ਹਨ ।

ਸਾਹਿਲ ਦੇ ਕਾਵਿ-ਸਫ਼ਰ ਦਾ ਪਹਿਲਾ ਪਾਸਾਰ ਮਾਨਵੀ ਰਿਸ਼ਤੇ ਹਨ । ਸਾਹਿਲ ਮਰਦ-ਔਰਤ ਸੰਬੰਧਾਂ ਦੇ ਪ੍ਰਸੰਗ ਵਿੱਚ, ਪ੍ਰਤੀਕੂਲ ਪ੍ਰਸੀਥਤੀਆਂ ਵਿੱਚ ਮਾਨਵੀ ਮਨ ਦੀ ਸੰਵੇਦਨਾ, ਅਨੇਕਾਂ ਮੌਲਿਕ ਤੇ ਪਰੰਪਰਕ ਬਿੰਬਾਂ ਰਾਹੀਂ ਬਿਆਨ ਕਰਦਾ ਹੈ । ਅਤ੍ਰਿਪਤੀ ਦੀ ਵਿਸ਼ੇਸ਼ ਸੰਵੇਦਨਾ, ਇਸ ਕਾਵਿ ਵਿੱਚ, ਸੰਬੰਧਾਂ ਵਿੱਚ ਇਕਸੁਰਤਾ ਦੀ ਅਣਹੋਂਦ ਦੀ ਉਪਜ ਵਜੋਂ ਸਾਹਮਣੇ ਆਉਂਦੀ ਹੈ ।

ਸੱਜਣ ਜਦ ਆਵੇ ਪੋਹ
ਸਾਡੇ ਹਿਜਰ ਦੀ ਧਰਤ ਤੇ



ਵਿਛਣ ਹਜ਼ਾਰਾਂ ਕੋਹ
ਜਾਂ
ਮੈਂ ਤੇਰੀਆਂ ਵੰਗਾਂ ਦਾ ਰੰਗ ਵੀ ਨਹੀਂ......
ਨਾ ਸਖੀ ਦੇ ਕੰਨਾਂ 'ਚ ਕਹੀ ਜਾਣ ਵਾਲੀ ਗੱਲ
ਨਾ ਹੀ ਮੈਂ ਤੇਰਾ ਖੂਬਸੂਰਤ ਝੱਲ

ਪ੍ਰੇਮ ਸਾਹਿਲ ਦੁਆਰਾ ਸਿਰਜਿਤ ਪ੍ਰਮਿੰਦਰਜੀਤ, ਮਾਸਟਰ ਇਕਬਾਲ ਸਿੰਘ, ਇਮਰੋਜ਼, ਅੰਮ੍ਰਿਤਾ, ਪ੍ਰੋ. ਅਜੀਤ ਤੇ ਸੁਖਬੀਰ ਦੇ ਵਿਅਕਤੀ ਚਿੱਤਰਾਂ ਵਿਚੋਂ ਵੀ ਰੁਮਾਨੀ ਦ੍ਰਿਸ਼ਟੀ ਹੀ ਨਜ਼ਰ ਆਉਂਦੀ ਹੈ । ਇਹ ਸਭ ਵਿਅਕਤੀ ਉਸ ਦੀ ਦ੍ਰਿਸ਼ਟੀ ਵਿੱਚੋਂ ਗੁਜ਼ਰ ਕੇ, ਜੀਵਨ ਤੋਂ ਵਡੇਰੇ ਅਕਾਰ ਦੇ ਹੋ, ਨਾਇਕਤਵ ਨੂੰ ਪ੍ਰਾਪਤ ਕਰ ਜਾਂਦੇ ਹਨ । 'ਇਸੇ ਤਰ੍ਹਾਂ ਸਾਹਿਲ' 'ਗਵਾਚੇ ਛਿਣ' ਕਵਿਤਾ ਵਿੱਚ ਮਾਂ ਦੀਆਂ ਛਾਤੀਆਂ 'ਚੋਂ ਚੁੰਘੇ, ਉਸਦੀ ਗੋਦ 'ਚ ਬਟੋਰੇ ਛਿਣ ਆਪਣੇ ਬੱਚੇ ਵਿੱਚੋਂ ਭਾਲਦਾ ਹੈ । 'ਪੁਨਰ ਜਨਮ' ਵਿੱਚ ਫਿਰ ਉਹ ਇਕ ਐਸੀ ਔਰਤ ਦੇ ਜੀਵਨ ਸਫਰ ਨੂੰ ਬਿਆਨਦਾ ਹੈ, ਜੋ ਆਪਣੇ ਬਚਪਨ ਬਾਰੇ ਉਦਰੇਵੇਂ ਦਾ ਸ਼ਿਕਾਰ ਹੈ ।

ਸਾਹਿਲ ਕੁਝ ਖੂਬਸੂਰਤ ਕਵਿਤਾਵਾਂ ਵਿੱਚ ਵਿਕਾਸਸ਼ੀਲ ਯਥਾਰਥ ਪ੍ਰਤੀ ਹੁੰਗਾਰਾ ਵੀ ਭਰਦਾ ਹੈ ।

ਅਸੀਂ ਮਾਤਮ ਨਹੀਂ ਕਰਨਾ
ਚਾਟੀ 'ਚੋਂ
ਹਿਜਰਤ ਕਰ ਗਈ ਮਧਾਣੀ ਦਾ
ਪਿੰਡਾਂ ਦੇ ਬਦਲੇ ਪੌਣ-ਪਾਣੀ ਦਾ

ਕਵਿਤਾ 'ਮੁਰਦਾ ਮੈਂ ਤੇ ਅੰਤਮ ਸੰਸਕਾਰ' ਵਿੱਚ ਉਹ 'ਉਨ੍ਹਾਂ ਮੈਂ' ਦਾ ਵਿਰੋਧ-ਜੁੱਟ ਸਿਰਜ, ਸਨਕੀ-ਸਵਾਰਥੀ ਸਮੂਹਿਕ ਚੇਤਨਾ ਤੇ ਸੰਵੇਦਨ ਸ਼ੀਲ ਵਿਅਕਤੀ ਚੇਤਨਾ ਦਰਮਿਆਨ ਤਣਾਉ ਉਭਰਦਾ ਹੈ । 'ਆਤਿ ਮਨੁੱਖ ਤੇ ਜੁਰਾਬਾਂ' ਵਿੱਚ ਉਹ 'ਨਾਇਲਿਨ ਦੀਆਂ ਜੁਰਾਬਾਂ' ਦੇ ਮੌਲਿਕ ਬਿੰਬ ਰਾਹੀਂ ਖਪਤਵਾਦੀ ਮਾਨਵ ਬਾਰੇ ਪ੍ਰਸ਼ਨ ਉਠਾਉਂਦਾ ਹੈ । 'ਘਰ' ਕਵਿਤਾ ਖਪਤ ਸੱਭਿਆਚਾਰ ਦੇ ਅਸਰ ਅਧੀਨ ਰੂਪਾਂਤ੍ਰਿਤ ਕਦਰਾਂ-ਕੀਮਤਾਂ ਦੇ ਫਲਸਰੂਪ ਘਰ ਦੇ ਬਦਲੇ ਸੁਭਾਅ ਦੀ ਗੱਲ ਕਰਦੀ ਹੈ ।

ਬੜਾ ਖਤਰਨਾਕ ਹੁੰਦਾ ਹੈ
ਘਰਾਂ ਦਾ ਜੰਗਲ ਹੋ ਜਾਣਾ

ਚੁੱਪ ਦਾ ਮੋਟੀਫ਼ ਸਾਹਿਲ ਦੀ ਕਵਿਤਾ ਵਿੱਚ ਸਕਾਰਾਤਮਕ ਸਰੋਕਾਰ ਵਜੋਂ ਪੇਸ਼ ਹੋਇਆ ਹੈ । ਇਹ ਚੁੱਪ ਗੂੰਗੀ ਨਹੀਂ ਹੈ ਸਗੋਂ 'ਗਗਨਾਂ ਵਿੱਚ ਬਲ ਰਹੀ ਹੈ ।' 'ਚੁੱਪ ਦੀ ਮੌਤ ਤੇ' ਵਿੱਚ ਸਾਹਿਲ ਇਸ ਦੀ ਕਬਰ ਉੱਤੇ ਵੀ ਗੁਲਮੋਹਰ ਲਾਉਣ ਦਾ ਸੁਪਨਾ ਲੈਂਦਾ ਹੈ ।

ਕੁਝ ਕਵਿਤਾਵਾਂ ਵਿੱਚ ਸਾਹਿਲ ਬਿਲਕੁਲ ਔਸਤ ਦਰਜੇ ਦੇ ਵਿਚਾਰ ਪੇਸ਼ ਕਰਨ ਵੱਲ ਵੀ ਰੁਚਿਤ ਹੋ ਜਾਂਦਾ ਹੈ ਜੋ ਉਸ ਦੀ ਕਾਵਿਕ ਏਕਤਾ ਤੇ ਸੁਹਜਾਤਮਕਤਾ ਨੂੰ ਖੰਡਿਤ ਕਰ ਦਿੰਦੇ ਹਨ ।

ਯਾਰਾਂ ਆਪਣਿਆਂ ਦੀਆਂ
ਪਿੱਠਾਂ ਨੂੰ ਲਾਉਂਦੇ ਉਹ ਸੰਨ੍ਹ
ਘਰ ਆਪਣੇ ਵਿੱਚ ਸਾਂਭ ਸਕਣ ਨਾ
ਜ ਆਪਣੀ ਹੀ ਰੰਨ ।

116, ਮਾਡਲ ਟਾਊਨ (ਕਪੂਰਥਲਾ)

## ਲਹਿੰਦੇ ਪੰਜਾਬ ਤੋਂ ਪ੍ਰਾਪਤ ਪੁਸਤਕਾਂ

'ਚਿਰਾਗ' ਵਿਚ ਲਹਿੰਦੇ ਪੰਜਾਬ ਦੇ ਪੰਜਾਬੀ ਸਾਹਿਤ ਨੂੰ ਲਗਾਤਾਰ ਪ੍ਰਕਾਸ਼ਤ ਕਰਨ ਤੇ ਇਸ ਸਾਹਿਤ ਨੂੰ ਬਰਾਬਰ ਦੀ ਥਾਂ ਅਤੇ ਮਹੱਤਤਾ ਦੇਣ ਦੇ ਸਿੱਟੇ ਵਜੋਂ ਲਹਿੰਦੇ ਪੰਜਾਬ ਦੇ ਪੰਜਾਬੀ ਲੇਖਕਾਂ ਨਾਲ ਆਦਾਨ-ਪਰਦਾਨ ਦਾ ਸਿਲਸਲਾ ਵਧਿਆ ਹੈ। ਡਾਕ ਰਾਹੀਂ ਜਾਂ ਗੁਰਦਵਾਰਿਆਂ ਦੀ ਯਾਤਰਾ ਤੇ ਗਏ ਸ਼ਰਧਾਲੂਆਂ ਦੇ ਹੱਥ ਸਾਨੂੰ ਲਗਾਤਾਰ ਪੰਜਾਬੀ ਪੁਸਤਕਾਂ ਪ੍ਰਾਪਤ ਹੁੰਦੀਆਂ ਰਹਿੰਦੀਆਂ ਹਨ। ਸਾਡੇ ਲਈ ਲਿੱਪੀ-ਪ੍ਰੀਵਰਤਨ ਦੀ ਔਕੜ ਕਾਰਨ ਪ੍ਰਾਪਤ ਹੋਈਆਂ ਸਭ ਕਿਤਾਬਾਂ ਦਾ ਨੋਟਿਸ ਸੰਭਵ ਨਹੀਂ, ਫੇਰ ਵੀ ਕਈ ਵਾਰ ਇੱਕ ਸੰਖੇਪ ਸਰਵੇਖਣ ਰਾਹੀਂ ਅਸੀਂ ਆਈਆਂ ਪੁਸਤਕਾਂ ਦਾ ਨੋਟਿਸ ਲੈਣ ਦਾ ਯਤਨ ਕਰਦੇ ਹਾਂ ਤਾਕਿ ਮਹੱਬਤ ਦਾ ਇਹ ਸਿਲਸਲਾ ਚਲਦਾ ਰਹੇ ਤੇ ਹੋਰ ਪੀਡਾ ਪੱਕਾ ਹੁੰਦਾ ਜਾਵੇ।

ਇਲਿਆਸ ਘੁੰਮਣ ਦੀਆਂ ਸਰਗਰਮੀਆਂ ਬਹੁ-ਪੱਖੀ ਹਨ। ਰਵੇਲ ਅਖਬਾਰ ਦੀ ਮਹੀਨੇ-ਪ੍ਰਕਾਸ਼ਨਾ ਦੇ ਨਾਲ ਨਾਲ ਉਹ 'ਸਾਹਿਤ ਵਰ੍ਹੇ ਵਾਰ' ਦੀ ਪ੍ਰਕਾਸਨਾ ਦਾ ਵੱਡਾ ਕਾਰਜ ਸਿਰੇ ਚਾੜ੍ਹਨ ਦੇ ਨਾਲ, ਸੰਸਾਰ ਭਰ ਦੇ ਪੰਜਾਬੀਆਂ ਦੇ ਅੱਖਾਂ ਦੇ ਤਾਰੇ ਬਣ ਗਏ ਹਨ। ਖੁਦ ਸਾਹਿਤ-ਸਿਰਜਣਾ ਕਰਨ ਦੇ ਨਾਲ ਨਾਲ ਏਧਰਲੀਆਂ ਪੁਸਤਕਾਂ ਦੇ ਫਾਰਸੀ ਅੱਖਰਾਂ ਵਿਚ ਲਿਪੀ-ਪ੍ਰੀਵਰਤਨ ਕਰਨ ਦਾ ਕਾਰਜ ਨਿਭਾ ਰਹੇ ਹਨ। ਨਾਲ ਦੀ ਨਾਲ ਇੰਸਟੀਜਿਊਟ ਆਫ ਪੰਜਾਬੀ ਲੈਂਗੁਏਜ ਐਂਡ ਕਲਚਰ ਦੀ ਸਥਾਪਨਾ ਨਾਲ ਉਹ ਲਹਿੰਦੇ ਪੰਜਾਬ ਦੇ ਪੰਜਾਬੀ ਲੇਖਕਾਂ ਦੀਆਂ ਮੌਲਿਕ ਲਿਖਤਾਂ ਛਾਪਣ ਤੇ ਪਰਸਾਰਨ ਦਾ ਔਖਾ ਕਾਰਜ ਵੀ ਨਿਭਾ ਰਹੇ। ਇਕੱਲੇ ਮਨੁੱਖ ਦਾ ਏਡੇ ਵੱਡੇ ਕੰਮ ਵਿੱਢ ਲੈਣਾ ਤੇ ਉਹਨਾਂ ਨੂੰ ਸਰਅੰਜਾਮ ਦੇਣਾ ਹੈਰਾਨੀ ਭਰਿਆ ਕੰਮ ਹੈ। ਪਰ ਉਹ ਸਾਰੇ ਕ੍ਰਿਸ਼ਮੇ ਕਰਨ ਦੇ ਕਾਬਿਲ ਪ੍ਰਤੀਤ ਹੁੰਦਾ ਹੈ। ਸੋਚੀਦਾ ਹੈ ਕਿ ਆਖਰ ਉਹ ਕਿਸ ਅਸਪਾਤ ਦਾ ਬਣਿਆ ਹੋਇਆ ਹੈ? ਹੋਰ ਵੀ ਹੈਰਾਨੀ ਤਾਂ ਏਸ ਗੱਲ ਦੀ ਹੈ ਕਿ ਇਹ ਸਾਰੇ ਕਾਰਜ ਕਰਦਿਆਂ ਉਹ ਆਪਣੀਆਂ/ਪਰਾਈਆਂ ਲਿਖਤਾਂ ਨੂੰ ਦੂਰ-ਦੁਰਾਡੇ ਤੀਕ ਪਹੁੰਚਾਵਣ ਦਾ ਕੰਮ ਵੀ ਕਰੀ ਜਾ ਰਿਹਾ ਹੈ। ਉਸ ਦੀ ਤੰਦਰੁਸਤੀ ਤੇ ਲੰਮੀ ਉਮਰ ਦੀ ਚਾਹਨਾ ਕਰਦੇ ਹੋਏ ਅਸੀਂ ਏਧਰਲੇ ਪੰਜਾਬ ਦੇ ਉਸ ਦੇ ਸ਼ੁਭ ਚਿੰਤਕ ਉਸ ਦੇ ਬਹੁਭਾਂਤੀ ਉਦਮਾਂ ਦੀ ਭਰਪੂਰ ਸ਼ਲਾਘਾ ਕਰਦੇ ਹਾਂ।

ਕੰਵਲ ਮੁਸ਼ਤਾਕ ਨੇ 'ਉਸਤਾਦ ਦਾਮਨ ਦੀ ਸ਼ਾਇਰੀ ਤੇ ਸ਼ਖਸੀਅਤ ਨਾਂ ਦੀ ਪੁਸਤਕ ਸੰਪਾਦਤ ਕੀਤੀ ਹੈ। ਮੁਸ਼ਤਾਕ ਆਪਣੀਆਂ ਸਰਗਰਮੀਆਂ ਨੂੰ ਲਗਾਤਾਰ ਵਧਾਈ ਜਾ ਰਿਹਾ, ਪੱਛਮੀ ਪੰਜਾਬ ਦਾ ਉਦਮੀ ਲੇਖਕ ਹੈ। ਦਾਮਨ ਅਕਾਡਮੀ ਲਾਹੌਰ ਵਲੋਂ ਪ੍ਰਕਾਸ਼ਤ ਉਸਤਾਦ ਦਾਮਨ ਦੀ ਕਵਿਤਾ ਦਾ ਮੁਕੰਮਲ ਕਲਾਮ ਤੇ 'ਦਾਮਨ ਦੇ ਮੋਤੀ' ਤੋਂ ਬਾਅਦ ਇਹ ਦੂਸਰੀ ਮੁੱਲਵਾਨ ਪੁਸਤਕ ਹੈ, ਜਿਹੜੀ ਦਾਮਨ ਦੀ ਚੋਣਵੀਂ ਸ਼ਾਇਰੀ ਨੂੰ ਪੇਸ਼ ਕਰਨ ਦੇ ਨਾਲ ਨਾਲ, ਇਸ ਲੋਕ ਮੁੱਖੀ ਸ਼ਾਇਰੀ ਦਾ ਵਿਸਥਾਰ ਪੂਰਬਕ ਮੁਲਾਂਕਣ ਤੇ ਵਿਸ਼ਲੇਸ਼ਣ ਵੀ ਕਰਦੀ ਹੈ। ਪਹਿਲੀ ਵਾਰ ਦਾਮਨ ਦੇ ਕੁਝ ਫਿਲਮੀ ਗੀਤ ਦੀ ਇਕੱਤਰ ਕਰਕੇ ਦਿਤੇ ਗਏ ਹਨ। ਸਾਨੂੰ ਏਸ ਪੁਸਤਕ ਰਾਹੀਂ ਹੀ ਪਤਾ ਲੱਗਾ ਹੈ ਕਿ,

ਧਰਤੀ ਨੂੰ ਕਲੀ ਕਰਾਦੇ ਵੇ
ਨੱਚੂਗੀ ਸਾਰੀ ਰਾਤ।



ਗੀਤ ਦਾਮਨ ਹੋਰਾਂ ਦਾ ਲਿਖਿਆ ਹੋਇਆ ਹੈ। ਆਖਰੀ ਕਾਂਡ ਵਿਚ ਕੰਵਲ ਮੁਸ਼ਤਾਕ ਨੇ ਫੈਜ਼ ਤੇ ਦਾਮਨ ਦੀ ਸ਼ਾਇਰੀ ਤੇ ਸ਼ਖਸ਼ੀਅਤ ਦਾ ਤੁਲਨਾਤਮਿਕ ਅਧਿਐਨ ਪੇਸ਼ ਕਰਦਿਆਂ ਨਵੇਂ ਨੁਕਤੇ ਉਜਾਗਰ ਕੀਤੇ ਹਨ।

'ਕੱਲਰ ਵਿਚ ਗੁਲਾਬ' ਆਦਲ ਸਦੀਕੀ ਦਾ ਸੱਜਰਾ ਗ਼ਜ਼ਲ ਸੰਗ੍ਰਹਿ ਹੈ। ਆਦਿਲ ਲਹਿੰਦੇ ਪੰਜਾਬ ਦਾ ਸਿਰਕੱਢ ਗ਼ਜ਼ਲਗੋ ਹੈ ਜਿਸ ਨੇ ਵੰਨ-ਸੁਵੰਨੇ ਤਜਰਬਿਆਂ ਨੂੰ ਨਿਵੇਕਲੇ ਅੰਦਾਜ਼ ਵਿਚ ਬਿਆਨ ਕੀਤਾ ਹੈ ਅਤੇ ਸਮਾਜਕ ਇਨਸਾਫ ਦੇ ਵਿਸ਼ੇ ਨੂੰ ਛੁਹਦੀਆਂ ਉਸ ਦੀਆਂ ਗ਼ਜ਼ਲਾਂ ਪਾਕਿਸ-ਤਾਨੀ ਪੰਜਾਬੀ ਗ਼ਜ਼ਲ ਦੇ ਰੰਗ ਨੂੰ ਨਵੇਕਲਾ ਅੰਦਾਜ਼ ਬਖਸ਼ਦੀਆਂ ਹਨ। ਉਸ ਦਾ ਦਾਅਵਾ ਹੈ ਕਿ—

ਸੱਚੇ ਨੂੰ ਸੱਚਾਂ ਲਿਖਣਾ ਵਾਂ
ਝੂਠੇ ਨੂੰ ਝੂਠਾ ਲਿਖਣਾ ਵਾਂ
ਜਾਂ
ਕੱਲਰ ਵਿਚ ਗੁਲਾਬ ਉਗਾਉਣਾ ਚਹੁੰਨਾ ਵਾਂ
ਮੈਂ ਧਰਤੀ ਦਾ ਰੂਪ ਸਜਾਉਣਾ ਚਹੁੰਨਾਂ ਵਾਂ

ਜ਼ਿੰਦਗੀ ਨੂੰ ਦਰਪੇਸ਼ ਖਤਰਿਆਂ ਦੀ ਨਿਸ਼ਾਨਦੇਹੀ ਕਰਦੀਆਂ ਇਹ ਗ਼ਜ਼ਲਾਂ ਪੁਸਤਕ ਦੇ 158 ਸਫ਼ਿਆਂ ਤੇ ਫੈਲੀਆਂ ਹੋਈਆਂ ਹਨ! ਉਹ ਮਨੁੱਖਤਾ ਦੇ ਮੁਹੱਬਤ ਭਰੇ ਰਾਹ ਵਿਚ ਜ਼ਹਿਰ ਧੂੜਨ ਵਾਲਿਆਂ ਨੂੰ ਅਪੀਲ ਕਰਦਾ ਹੈ—

ਜ਼ਹਿਰ ਨਾ ਘੋਲੋ ਵਿਚ ਫਿਜ਼ਾਵਾਂ ਦੇ,
ਸਾਡੇ ਲਈ ਕੁਝ ਖਾਲਸ 'ਵਾਵਾਂ' ਰਹਿਣ ਦਿਓ।
ਫਸਲਾਂ ਦੀ ਥਾਂ ਅਸਲਾ ਬੀਜਣ ਲਗ ਪਏ ਓ,
ਦੁਨੀਆਂ ਤੇ ਕੁਝ ਅਮਨ-ਸਰਾਵਾਂ ਰਹਿਣ ਦਿਓ।

ਆਦਿਲ ਸਦੀਕੀ ਦਾ ਇਹ ਗ਼ਜ਼ਲ ਸੰਗ੍ਰਹਿ ਦੋਹਾਂ ਪੰਜਾਬਾਂ ਵਿਚ ਤੀਬਰ ਚਰਚਾ ਦਾ ਕੇਂਦਰ ਬਣੇਗਾ। ਇਹਨਾਂ ਮਹੀਨਿਆਂ ਵਿਚ ਜਿਹੜੀ ਦੂਸਰੀ ਮਹੱਤਵਪੂਰਣ ਪੁਸਤਕ ਪ੍ਰਾਪਤ ਹੋਈ ਹੈ, ਉਹ ਹੈ ਬਸ਼ੀਰ ਬਾਵਾ ਦੀਆਂ ਗ਼ਜ਼ਲਾਂ ਦਾ ਮਜਮੂਆ 'ਦੁੱਖ ਸਾਗਰ ਨੂੰ ਲਾਈਆਂ 'ਡੀਕਾਂ'। 224 ਸਫ਼ਿਆਂ ਵਿਚ ਫੈਲੀਆਂ ਉਸਦੀਆਂ 194 ਗ਼ਜ਼ਲਾ ਉਸ ਦੀ ਸਿਰਜਣ ਸਮਰਥਾ ਦਾ ਅਕੱਟ ਪ੍ਰਮਾਣ ਦੇਂਦੀਆਂ ਹਨ। ਜ਼ਿੰਦਗੀ ਦੇ ਅਨੇਕ ਰੰਗਾਂ ਤੇ ਤਜਰਬਿਆਂ ਨੂੰ ਸ਼ਿਅਰਾਂ ਦਾ ਰੂਪ ਦੇਂਦੀਆਂ ਇਹ ਗ਼ਜ਼ਲਾਂ ਬਸ਼ੀਰ ਬਾਵਾਂ ਦੇ ਅਦਬੀ ਕੱਦ-ਕਾਠ ਨੂੰ ਪ੍ਰਮਾਣਿਕ ਕਰਦੀਆਂ ਹਨ। ਬਾਵਾ ਕੋਲ ਵਿਸਰ ਗਏ ਤੇ ਅਲੋਪ ਹੋ ਰਹੇ ਪੰਜਾਬੀ ਸ਼ਬਦਾਂ ਦਾ ਅਖੁੱਟ ਭੰਡਾਰਾ ਹੈ ਅਤੇ ਇਸ ਭੰਡਾਰੇ ਨੂੰ ਉਹ ਕਮਾਲ ਦੀ ਕਾਰੀਗਰੀ ਨਾਲ ਜੋੜਦਾ ਹੈ। ਸਰਲ ਸਾਦਾ ਜ਼ਬਾਨ ਵਿਚ ਉਹ ਡੂੰਘੇ ਅਰਥ ਭਰ ਦੇਂਦਾ ਹੈ, ਬਾਵਾ ਨੂੰ ਗ਼ਜ਼ਲ ਦੇ ਹੁਨਰ ਵਿਚ ਕਮਾਲ ਹਾਸਲ ਹੈ ਅਤੇ ਹਥਲੇ ਸੰਗ੍ਰਹਿ ਰਾਂਹੀਂ ਉਸ ਨੇ ਆਪਣੇ ਜੀਵਨ ਭਰ ਦੀ ਕਮਾਈ ਅੰਕਿਤ ਕਰ ਦਿਤੀ ਹੈ—

ਅਮੀਰਾਂ ਦੇ ਘਰੀਂ ਕਾਮੇ ਜੋ ਆ ਮਹਿਮਾਨ ਹੁੰਦੇ ਨੇ,
ਖੁਵਾ ਕੇ ਦਾਲ ਮਸਰਾਂ ਦੀ ਬੜੇ ਅਹਿਸਾਨ ਹੁੰਦੇ ਨੇ।
ਗਰੀਬ ਹੁਨਰ ਮੰਦਾਂ ਦਾ ਅਮੀਰੀ ਖੂਨ ਪੀਵੇ, ਪਰ
ਗ਼ਰੀਬਾਂ ਦੇ ਦਿਲੀਂ ਇਹਨਾਂ ਦੇ ਆਦਰ ਮਾਣ ਹੁੰਦੇ ਨੇ।

ਜ਼ਮੀਲ ਅਹਿਮਦ ਪਾਲ ਦੀ ਪੁਸਤਕ 'ਪੰਜਾਬੀ ਕਿਵੇਂ ਲਿਖੀਏ' ਸ਼ਾਹ ਮੁਖੀ ਫਾਰਸੀ ਅੱਖਰਾਂ

ਵਿਚ ਪੰਜਾਬੀ ਜ਼ੁਬਾਨ ਨੂੰ ਲਿਖਣ ਦੇ ਰਾਹ ਵਿਚ ਆ ਰਹੀਆਂ ਔਕੜਾਂ ਨੂੰ ਨਜਿੱਠਣ ਦਾ ਉਦਮ ਕੀਤਾਂ ਗਿਆ ਹੈ ਅਤੇ ਇਸ ਖੇਤਰ ਦੇ ਉਭਰਦੇ ਮਸਲਿਆਂ ਨੂੰ ਅਜੋਕੇ ਪ੍ਰਸੰਗ ਵਿਚ ਵਿਚਾਰਨ ਦਾ ਵਿਗਿਆਨਕ ਯਤਨ ਕੀਤਾ ਗਿਆ ਹੈ ।

ਆਸ਼ਕ ਅਲੀ ਫ਼ੈਸਲ ਦੀ ਸੰਪਾਦਨਾ ਹੇਠ ਛਪ ਰਹੀ ਪੁਸਤਕ ਲੜੀ 'ਕੂਕ' ਹੁਣ ਮਹੀਨੇ ਵਾਰ ਬਕਾਇਦਾ ਰਿਸਾਲੇ ਦੇ ਰੂਪ ਵਿਚ ਛਪਣ ਲੱਗੀ ਹੈ ਅਤੇ ਅਦਬੀ ਮਿਤਰਾਂ ਦਾ ਧਿਆਨ ਖਿੱਚ ਰਹੀ ਹੈ ।

ਜ਼ਿਲ੍ਹਾ ਅਟਕ ਦੇ ਪੰਜਾਬੀ ਸ਼ਾਇਰਾਂ ਦਾ ਸੰਗ੍ਰਹਿ ਅਰਸ਼ਦ ਮਹਿਮੂਦ ਨਾਸ਼ਾਦ ਦੀ ਸੰਪਾਦਨਾ ਹੇਠ ਪ੍ਰਾਪਤ ਹੋਇਆ ਹੈ, ਜਿਸ ਵਿਚ ਅਟਕ ਜ਼ਿਲ੍ਹੇ ਦੇ ਸ਼ਾਇਰਾਂ ਦਾ ਚੋਣਵਾਂ ਕਲਾਮ ਦੇਣ ਦੇ ਨਾਲ ਨਾਲ ਕਵੀਆਂ ਦਾ ਸੰਖੇਪ ਜੀਵਨ-ਵੇਰਵਾ ਵੀ ਦਿਤਾ ਗਿਆ ਹੈ । ਇਸ ਸੰਗ੍ਰਹਿ ਵਿਚ ਚੜ੍ਹਦੇ ਪੰਜਾਬ ਦੇ ਸਵਰਗੀ ਕਵੀਆ ਗੁਰਮੁਖ ਸਿੰਘ ਮੁਸਾਫ਼ਰ ਤੇ ਜਸਵੰਤ ਸਿੰਘ ਵੰਤਾ ਦੀਆਂ ਰਚਨਾਵਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ । ਸੰਪਾਦਨਾਂ ਦੇ ਨੁਕਤੇ ਤੇ ਨਾਸ਼ਾਦ ਦਾ ਯਤਨ ਸ਼ਲਾਘਾਯੋਗ ਹੈ ।

'ਉਹਲੇ ਦੇ ਵਸਨੀਕ' ਨੌਜਵਾਨ ਕਵੀ ਮਨੱਵਰ ਮਸੂਦ ਹੀਰਾ ਦਾ ਪਠਲਾ ਕਾਵਿ ਸੰਗ੍ਰਹਿ ਹੈ । ਨਜ਼ਮਾਂ ਤੋਂ ਇਲਾਵਾ ਇਸ ਸੰਗ੍ਰਹਿ ਵਿਚ ਕੁਝ ਗਜ਼ਲਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ, ਪਰ ਸ਼ਾਇਰ ਨਜ਼ਮ ਵਿਚ ਵਧੇਰੇ ਸਫਲ ਹੈ ਤੇ ਨਿੱਕੀ ਨਜ਼ਮ ਵਿਚ ਉਹ ਡੂੰਘੇ ਅਰਥ ਭਰ ਦੇਂਦਾ ਹੈ—

ਜੁੱਸਾ ਲੀਰੋ ਲੀਰ ਏ ਭਾਵੇਂ
ਰੂਹ ਤੇ ਗ਼ਮ ਦੀਆਂ ਲਾਸਾਂ ਨੇ,
ਫਿਰ ਵੀ ਭੋਲੇ ਮਨ ਦੇ ਅੰਦਰ
ਸਾਂਝ-ਸਵੇਰ ਦੀਆਂ ਆਂਸਾਂ ਨੇ

ਅਪਰੈਲ 98 ਵਿਚ ਗੁਰਦਵਾਰਿਆਂ ਦੀ ਯਾਤਰਾ ਕਰਨ ਗਏ ਪੰਜਾਬੀ ਕਵੀ ਤੇ ਕਹਾਣੀ-ਕਾਰ ਮੱਖਣ ਕੁਹਾੜ ਦੇ ਹੱਥ ਸਾਨੂੰ ਪੁਸਤਕਾਂ ਦਾ ਇਕ ਸੈੱਟ ਪ੍ਰਾਪਤ ਹੋਇਆ ਹੈ । ਜਿਸ ਵਿਚ, ਧੁੰਧਲਾ ਚਾਨਣ (ਇਤਿਹਾਸਕ ਖੋਜ) ਲੇਖਕ ਇਕਬਾਲ ਕੈਂਸਰ, ਚਰਖੇ ਦੀ ਘੂਕ (ਲੋਕ-ਗੀਤ-ਅਧਿਅਨ) ਲੇਖਕ ਮੁਹੰਮਦ ਅਕਰਮ ਗਈਦ ਜ਼ੁਬਾਨ ਦਾ ਕਤਲ (ਬਾਲ-ਕਹਾਣੀਆਂ) ਲੇਖਕ ਅਸ਼ਰਫ ਸੁਹੇਲ ਮਿੰਨੀ ਕਹਾਣੀਆਂ (ਅਸ਼ਰਫ਼ ਸੁਹੇਲ, ਜੁਗਨੂੰ ਫੁੱਲ ਤੇ ਤਿਤਲੀ (ਬਾਲ-ਕਵਿਤਾਵਾਂ) ਲੇਖਕ ਆਦਲ ਸਦੀਕੀ 'ਚਿੱਟਾ ਕਾਂ' (ਮਿਨੀ ਇਨਸ਼ਾਈਏ) ਲੇਖਕ ਬਾਬੂ ਜਾਵੇਦ ਗਰਜਾਖੀ ਅਤੇ 'ਆਲਮੀ ਪੰਜਾਬੀ ਕਾਨਫਰੰਸ 1992', ਸੰਪਾਦਕ ਇਲਿਆਸ ਘੁੰਮਣ ਸ਼ਾਮਿਲ ਨੇ । ਕਵੀ ਤੇ ਪੱਤਰ-ਕਾਰ ਇਕਬਾਲ ਕੈਸਰ ਨੇ ਆਪਣੀ ਪੱਤਰਕਾਰੀ ਤੇ ਇਤਿਹਾਸਕ ਖੋਜ ਦੇ ਲੇਖਾਂ ਦਾ ਸੰਕਲਨ ਛਾਪ ਕੇ, ਆਪਣੀ ਇਤਿਹਾਸਕ ਖੋਜ ਦੀ ਯੋਗਤਾ ਦਾ ਪ੍ਰਮਾਣ ਦਿੱਤਾ ਹੈ । ਉਸ ਨੇ ਪੰਜਾਬ ਦੀ ਤਾਰੀਖ ਕਿਵੇਂ ਲਿਖੀਏ, ਸ਼ਹਿਜ਼ਾਦੀ ਬੰਬਾ ਕੌਰ, ਮਹਾਰਾਜਾ ਦਲੀਪ ਸਿੰਘ ਤੇ ਲਾਹੌਰ, ਅਣਖੀਲਾ ਸ਼ਹੀਦ ਸ਼ਹੀਦ ਦੀਵਾਨ ਮੂਲ ਰਾਜ ਆਦਿ ਵਿਸ਼ਿਆਂ ਨੂੰ ਛੋਹਿਆ ਹੈ । ਇਹ ਪੁਸਤਕ ਇਤਿਹਾਸ ਖੋਜੀਆਂ ਲਈ ਨਵੀਂ ਸਮੱਗਰੀ ਪ੍ਰਦਾਨ ਕਰਨੀ ਹੈ ।

'ਆਲਮੀ ਪੰਜਾਬ ਕਾਨਫਰੰਸ ਲਾਹੌਰ 1992' ਵਡਮੁੱਲੀਆਂ ਸਾਹਿਤਕ/ਸਭਿਆਚਾਰਕ ਦਸਤਾ-ਵੇਜ਼ਾਂ ਦਾ ਸੰਗ੍ਰਹਿ ਹੈ. ਜਿਹੜਾ ਅੱਜ ਵੀ ਲਾਹੇਵੰਦ ਸਮੱਗਰੀ ਪੇਸ਼ ਕਰਦਾ ਹੈ । ਇਸ ਵਿਚ ਭਾਸ਼ਣਾ ਤੇ ਵਾਦ-ਵਿਵਾਦੀ ਟਿਪਣੀਆਂ ਤੋਂ ਬਿਨਾਂ, ਪੰਜਾਬੀ ਸਾਹਿਤ, ਸਭਿਆਚਾਰ ਤੇ ਇਤਿਹਾਸ ਨਾਲ ਸਬੰਧਤ ਕੀਮਤੀ ਲੇਖ ਇਕੱਤਰ ਕਰਕੇ ਛਾਪੇ ਗਏ ਹਨ ।

ਅਸੀਂ ਆਸ ਕਰਦੇ ਹਾਂ ਕਿ ਆਦਾਨ ਪ੍ਰਦਾਨ ਦਾ ਇਹ ਸਿਲਸਿਲਾ ਜਾਰੀ ਰਹੇਗਾ ।

(ਹ.ਸ.ਹ )



## ਪੈਰਿਸ ਦੀ ਪਿਆਸ/(ਸੰਤੋਖ ਸਿੰਘ ਸੰਤੋਖ)

ਸੰਤੋਖ ਪ੍ਰਗਤੀਸ਼ੀਲ ਕਵੀ ਹੈ । ਪ੍ਰਗਤੀਸ਼ੀਲਾਂ ਵਿਚੋਂ ਵੀ ਉਸ ਦੀ ਕਵਿਤਾ ਦੀ ਨੁਹਾਰ ਵੱਖਰੀ ਹੈ । ਉਸ ਦੀ ਅੱਖ ਬਾਜ਼ ਵਰਗੀ ਹੈ । ਉਹ ਬਹੁਤ ਉੱਚੇ ਚੜ੍ਹਕੇ, ਚਾਰ ਚੁਫੇਰੇ ਸਾਰੀ ਦੁਨੀਆਂ ਤੇ ਨਜ਼ਰ ਮਾਰਦਾ ਹੈ । ਇੰਝ ਲੱਗਦਾ ਹੈ ਜਿਵੇਂ ਧਰਤੀ ਦਾ ਗਲੋਬ ਉਸ ਦੇ ਹੱਥ ਵਿਚ ਫੜਿਆ ਹੋਵੇ ਤੇ ਉਹ ਉਸ ਨੂੰ ਘੁਮਾ ਕੇ ਵੇਖ ਰਿਹਾ ਹੋਵੇ । ਉਸ ਦੀ ਅੱਖ ਧਰਤੀ ਦੇ ਉਸ ਨੁਕਤੇ ਤੇ ਜਾਕੇ ਟਿਕਦੀ ਹੈ, ਜਿਥੇ ਜ਼ੁਲਮ ਹੋ ਰਿਹਾ ਹੈ, ਜਿਥੇ ਇਸ ਜ਼ੁਲਮ ਦੇ ਵਿਰੁੱਧ ਲੋਕ ਜੂਝ ਰਹੇ ਹਨ, ਹੱਕ ਲਈ ਸ਼ਹੀਦ ਹੋ ਰਹੇ ਹਨ । ਪਰ ਉਸ ਦੀ ਇਕ ਸੀਮਾਂ ਵੀ ਹੈ । ਦੂਰ ਵੇਖਣ ਵੇਲੇ ਉਹ ਆਪਣੇ ਪੈਰਾਂ ਹੇਠ ਲਾਗੇ ਚਾਗੇ, ਜਾਂ ਅੰਦਰ ਵੇਖਣਾ ਭੁੱਲ ਜਾਂਦਾ ਹੈ । ਉਹ ਜੂਝਦੇ ਇਨਸਾਨ ਦੀ ਸ਼ਾਨ ਦਾ ਸੰਗੀਤਕਾਰ ਹੈ—ਲੜਦੇ ਮਨੁੱਖ ਦਾ ਮਹਿਮਾਕਾਰ। ਪੰਜਾਬੀ ਕਵਿਤਾ ਦੇ ਖੇਤਰ ਵਿਚ ਉਸ ਦੀ ਪਛਾਣ ਦੀਆਂ ਇਹੀ ਪੌੜਾਂ ਹਨ ।

ਉਹਨਾਂ ਸ਼ਹੀਦਾਂ ਨੂੰ ਮੈਂ ਸੀਸ ਨਿਵਾਉਂਦਾ ਹਾਂ ।
ਜਿਹਨਾਂ ਦੇ ਨਾਂ ਜਾਂ ਮਰਨ ਦੀ ਮਿਤੀ
ਪੱਥਰਾਂ ਤੇ ਨਹੀਂ ਉੱਕਰੀ ।
ਰੱਕੜਾਂ 'ਚ ਰੁਕ ਰੁਕ
ਉਹਨਾਂ ਦੀ ਦੇਹ ਦੇ ਨਿਸ਼ਾਨ ਮੁੱਕੇ ਨੇ

ਪੈਰਸ ਦੀ ਪਿਆਸ-67

ਵੀਹਵੀਂ ਸਦੀ ਨੇ ਕਈ ਜੰਗਾਂ, ਕਈ ਰਾਜ ਪਲਟੇ ਤੇ ਕਈ ਇਨਕਲਾਬ ਤੱਕੇ ਨੇ । ਇਸ ਸਦੀ ਵਿਚ ਸਾਧਾਰਨ ਮਨੁੱਖ ਨੇ ਤਾਜਾਂ ਨੂੰ ਹੱਥ ਪਾਇਆ ਹੈ । ਕਿਰਤੀ ਮਨੁੱਖ ਨੇ ਇਤਿਹਾਸ ਨੂੰ ਨਵੇਂ ਅਰਥ, ਨਵੇਂ ਸੁਪਨੇ, ਨਵੀਂ ਦਿਸ਼ਾ ਦਿੱਤੀ ਹੈ । ਪਰ ਇਸ ਸਦੀ ਦੇ ਅੰਤਲੇ ਦਹਾਕੇ ਨੇ ਇਨਕਲਾਬਾਂ ਨੂੰ ਵੱਜੀਆਂ ਪਛਾੜਾਂ ਵੀ ਵੇਖੀਆਂ ਹਨ । ਪਰ ਸੰਤੋਖ ਇਹਨਾਂ ਹਾਰਾਂ ਦਾ ਜ਼ਿਕਰ ਨਹੀਂ ਕਰਦਾ । ਉਹ ਜਿੱਤਾਂ ਤੇ ਸੰਘਰਸ਼ਾਂ ਦਾ ਕਵੀ ਹੈ ।

'ਪੈਰਿਸ ਦੀ ਪਿਆਸ' ਉਸ ਦੀ ਚੋਣਵੀਂ ਕਵਿਤਾ ਦਾ ਸੰਗ੍ਰਹਿ ਹੈ । ਉਸ ਦੀ 25 ਸਾਲਾਂ ਦੀ ਕਾਵਿ-ਸਾਧਨਾ ਵਿਚ ਚੋਣਵੇਂ ਨਮੂਨੇ ਇਸ ਸੰਗ੍ਰਹਿ ਵਿਚ ਪੇਸ਼ ਹਨ ।

ਪਰ ਕਵਿਤਾ ਦੇ ਪਾਠਕਾਂ ਨੂੰ ਅਕਸਰ ਇਹ ਸ਼ਿਕਾਇਤ ਰਹਿੰਦੀ ਹੈ ਕਿ ਉਸ ਨੇ ਆਪਣੇ ਕਾਵਿ-ਅੰਦਾਜ਼ ਵਿਚ ਵੰਨਗੀ ਪੈਦਾ ਨਹੀਂ ਕੀਤੀ । ਕਵਿਤਾ ਵਿਚ ਸੁਹਜ ਦੀ ਸਿਰਜਣਾ ਪ੍ਰਤੀ ਸੁਚੇਤ ਨਹੀਂ ਹੋਇਆ । ਕਵਿਤਾ ਨੂੰ ਵਾਰਤਕ ਤੋਂ ਨਿਖੇੜਨ ਲਈ ਨਵੀਆਂ ਕਾਵਿ-ਜੁਗਤਾਂ ਦੀ ਸਿਰਜਣਾ ਨਹੀਂ ਕੀਤੀ ।

ਫੇਰ ਵੀ ਪ੍ਰਵਾਸੀ ਕਵਿਤਾ ਵਿਚ ਉਸ ਦਾ ਜ਼ਿਕਰ ਅਕਸਰ ਚੰਗੇ ਅਰਥਾਂ ਵਿਚ ਹੁੰਦਾ ਹੈ । ਉਸ ਨੇ ਫੈਸ਼ਨ ਵਜੋਂ ਕੋਈ ਨਵੇਂ ਤਜਰਬੇ ਨਹੀਂ ਕੀਤੇ । ਸੰਤੋਖ ਦੀ ਕਵਿਤਾ ਵਿਸ਼ਵਾਸ ਦੀ, ਪੱਕੇ ਅਕੀਦੇ ਦੀ ਕਵਿਤਾ ਹੈ । ਇਹ ਖੰਡਿਤ ਮਨੁੱਖ ਦੀ ਕਵਿਤਾ ਨਹੀਂ, ਹੱਕ ਲਈ ਲੜਦੇ ਮਨੁੱਖ ਦੀ ਗਾਥਾ ਹੈ । ਏਸੇ ਵਿਚ ਹੀ ਸੰਤੋਖ ਦੀ ਕਵਿਤਾ ਦੀ ਵਿਲੱਖਣਤਾ ਵੇਖੀ ਜਾ ਸਕਦੀ ਹੈ ।

(ਹ. ਸ. ਹ )

## ਚਕਲਾ ਤੇ ਚੀਜ਼ ਵਹੁਟੀ/(ਗੁਰਮੀਤ ਹੱਯਾਤ ਪੁਰੀ)

ਗੁਰਮੀਤ ਹਯਾਤਪੁਰੀ ਪੰਜਾਬੀ ਕਵਿਤਾ ਵਿਚ ਇਕ ਨਵਾਂ ਨਾਂ ਹੈ। 'ਮਮੀਰੇ ਦੀ ਗੰਢੀ' (1992) ਤੋਂ ਬਾਦ 'ਚਕਲਾ ਤੇ ਚੀਜ਼ ਵਹੁਟੀ' ਉਸ ਦਾ ਦੂਸਰਾ ਕਾਵਿ ਸੰਗ੍ਰਹਿ ਹੈ। ਉਹ ਪੇਂਡੂ ਬੰਦਾ ਹੈ ਤੇ ਉਸ ਦੀ ਸਮੁੱਚੀ ਸ਼ਾਇਰੀ ਪੇਂਡੂ ਲੋਕਾਂ ਦੀਆਂ ਖੁਸ਼ੀਆਂ, ਤਾਂਘਾਂ, ਆਸ਼ਾਂਵਾਂ ਤੇ ਕਿਤੇ-ਕਿਤੇ ਮੁਸ਼ਕਲਾਂ ਦਾਂ ਵਰਣਨ ਵੀ ਕਰਦੀ ਹੈ। ਉਸ ਨੂੰ ਆਪਣੇ ਪੇਂਡੂ ਲੋਕਾਂ ਦੀ ਜੀਵਨ ਸ਼ੈਲੀ, ਮਾਨਸਿਕਤਾ ਤੇ ਸਭਿਆਚਾਰ ਨਾਲ ਨੇੜੇ ਦਾ ਮੋਹ ਹੈ। ਉਹ ਇਕ ਹਣਹਾਰ ਸੰਵੇਦਨ-ਸ਼ੀਲ ਕਵੀ ਹੈ ਤੇ ਪੇਂਡੂ ਪ੍ਰਕਿਰਤਿਕ ਧਰਤ-ਦ੍ਰਿਸ਼ਾਂ ਨੂੰ ਚਿਤਰਣ ਵਾਲਾਂ ਨੌਜਵਾਨ ਕਵੀ ਹੈ। ਉਸ ਦੀ ਸ਼ਾਇਰੀ ਵਿਚ ਬਹੁਤ ਕੁਝ ਅੱਲੜ ਨੌਜਵਾਨਾਂ ਵਾਲਾ ਵੀ ਹੈ ਅਤੇ ਉਹ ਆਲੇ ਦੁਆਲੇ ਦਿਸਦੇ ਹੁਸੀਨ ਦ੍ਰਿਸ਼ਾਂ ਤੇ ਸੁੰਦਰ ਚਿਹਰਿਆਂ ਨੂੰ ਵੀ ਉਲੀਕਣ ਦੀ ਕੋਸ਼ਿਸ਼ ਕਰਦਾ ਹੈ ਪਰ ਉਹ ਪੇਂਡੂ ਜੀਵਨ ਵਿਚਲੀਆਂ ਔਕੜਾ ਤੇ ਅੰਤਰ-ਵਿਰੋਧਾਂ ਨੂੰ ਚਿਤਰਣ ਦੀ ਆਪਣੀ ਤਲਾਸ਼ ਨੂੰ ਜਾਰੀ ਰੱਖ ਰਿਹਾ ਹੈ। ਸਮਾਜਕ ਯਥਾਰਥ ਵਲੋਂ ਅੱਖਾਂ ਮੀਟਣਾ ਕਿਸੇ ਵੀ ਸੁਹਿਰਦ ਸ਼ਾਇਰ ਲਈ ਸੰਭਵ ਨਹੀਂ ਹੁੰਦਾ ਹੈ। ਜੀਵਨ ਵਿਚ ਉਹ ਸਮਝੌਤੇ ਕਰਨੇ ਪਸੰਦ ਨਹੀਂ ਕਰਦਾ ਤੇ ਉਚੇ ਕਲਸ ਉਤੇ ਟੰਗੀ ਰੋਟੀ ਉਸ ਲਈ ਇਕ ਚੁਣੌਤੀ ਪੇਸ਼ ਕਰਦੀ ਹੈ :—

ਇਹ ਵੀ ਸੱਚ ਹੈ
ਕਿ ਸੁਨਹਿਰੀ ਕਲਸ ਹੇਠ ਗੱਡਿਆ ਕਿੱਲਾ
ਬੜਾ ਮਜ਼ਬੂਤ ਏ
ਪਰ ਕਲਸ ਦੇ ਸੂਏ ਤੇ ਟੰਗੀ ਰੋਟੀ
ਸਾਡੇ ਲਈ ਵੰਗਾਰ ਏ
ਰੋਟੀ ਸਾਡੀ ਇੱਜ਼ਤ ਵੀ ਏ
ਰੋਟੀ ਸਾਡੀ ਭੁੱਖ ਵੀ ਏ
ਇਸ ਨੂੰ ਪਾਉਣਾ ਸਾਡੇ ਢਿੱਡ ਦਾ ਮਸਲਾ ਹੈ। (ਪੰਨਾ 29)

ਗੁਰਮੀਤ ਹਯਾਤਪੁਰੀ ਦੀ ਕਵਿਤਾ ਜੀਵਨ ਦੇ ਸੱਚੇ ਸੁੱਚੇ ਅਨੁਭਵ ਵਿਚੋਂ ਉਪਜਦੀ ਹੈ ਅਤੇ ਉਸ ਵਿਚ ਸੁੱਤੇ-ਸਿੱਧ ਜੀਵਨ ਦੇ ਨਿਰੋਏ ਪੱਖਾਂ ਨੂੰ ਵੇਖਣ, ਚੁਣਨ ਤੇ ਚਿਤਰਨ ਦੀ ਤੀਬਰ ਤਾਂਘ ਹੈ। ਉਸ ਦੀ ਸ਼ਾਇਰੀ ਵਿਚ ਅਜੇ ਉਹ ਮੁਕਾਮ ਨਹੀਂ ਆਇਆ, ਜਿਥੇ ਆ ਕੇ ਕਿਸੇ ਕਵੀ ਦੀ ਕਵਿਤਾ ਵਿਚ ਚਿੰਤਨ ਦੇ ਰੰਗ ਉਘੜਦੇ ਹਨ ਅਤੇ ਸ਼ਾਇਰੀ ਦਾਰਸ਼ਨਿਕ ਡੂੰਘਾਈ ਗ੍ਰਹਿਣ ਕਰਦੀ ਹੈ, ਪਰ ਇਹ ਗਲ ਤਸੱਲੀ ਵਾਲੀ ਹੈ ਕਿ ਕਵੀ ਜੀਵਨ ਦੇ ਰੰਗ ਬਰੰਗੇ ਦ੍ਰਿਸ਼ਾਂ ਤੇ ਤਜਰਬਿਆਂ ਨੂੰ ਕਾਵਿ-ਦ੍ਰਿਸ਼ਟੀ ਨਾਲ ਵੇਖਦਾ ਤੇ ਪੇਸ਼ ਕਰਦਾ ਹੈ।

ਗੁਰਮੀਤ ਖੁਲ੍ਹੀ ਕਵਿਤਾ ਦਾ ਕਵੀ ਹੈ। ਖੁਲ੍ਹੀ ਕਵਿਤਾ ਵਿਚ ਕਾਵਿਕ ਸੁੰਦਰਤਾ ਉਜਾਗਰ ਕਰਨੀ ਕਾਫੀ ਕਠਿਨ ਹੁੰਦੀ ਹੈ ਪਰ ਹਯਾਤਪੁਰੀ ਕੋਲ ਸੰਵੇਦਨਸ਼ੀਲ ਅੱਖ ਹੈ। ਇਸ ਕਾਰਨ ਉਸ ਦੀ ਖੁਲ੍ਹੀ ਕਵਿਤਾ ਰੁੱਖੀ ਵਾਰਤਕ ਨਾਲੋਂ ਆਪਣਾ ਨਿਖੇੜਾ ਕਰਨ ਵਿਚ ਸਫਲ ਹੋ ਜਾਂਦੀ ਹੈ। ਗੁਰਮੀਤ ਹਯਾਤਪੁਰੀ ਦੇ ਕਾਵਿ-ਬਿੰਬ ਪੇਂਡੂ ਜੀਵਨ ਤੇ ਪ੍ਰਕਿਰਤੀ ਵਿਚੋਂ ਪ੍ਰਗਟ ਹੁੰਦੇ ਹਨ ਅਤੇ ਉਸ ਦੇ ਕਾਵਿ-ਮੁਹਾਵਰੇ ਵਿਚ ਮੌਲਿਕ ਰੰਗ ਵਿਖਾਈ ਦੇਂਦਾ ਹੈ।

ਹਯਾਤਪੁਰੀ ਧੀਮੀ ਤੋਰੇ ਤੁਰਨ ਵਾਲਾ ਹੋਣਹਾਰ ਨੌਜਵਾਨ ਕਵੀ ਹੈ ਅਤੇ ਉਸਦੇ ਕਾਵਿਕ ਵਿਕਾਸ ਉਤੇ ਭਰੋਸਾ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਆਉਣ ਵਾਲੇ ਸਮਿਆਂ ਵਿਚ ਉਹ ਪਿੰਡ ਦੇ ਕਿਸਾਨੀ ਜੀਵਨ ਦੇ ਲੁਕਵੇਂ ਅੰਤਰ-ਵਿਰੋਧਾਂ ਨੂੰ ਆਪਣੀ ਕਵਿਤਾ ਵਿਚ ਪੇਸ਼ ਕਰਨ ਦੇ ਰਾਹ ਤੁਰੇਗਾ। ਉਸਦੀ ਕਵਿਤਾ ਨੇ ਪਿਛਲੇ ਵਰ੍ਹਿਆਂ ਵਿਚ ਬੜਾ ਵਿਕਾਸ ਕੀਤਾ ਹੈ। ਉਸ ਦਾ ਸੰਗ੍ਰਹਿ ਬੜੇ ਖੂਬ-ਸੂਰਤ ਅੰਦਾਜ਼ ਵਿਚ ਪੇਸ਼ ਹੋਇਆ ਹੈ, ਜਿਸ ਲਈ ਲੇਖਕ ਵਧਾਈ ਦਾ ਪਾਤਰ ਹੈ।

—ਡਾ: ਹਰਪ੍ਰੀਤ ਸਿੰਘ ਹੁੰਦਲ



### ਅੰਤਿਕਾ

## ਗ਼ਲਤ ਫੈਸਲੇ ਨੂੰ ਵਿਚਾਰਨ ਦੀ ਲੋੜ

ਆਜ਼ਾਦੀ ਦੀ ਪ੍ਰਾਪਤੀ ਤੋਂ ਬਾਅਦ ਡੂੰਘੇ ਵਿਚਾਰ ਵਟਾਂਦਰੇ ਪਿਛੋਂ, ਸਾਰੇ ਦੇਸ਼ ਵਿਚ ਇਕਸਾਰ ਵਿਦਿਅਕ ਨੀਤੀ ਚਾਲੂ ਕੀਤੀ ਗਈ ਸੀ, ਜਿਸ ਅਨੁਸਾਰ ਮੁਢਲੀ ਸਿੱਖਿਆ, ਹਰ ਪ੍ਰਾਂਤ ਦੀ ਸਥਾਨਕ ਅਥਵਾ ਮਾਂ—ਬੋਲੀ ਵਿਚ ਦਿੱਤੀ ਜਾਂਦੀ ਸੀ ਤੇ ਤੀਸਰੀ ਜਮਾਤ ਤੋਂ ਹਿੰਦੀ ਪੜ੍ਹਾਉਣੀ ਅਰੰਭ ਕੀਤੀ ਜਾਂਦੀ ਸੀ। ਅਤੇ ਅੰਗਰੇਜ਼ੀ ਜ਼ੁਬਾਨ ਦੀ ਪੜ੍ਹਾਈ ਛੇਵੀਂ ਅਥਵਾ ਪ੍ਰਾਇਮਰੀ ਸਕੂਲ ਦੀ ਪੜ੍ਹਾਈ ਖਤਮ ਕਰਨ ਪਿੱਛੋਂ ਚਾਲੂ ਹੁੰਦੀ ਸੀ। ਐਪਰ ਪਿਛਲੇ ਪੰਜਾਹ ਸਾਲਾ ਵਿਚ ਪ੍ਰਾਂਤਕ ਭਾਸ਼ਾਵਾਂ ਦੇ ਵਿਕਾਸ ਲਈ ਵਿਉਂਤਬੱਧ ਤੇ ਸਮਾਂਬੱਧ ਉੱਦਮ ਨਹੀਂ ਕੀਤੇ ਗਏ ਤੇ ਹਰ ਤਰ੍ਹਾਂ ਦੀ ਉੱਚੀ ਮੈਡੀਕਲ, ਵਿਗਿਆਨ ਤੇ ਟੈਕਨੀਕਲ ਵਿਦਿਆ ਪ੍ਰਾਂਤਕ ਭਾਸ਼ਾਵਾਂ ਵਿਚ ਦੇਣ ਲਈ ਲੋੜੀਂਦੇ ਉਪਰਾਲੇ ਨਹੀਂ ਕੀਤੇ ਗਏ। ਸਿੱਟੇ ਵਜੋਂ ਵੱਖ-ਵੱਖ ਪ੍ਰਾਂਤਾਂ ਦੇ ਲੋਕਾਂ ਦੇ ਮਨਾਂ ਵਿਚ ਇਹ ਵਿਚਾਰ ਪੱਕੇ ਰੂਪ ਵਿਚ ਬੈਠ ਗਿਆ ਹੈ ਕਿ ਉਚੇਰੀ ਸਿੱਖਿਆ ਦੀ ਪ੍ਰਾਪਤੀ ਤੇ ਅੰਗਰੇਜ਼ੀ ਵਿਚ ਮੁਹਾਰਤ ਹਾਸਲ ਕਰਨ ਨਾਲ ਹੀ ਚੰਗੀਆਂ ਨੌਕਰੀਆਂ ਦੀ ਪ੍ਰਾਪਤੀ ਹੋ ਸਕਦੀ ਹੈ।

ਇਹ ਵਰਤਾਰਾ ਸੰਸਾਰ ਪੱਧਰ ਉੱਤੇ ਬਾਲ-ਮਨੋਵਿਗਿਆਨ ਤੇ ਸਿੱਖਿਆ ਸ਼ਾਸਤਰ ਦੇ ਪ੍ਰਵਾਨਤ ਅਸੂਲਾਂ ਦੇ ਉਲਟ ਹੈ। ਸਾਰੇ ਸੰਸਾਰ ਵਿਚ ਇਸ ਗੱਲ ਤੇ ਮੁਕੰਮਲ ਸਹਿਮਤੀ ਹੈ ਕਿ ਮੁੱਢਲੀ ਸਿੱਖਿਆ, ਕੇਵਲ ਬੱਚੇ ਦੀ ਮਾਤ-ਭਾਸ਼ਾ ਵਿਚ ਹੀ ਦਿੱਤੀ ਜਾਣੀ ਚਾਹੀਦੀ ਹੈ।

ਪਰ ਕਈ ਵਾਰ ਗਲਤ ਵਿਚਾਰ ਵੀ ਲੋਕਾਂ ਦੇ ਮਨਾਂ ਵਿਚ ਪ੍ਰਵੇਸ਼ ਕਰ ਜਾਂਦੇ ਹਨ, ਜਿਹੜੇ ਦੇਰ ਤੀਕ ਉਹਨਾਂ ਦੀ ਬੰਦ-ਖਲਾਸੀ ਨਹੀਂ ਹੋਣ ਦਿੰਦੇ। ਇਹਨਾਂ ਗਲਤ ਵਿਚਾਰਾਂ ਦੇ ਖੰਡਨ ਕਰਨ ਦੀ ਥਾਂ, ਪੰਜਾਬ ਸਰਕਾਰ ਨੇ ਪਹਿਲੀ ਸ਼੍ਰੇਣੀ ਤੋਂ ਸਰਕਾਰੀ ਸਕੂਲਾਂ ਵਿਚ ਪੰਜਾਬੀ ਦੇ ਨਾਲ ਨਾਲ ਅੰਗਰੇਜ਼ੀ ਪੜ੍ਹਾਉਣ ਦੇ ਹੁਕਮ ਚਾੜ੍ਹ ਦਿੱਤੇ ਹਨ। ਇਸ ਭਾਂਤ ਦੇ ਗੰਭੀਰ ਮਸਲੇ ਬਾਰੇ ਲੰਮੇ ਵਿਚਾਰ-ਚਰਚਾ ਦੀ ਲੋੜ ਸੀ, ਪਰ ਸਾਰੇ ਮਾਮਲੇ ਨੂੰ ਠੀਕ ਭਾਂਤ ਵਿਚਾਰੇ ਤੋਂ ਬਿਨਾ ਤੱਟ ਫੱਟ ਨਵੇਂ ਹੁਕਮ ਲਾਗੂ ਕਰ ਦਿਤੇ ਗਏ ਹਨ। ਸਪਸ਼ਟ ਹੈ ਕਿ ਜੇ ਪ੍ਰਾਇਮਰੀ ਦੀਆਂ ਪੰਜ ਜਮਾਤਾਂ ਵਿਚ ਅੰਗਰੇਜ਼ੀ ਦਾ ਵਿਸ਼ਾ ਚਾਲੂ ਕਰਨਾ ਹੀ ਸੀ, ਤਾਂ ਹਰ ਪ੍ਰਾਇਮਰੀ ਸਕੂਲ ਵਿਚ ਘੱਟੋ ਘੱਟ ਇਕ ਸਿਖਿਅਤ ਅੰਗਰੇਜ਼ੀ ਟੀਚਰ ਦੀ ਲੋੜ ਸੀ, ਪਰ ਹੁਣ ਵੇਖਿਆ ਗਿਆ ਹੈ ਪ੍ਰਾਇਮਰੀ ਟੀਚਰਾਂ ਨੂੰ ਇਕ ਇਕ ਦਿਨ ਦੀ ਟਰੇਨਿੰਗ ਦੇ ਕੇ ਅੰਗਰੇਜ਼ੀ ਪੜ੍ਹਾਉਣ ਦੇ ਕਾਬਲ ਐਲਾਨ ਦਿੱਤਾ ਗਿਆ ਹੈ।

ਇਹ ਸਾਰਾ ਵਰਤਾਰਾ ਵੇਖ ਮਨ ਵਿਚ, ਬਾਰ-ਬਾਰ ਮੁਹੰਮਦ ਤੁਗਲਕ ਦਾ ਨਾਂ ਚੇਤੇ ਆ ਰਿਹਾ ਹੈ, ਜਿਸ ਬਿਨਾਂ ਸੋਚੇ ਸਮਝੇ ਦੇਸ਼ ਦੀ ਰਾਜਧਾਨੀ ਨੂੰ ਦਿੱਲੀ ਤੋਂ ਦੌਲਤਾਬਾਦ ਬਦਲਣ ਦੇ ਹੁਕਮ ਜਾਰੀ ਕਰ ਦਿੱਤੇ ਸਨ ਅਤੇ ਜਦੋਂ ਇਹ ਹੁਕਮ ਤਜਰਬੇ ਵਿਚੋਂ ਗ਼ਲਤ ਸਿੱਧ ਹੋਏ ਸਨ ਤਾਂ

ਕੁਝ ਦੇਰ ਪਿਛੋਂ ਸਾਰੇ ਸਰਕਾਰੀ ਅਧਿਕਾਰੀਆਂ ਤੇ ਸ਼ਹਿਰੀਆਂ ਨੂੰ ਵਾਪਸ ਦਿੱਲੀ ਮੁੜਨ ਦੇ ਹੁਕਮ ਜਾਰੀ ਕਰਨੇ ਧਏ ਸਨ।

ਹਾਲੀ ਵੀ ਡੁੱਲਿਆਂ ਬੇਰਾਂ ਦਾ ਕੁਝ ਨਹੀਂ ਵਿਗੜਿਆ। ਬਿਹਤਰ ਇਹ ਹੋਵੇਗਾ ਕਿ ਇਸ ਫੈਸਲੇ ਨੂੰ ਮੁੜ ਕੇ ਵਿਚਾਰਿਆ ਜਾਵੇ ਅਤੇ ਸਮਰੱਥਾ ਵਿਦਿਅਕ ਮਾਹਰਾਂ ਦੀ ਇਕ ਕਮੇਟੀ ਬਣਾ ਕੇ ਉਹਨਾਂ ਦੀ ਰਾਏ ਲਈ ਜਾਵੇ। ਨਾਲ ਹੀ ਨਾਲ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਪ੍ਰਚਲਤ ਸਮੁੱਚੇ ਸਿਖਿਆ ਪ੍ਰਬੰਧ ਨੂੰ ਬਿਹਤਰ ਬਣਾਉਣ ਲਈ ਉਪਰਾਲੇ ਕੀਤੇ ਜਾਣ ਤਾਂਕਿ ਆਪ ਲੋਕੀਂ, ਪ੍ਰਾਈਵੇਟ ਮਾਡਲ ਸਕੂਲਾਂ ਵੱਲ ਨਾ ਭੱਜਣ। ਅਸੀਂ ਆਸ ਕਰਦੇ ਹਾਂ ਕਿ ਪੰਜਾਬ ਸਰਕਾਰ ਅੰਗਰੇਜ਼ੀ ਦੀ ਪੜ੍ਹਾਈ ਪਹਿਲੀ ਸ਼ਰੇਣੀ ਤੋਂ ਚਾਲੂ ਕਰਨ ਦੇ ਆਪਣੇ ਫੈਸਲੇ ਨੂੰ ਮੁੜ ਵਿਚਾਰੇਗੀ।

## ਵਾਘਿਓਂ ਪਾਰ

### **ਗ਼ਜ਼ਲ**/ਨਸੀਰ ਅਹਿਮਦ ਨਸੀਰ

ਕੀ ਕਰਾਂ ਕਿੱਥੋਂ ਸਿਵਾਵਾਂ ਵਰਦੀਆਂ ਪੱਥਰ ਦੀਆਂ।
ਆ ਗਈਆਂ ਮੁੜ ਸਿਰ ਦੇ ਉੱਤੇ, ਸਰਦੀਆਂ ਪੱਥਰ ਦੀਆਂ।
ਖੌਰੇ ਕਿੰਨੀ ਵਾਰ ਸਮਝਾਇਆ ਏ ਦਿਲ ਕਮਜ਼ਰਫ਼ ਨੂੰ,
ਬੇੜੀਆਂ ਨਹੀਂ ਪਾਣੀਆਂ ਤੇ ਤਰਦੀਆਂ ਪੱਥਰ ਦੀਆਂ।
ਜਦ ਕਿਸੇ ਦਿੱਤਾ ਦਿਲਾਸਾ, ਨੈਣ ਛੰਮ ਛੰਮ ਰੋ ਪਏ,
ਦਿਲ ਨੂੰ ਕਿਉਂ ਲੱਗੀਆਂ ਸਦਾ ਹਮਦਰਦੀਆਂ ਪੱਥਰ ਦੀਆਂ।
ਕੀ ਹਯਾਤੀ ਏ ਭਲਾ ਸ਼ੀਸ਼ੇ ਦੇ ਉਸ ਇਨਸਾਨ ਦੀ,
ਸਾਰੀਆਂ ਕੰਧਾਂ ਨੇ ਜੀਹਦੇ ਘਰਦੀਆਂ ਪੱਥਰ ਦੀਆਂ।
ਇਕ ਘੜੀ ਦੇ ਵਿਚ ਜਿਵਾਵਣ, ਇਕ ਘੜੀ ਵਿਚ ਮਾਰ ਕੇ,
ਸ਼ੋਖ਼ੀਆਂ ਸ਼ੀਸ਼ੇ ਦੀਆਂ, ਬੇਦਰਦੀਆਂ ਪੱਥਰ ਦੀਆਂ।
ਜਿੰਨੇ ਚੀਕਰ ਸਿਰ ਸਲਾਮਤ ਹੈ ਦੀਵਾਨੇ ਦਾ 'ਨਸੀਰ',
ਓਨੇ ਤੀਕਰ ਆਂਦਰਾਂ ਨਹੀਂ ਠਰਦੀਆਂ ਪੱਥਰ ਦੀਆਂ।

(ਕੂਕ ਲੜੀ ਨੰਬਰ 5, ਮਾਰਚ 98 ਚੋਂ)

### ਲਹਿੰਦੇ ਪੰਜਾਬ ਤੋਂ ਛਪਦੇ ਪੰਜਾਬੀ ਪਰਚੇ

1. ਪੰਚਮ (ਪੁਸਤਕ ਲੜੀ। ਸੰਪਾਦਕ ਮਕਸੂਦ ਸਾਕਿਬ, ਕਮਰਾ ਨੰ: 1, ਫਲੈਟ ਨੰ: 4, ਅਲੀ ਆਰਕਿਡ, ਮੂਨ ਮਾਰਕੀਟ, ਗੁਲਸ਼ਨ ਰਾਵੀ, ਲਾਹੌਰ।
2. ਵਰ੍ਹੇ ਵ੍ਹਾਰ 'ਸਾਹਿਤ' ਤੇ ਰਵੇਲ, ਸੰਪਾਦਕ, ਇਲਿਆਸ ਘੁੰਮਣ, 24 ਅਮੀਰ ਰੋਡ, ਬਿਲਾਲ ਗੰਜ, ਲਾਹੌਰ।
3. ਲਹਿਰਾਂ (ਮਾਸਿਕ) ਸੰਪਾਦਕ ਡਾ: ਅਖਤਰ ਹੁਸੈਨ ਅਖਤਰ, 7/57 ਸੋਢੇਵਾਲ ਕਾਲੋਨੀ, ਮੁਲਤਾਨ ਰੋਡ, ਲਾਹੌਰ।
4. 'ਤ੍ਰਿਮਾਹੀ' ਸੰਪਾਦਕ, ਜਨਾਬ ਖ਼ਾਲਦ ਸ਼ੇਖ, ਗਲੀ ਨੰ: 2, ਮਦਨੀ ਕਾਲੋਨੀ, ਬਹਾਵਲਨਗਰ ਪੰਜਾਬ—62300।
5. ਕੂਕ (ਪੁਸਤਕ ਲੜੀ) ਸੰਪਾਦਕ ਆਸ਼ਕ ਅਲੀ ਫੈਸਲ C/o 24, ਅਮੀਰ ਰੋਡ, ਬਿਲਾਲ ਗੰਜ, ਲਾਹੌਰ।



## ਖਿਆਲ ਆਪੋ ਆਪਣਾ

○ ਆਪ ਜੀ ਵਲੋਂ ਚਿਰਾਗ਼ ਦਾ ਅੰਕ 13 ਏਸ ਹਾਲਤ ਵਿਚ ਅਪੜਿਆ, ਭਈ ਉਹਦਾ ਉਤਲਾ ਲਿਫ਼ਾਫ਼ਾ ਲੀਰੋਲੀਰ ਸੀ, ਬੱਸ ਚਿਰਾਗ਼ ਦਾ ਅੱਪੜ ਜਾਣਾ ਇਕ ਮੁਆਵਜ਼ਾ ਈ ਸਮਝੋ ਕਿ ਮਿਹਰਬਾਨੀ ਫਰਮਾ ਕੇ ਉੱਤੇ ਧਾਗਾ ਬੰਨ੍ਹ ਦਿਆ ਕਰੋ। ਜਾਂ ਟੇਪ ਲਾ ਦਿਆ ਕਰੋ। ਅਸਲ ਵਿਚ ਰਾਹ ਅੰਦਰ ਡਾਕ ਨਾਲ ਕਈ ਹੇਠੀਆਂ ਜੇਠੀਆਂ ਵੀ ਹੁੰਦੀਆਂ ਨੇ। ਅੱਲਾ ਖ਼ੈਰ ਕਰੇਗਾ, ਹੁਣ ਚਾਨਣ ਦੀ ਸਿੰਞਾਣ ਦਾ ਸਮਾਂ ਨੇੜੇ ਆ ਗਿਆ ਏ। ਰੱਬਾ ਚਿਰਾਗ਼ ਦਾ ਚਾਨਣ ਕੂੜ-ਹਨੇਰਿਆਂ ਨੂੰ ਹੂੰਝ ਲੈ ਜਾਵੇ।

—ਅਹਿਸਾਨ ਬਾਜਵਾ, ਸਿਆਲਕੋਟ, ਪਾਕਿਸਤਾਨ

○ ਚਿਰਾਗ਼ ਵਿਚ ਤੁਹਾਡੇ ਵਲੋਂ ਆਰੰਭੀ ਬਹਿਸ, ਵਧੀਆ ਉਦਮ ਹੈ। ਚਿਰਾਗ਼ ਰਾਹੀਂ ਪ੍ਰਸਿੱਧ ਆਲੋਚਕਾਂ ਦੇ ਵਿਚਾਰਾਂ ਤੋਂ ਜਾਣੂ ਕਰਾਕੇ ਤੂੰ ਬਹੁਤ ਸ਼ਲਾਘਾ ਯੋਗ ਕੰਮ ਕੀਤਾ ਹੈ। ਇਹ ਅੰਕ ਬਹੁਤ ਹੀ ਮੁਲਵਾਨ ਹੈ।

—ਕੇਸਰ ਸਿੰਘ ਨੀਰ, ਕੈਲਗਰੀ, ਕੈਨੇਡਾ

○ <u>ਉੱਤਰ-ਆਧੁਨਿਕਤਾ : ਇਕਹਿਰੀ ਵਿਚਾਰਧਾਰਾ ਵਿਰੁੱਧ ਜੰਗ ਦਾ ਐਲਾਨ</u>

ਮੈਂ ਆਪਣੀ ਗੱਲ ਇਕ ਮਹਾਨ ਚਿੰਤਕ ਦੇ ਸ਼ਬਦਾਂ ਨਾਲ ਸ਼ੁਰੂ ਕਰਨਾ ਚਾਹੁੰਦਾ ਹਾਂ.
"ਸਾਡੇ ਵਿੱਚ ਇਕਹਰੀ ਵਿਚਾਰਧਾਰਾ ਦਾ ਬੋਲਬਾਲਾ ਹੈ ਤੇ ਸਾਡੇ ਬੁੱਧੀਜੀਵੀ ਸੱਚਾਈ ਲਈ ਬਹੁਤਾ ਆਦਰ ਨਹੀਂ ਵਿਖਾਉਂਦੇ।"

ਇਹ ਸਬਦ ਆਕਤਾਵਿਓ ਪਾਜ਼ ਦੇ ਹਨ, ਜੋ ਲੰਬਾ ਸਮਾਂ ਭਾਰਤੀ ਸਾਹਿਤ-ਸਭਿਆਚਾਰ ਨਾਲ ਜੁੜੇ ਰਹੇ। ਸਾਡੀ ਬਦਕਿਸਮਤੀ ਕਿ ਪਿੱਛੇ ਜਹੇ ਉਹ ਸਾਥੋਂ ਵਿੱਛੜ ਗਏ ਹਨ; ਉਹ ਵਿਸ਼ਵ ਦੇ ਸਭ ਤੋਂ ਵੱਧ ਚਰਚਿਤ ਕਵੀ ਤੇ ਚਿੰਤਕ ਸਨ। ਭਾਰਤ ਦੇ ਸਾਹਿਤ ਤੇ ਸਭਿਆਚਾਰਕ ਤੋਂ ਭਰਪੂਰ ਵਾਕਿਫ਼। ਉਸ ਦੇ ਉਪਰਲਿਆਂ ਸ਼ਬਦਾਂ ਵਿੱਚ ਇਕ ਨਿਡਰ ਇਕਬਾਲ ਹੈ, ਸੁਚੱਜੀ ਰਹਿਨੁਮਾਈ ਤੇ ਵੱਡੀ ਸਮਰੱਥਾ। ਇਹ ਇਕਬਾਲ ਬੜਾ ਦੁਖਾਂਤਕ ਹੈ ਕਿ ਅਸੀਂ ਇਕਹਰੀ ਵਿਚਾਰਧਾਰਾ ਦੇ ਬੋਲਬਾਲੇ ਵਿਚ ਉਲਝ ਚੁੱਕੇ ਹਾਂ, ਇਕ ਚਿੰਤਨ ਦੀ ਸਰਦਾਰੀ ਨੇ ਸਾਡਾ ਬੜਾ ਨੁਕਸਾਨ ਕੀਤਾ ਹੈ, ਅਸੀਂ ਆਪਣੇ ਮੂਲ ਨਾਲੋਂ ਟੁੱਟ ਗਏ ਅਤੇ ਆਧੁਨਿਕਤਾ ਦੇ ਵਹਾਓ ਵਿੱਚ ਐਸੇ ਵਗੇ ਕਿ ਸਾਡੇ ਉੱਖੜੇ ਪੈਰ ਮੁੜ ਸਥਾਪਤ ਨਾ ਹੋਏ ਤੇ ਅੱਜ ਅਸੀਂ ਇਸ ਪ੍ਰਤੀ ਪੂਰੇ ਸੁਚੇਤ ਹਾਂ, ਪੈਰ ਲਗਾਉਣ ਦੀ ਕੋਸ਼ਿਸ਼ ਵਿੱਚ।

ਉੱਤਰ-ਆਧੁਨਿਕਤਾ ਸੰਬੰਧੀ 'ਚਿਰਾਗ' ਦੀ ਬਹਿਸ ਇਕਤਰਫੀ ਹੈ, ਕੱਟੜਵਾਦ ਤੇ ਇਕਹਰੀ ਵਿਚਾਰਧਾਰਾ ਦੀ ਹਮਦਰਦ। ਉੱਤਰ-ਆਧੁਨਿਕਤਾ ਨੂੰ ਸਿਰਫ ਉਲਝਾਉਣ ਵੱਲ ਹੀ ਹੁਣ ਤੀਕ ਛਪੇ ਵਿਦਵਾਨਾਂ ਦਾ ਧਿਆਨ ਹੈ। ਇਸ ਦੇ ਸਰੂਪ ਅਤੇ ਮਹੱਤਵ ਨੂੰ ਝਾਂਸਾ ਦੇ ਕੇ ਅੱਖੋਂ-ਪਰੋਖਾ ਕਰਨਾ, ਇਸ ਦੀ ਪ੍ਰਮੁੱਖ ਵਡਿਆਈ ਬਣ ਗਿਆ ਹੈ।

ਹੁਣ ਵਕਤ ਆ ਗਿਆ ਹੈ ਕਿ ਇਕੋ ਕਿਸਮ ਦੀ ਵਿਚਾਰਧਾਰਾ ਦੀ ਜ਼ਿੱਦ ਛੱਡ ਦੇਈਏ ਅਤੇ ਵੱਖਰਤਾ/ਸਮਾਂਨੰਤਰਤਾ ਨੂੰ ਸਵੀਕਾਰ ਕਰੀਏ । ਜ਼ਿੰਦਗੀ ਬੜੀ ਬਿੱਖਰੀ ਹੋਈ ਹੈ, ਇਸਨੂੰ ਸਮਝਣ ਦੀ ਲੋੜ ਹੈ । ਜ਼ਿੰਦਗੀ ਨੂੰ ਦੇਖਣ ਵਾਲੀ ਆਰਥਕ ਦ੍ਰਿਸ਼ਟੀ ਨੂੰ ਸਮਝਣ ਦੀ ਲੋੜ ਹੈ । ਹਰ ਵਿਆ-ਕਤੀ/ਸਭਿਆਚਾਰ ਦਾ ਆਪਣਾ ਗੌਰਵ ਹੈ, ਉਸਦੇ ਆਪਣੇ ਆਪਣੇ ਵਿਸ਼ੇਸ਼ ਅਨੁਭਵ ਜਿਨ੍ਹਾਂ ਨੂੰ ਤਾਰਕਿਕ ਰੂਪ ਵਿਚ ਸੰਗਠਿਤ ਨਹੀਂ ਕੀਤਾ ਜਾ ਸਕਦਾ, ਖਾਸ ਕਰਕੇ ਜਿਥੇ ਹਰ ਦਾਅਵਾ ਝਾਂਸ ਤੋਂ ਵੱਧ ਕੁਝ ਵੀ ਨਾ ਹੋਵੇ । ਕਦੀ ਵੀ ਸਭਿਆਚਾਰ ਵਿਚਿੱਤਰਤਾ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ । ਬੰਦੇ ਦੀ ਹੋਂਦ ਬਹੁ-ਪਛਾਣੀ ਹੈ, ਉਸਦੀ ਕਿਰਦਾਰ ਦੋ ਪੱਖੀ ਹੈ ਤੇ ਕਈ ਵਿਰੋਧ ਉਤਪੰਨ ਕਰਦਾ ਹੈ । ਇਹਨਾਂ ਵਿਰੋਧਾਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ । ਪਾਜ਼ ਦੇ ਸ਼ਬਦਾਂ ਵਾਂਗ ਸੱਚਾਈ ਲਈ ਆਦਰ ਵਿਖਾਉਣ ਵਾਲੀ ਗੱਲ ਹੈ । ਆਓ । ਵਿਸ਼ਵ-ਪੱਧਰ ਦੀ ਇਸ ਡਿਬੇਟ ਵਿਚ ਨਿਰ-ਸੰਕੋਚ ਸ਼ਾਮਲ ਹੋਈਏ, ਝਿਜਕੀਏ ਨਹੀਂ ਅਤੇ ਗਿਆਨ ਨੂੰ ਵਿਕਾਸ ਦੇ ਰੂਪ ਵਿਚ ਪ੍ਰਵਾਨ ਕਰੀਏ । ਪੰਜਾਬੀ ਸਾਹਿਤ ਤੇ ਸਭਿਆਚਾਰ ਵਿਚ ਇਸ ਦ੍ਰਿਸ਼ਟੀ ਦੀ ਆਮਦ ਨੂੰ ਸਮਝੀਏ । ਕਿਉਂਕਿ ਇਸ ਦੀਆਂ ਜੜ੍ਹਾਂ ਕਿਤੇ ਨਾ ਕਿਤੇ ਪੰਜਾਬੀ ਸਭਿਆਚਾਰ ਵਿੱਚ ਵੀ ਹਨ ।

—ਆਤਮ ਰੰਧਾਵਾ (ਅੰਮ੍ਰਿਤਸਰ)

○ ਸਭ ਤੋਂ ਪਹਿਲਾਂ ਤਾਂ ਮੈਂ ਉਨ੍ਹਾਂ ਸੱਜਣਾ, ਖਾਸ ਕਰਕੇ ਮਹਿਮਾਂ ਸਿੰਘ, ਐਸ. ਤਰਸੇਮ ਤੇ ਰੁਪਿੰਦਰ ਮਾਨ ਜੀ ਤੋਂ ਖਿਮਾਂ ਦਾ ਜਾਚਕ ਹਾਂ ਕਿਉਂਕਿ ਚਿਰਾਗ ਦੇ ਅੰਕ 13 ਵਿਚ ਛਪੇ ਮੇਰੇ ਖਤ ਵਿਚ ਕੁਝ ਅਸਾਹਿਤਕ ਸ਼ਬਦਾਂ ਦੀ ਵਰਤੋਂ ਸੀ, ਜਿਨ੍ਹਾਂ ਵੱਲ ਧਿਆਨ ਮਹਿਮਾ ਸਿੰਘ ਜੀ ਨੇ ਬੜੇ ਹੀ ਸੱਭਿਅਕ ਢੰਗ ਨਾਲ ਚਿਰਾਗ ਦੇ ਅੰਕ 14 ਵਿਚ ਦੁਆਇਆ ।

"ਪੰਜਾਬੀ ਗਜ਼ਲ ਵਿਚ ਜੋ ਲਿਖਿਆ ਸੋ ਪਰਵਾਨ ਦਾ ਰਵਾਜ ਪੈ ਚੁਕਿਆ ਹੈ ।" ਮੈਂ ਕਸ਼-ਮੀਰ ਨੀਰ ਦੇ ਇਸ ਵਚਨ ਨੂੰ ਸਤਿਕਾਰ ਵਜੋਂ ਸਲਾਮ ਕਰਦਾ ਹਾਂ । ਡਾ: ਐਸ. ਤਰਸੇਮ ਹੋਰਾਂ ਵਾਂਗ, ਮੈਂ ਵੀ "ਅਰੂਜ਼ ਪੱਖੋਂ ਸਰਬ ਗਿਆਤਾ ਹੋਣ ਦਾ ਦਾਅਵਾ ਨਹੀਂ ਕਰਦਾਂ ।" ਜਦੋਂ ਮੈਂ ਪੰਜਾਬੀ ਗ਼ਜ਼ਲ ਵਿਚ ਤਗ਼ੱਜ਼ਲ ਦੀ ਦੁਰਲੱਭਤਾ ਦੀ ਗੱਲ ਕਰਦਾ ਹਾਂ ਤਾਂ ਮੈਂ ਆਪਣੇ ਆਪ ਨੂੰ ਵੀ ਪੰਜਾਬੀ ਕਵੀਆਂ ਵਿਚ ਗਿਣਦਾ ਹਾਂ । ਮੈਂ ਕੋਈ ਅਰਸ਼ੋਂ ਨਹੀਂ ਉਤਰਿਆ । ਮੇਰੀ ਗਜ਼ਲ ਵਿਚ ਤਗ਼ੱਜ਼ਲ ਦੀ ਦੁਰਲਭਤਾ ਉਨੀ ਹੀ ਦੁੱਖਦਾਈ ਹੈ ਜਿੰਨੀ ਕਿਸੇ ਹੋਰ ਪੰਜਾਬੀ ਸ਼ਾਇਰ ਦੀ ਗ਼ਜ਼ਲ ਵਿਚ ।

ਚਿਰਾਗ ਅੰਕ 13 ਵਿਚ ਮੇਰੀ ਛਪੀ ਗ਼ਜ਼ਲ ਦੇ ਸ਼ਿਅਰਾਂ ਵਿਚ ਮਹਿਮਾ ਸਿੰਘ, ਐਸ. ਤਰਸੇਮ ਤੇ ਸ਼ਮਸ਼ੇਰ ਮੋਹੀ ਵਲੋਂ ਉਠਾਏ ਦੋਸ਼ਾਂ ਨੂੰ (ਵਿਸ਼ਰਾਮ, ਐਬ-ਤਾਕੀਦ-ਇ-ਲਫਜ਼ੀ (ਸ਼ਬਦਾਂ ਦੀ ਤਰਤੀਬ ਦੀਆਂ ਖਾਮੀਆਂ ਜਾਂ ਪਾੜਾ), ਐਬ ਸ਼ਕਸਤ-ਇ-ਨਾਰਵਾ. ਐਬ-ਅਖ਼ਲਾਲ, ਅਧਿਕ ਦੋਸ਼ ਆਦਿ) ਖਿੜੇ ਮੱਥੇ ਸਵੀਕਾਰ ਕਰਦਾ ਹਾਂ । ਪਰ ਮੈਂ ਉਪਰ ਲਿਖੇ ਸਜਣਾ ਦੀ ਆਗਿਆ ਨਾਲ ਕੁਝ ਬੁਨਿਆਦੀ ਨੁਕਤਿਆਂ ਬਾਰੇ ਗੱਲ ਕਰਨੀ ਚਾਹਾਂਗਾ ।

1:—ਮੇਰੀ ਗ਼ਜ਼ਲ ਦੇ ਦੂਜੇ ਸ਼ਿਅਰ ਦੇ ਪਹਿਲੇ ਮਿਸਰੇ ਵਿਚ ਸ਼ਬਦ ਲੰਘਦਾ ਦੇ ਬਾਰੇ ਮਹਿਮਾ ਸਿੰਘ ਜੀ ਲਿਖਦੇ ਹਨ, ਤੀਜੇ ਸ਼ਿਅਰ ਦੇ ਪਹਿਲੇ ਮਿਸਰੇ ਵਿਚ ਲਿਖਦੇ 'ਲੰਘਦਾ' ਹਨ ਤੇ ਵਜ਼ਨ ਪੂਰਾ 'ਲਘਦਾ' ਦੇ ਉਚਾਰਨ ਤੇ ਕਰਦੇ ਹਨ । ਮਹਿਮਾਂ ਸਿੰਘ ਜੀ ਖਿਮਾਂ ਕਰਨਾ, ਗਜ਼ਲ ਦਾ ਪਹਿਲਾ



ਸ਼ਿਅਰ ਮਤਲਾ ਹੁੰਦਾ ਹੈ । ਉਸ ਤੋਂ ਬਾਅਦ ਦੇ ਸ਼ਿਅਰ ਕਰਮਵਾਰ ਪਹਿਲਾ. ਦੂਜਾ, ਤੀਜਾ ਆਦਿ ਸ਼ਿਅਰ ਹੁੰਦੇ ਹਨ । ਉਪਰ ਤੁਸੀਂ ਬਿਲਕੁਲ ਸਹੀ ਫਰਮਾਇਆ ਹੈ । ਸ਼ਬਦ ਲੰਘਦਾ ਲਿਖਤੀ ਰੂਪ ਹੈ ਤੇ ਲਘਦਾ ਉਚਾਰਨ ਰੂਪ ਜਾਂ ਤਕਤੀਹ ਰੂਪ । ਕਿਉਂਕਿ ਲੰਘਦਾ ਵਿਚ ਟਿੱਪੀ ਨੱਕ ਦੀ ਧੁਨੀ ਦਿੰਦੀ ਹੈ ਜੋ ਤਕਤੀਹ ਵਿਚ ਡਿਗ ਜਾਂਦੀ ਹੈ ਤੇ ਗਿਣਤੀ ਵਿਚ ਨਹੀਂ ਆਉਂਦੀ ।

2 :—ਚੌਥੇ ਸ਼ਿਅਰ ਵਿਚ ਸ਼ਬਦ 'ਦੂਜੇ' ਸੰਕੇਤਕ ਸ਼ਬਦ (ਹਰਫ਼-ਇ-ਇਸ਼ਾਰਾ) ਹੈ । ਇਸ ਨਾਲ ਸ਼ਬਦ 'ਪਲ' ਦਾ ਆਉਣਾ ਜ਼ਰੂਰੀ ਨਹੀਂ । ਇਸ ਕਰਕੇ ਐਥੇ ਅਖ਼ਲਾਲ ਜਾਇਜ਼ ਨਹੀਂ ।

3:—ਇਕ ਬਾਰ ਫਿਰ ਖਿਮਾਂ ਕਰਨਾਂ ਮਹਿਮਾਂ ਸਿੰਘ ਜੀ, ਦੋਸ਼ 'ਐਬਸ਼ਕਤਾ-ਏ-ਨਾਰਵਾ' ਨਹੀਂ ਹੁੰਦਾ. ਐਬ-ਸ਼ਕਸਤ-ਇ-ਨਾਰਵਾ ਹੁੰਦਾ ਹੈ । ਗਜ਼ਲ ਦੇ ਪੰਜਵੇਂ ਸ਼ਿਅਰ ਵਿਚ ਐਬ-ਸ਼ਕਸਤ-ਇ-ਨਾਰਵਾ ਸਾਬਤ ਕਰਨ ਲਈ ਤੁਹਾਨੂੰ ਇਸ ਸ਼ਿਅਰ ਦੀ ਵਾਰਤਾ ਬਣਾ ਕੇ ਸ਼ਬਦਾਂ ਦੀ ਨਿਸ਼ਾਨ ਦੇਹੀ ਕਰਨੀ ਚਾਹੀਦੀ ਸੀ । ਇੰਜ ਕਰਨ ਨਾਲ ਤੁਸੀਂ ਇਹ ਦੋਸ਼ ਸਿੱਧ ਕਰ ਸਕਦੇ ਸੀ ਤੇ ਪਾਠਕ ਇਸ ਦੋਸ਼ ਨੂੰ ਆਸਾਨੀ ਨਾਲ ਗ੍ਰਹਿਣ ਕਰਨ । ਦੋਸ਼ ਲਿਖਣ ਜਾਂ ਕਹਿਣ ਨਾਲ ਹੀ ਨਹੀਂ ਲੱਗ ਜਾਂਦੇ, ਠੋਸ ਸਬੂਤ ਦੀ ਮੰਗ ਵੀ ਕਰਦੇ ਹਨ ।

ਜਿਵੇਂ ਤੁਹਾਡੀ ਗ਼ਜ਼ਲ ਜੋ, ਨਵਾਂ ਜ਼ਮਾਨਾ, 7 ਮਈ **1998** ਦੇ ਆਖ਼ਰੀ ਤੋਂ ਪਹਿਲੇ ਸਫੇ ਤੇ ਛਪੀ ਹੈ ਦੇ ਦੂਜੇ ਸ਼ਿਅਰ ਵਿਚ ਹੈ । ਤੁਹਾਡਾ ਸ਼ਿਅਰ ਹੈ—

ਵਾਹੀ ਤਪਦੇ ਥਲਾਂ 'ਚ ਜਿਨ੍ਹਾਂ ਅੱਗ ਦੀ ਲਕੀਰ
ਅੱਜ ਲਿਖ ਤੂੰ ਸਾਲਾਮ ਉਨ੍ਹਾਂ ਜੇਰਿਆਂ ਦੇ ਨਾਮ ।

ਇਸ ਸ਼ਿਅਰ ਦੀ ਵਾਰਤਾ ਹੈ—

ਜਿਨ੍ਹਾਂ ਤਪਦੇ ਥਲਾਂ ਵਿਚ ਅੱਗ ਦੀ ਲਕੀਰ ਵਾਹੀ. ਅੱਜ ਤੂੰ ਉਨ੍ਹਾਂ ਜੇਰਿਆਂ ਦੇ ਨਾਮ ਸਲਾਮ ਲਿਖ । (ਤੁਹਾਡੇ ਸੰਧਰਭ ਮੁਤਾਬਿਕ) ਕਾਬਲੇ ਦਾਦ ਵਿਚਾਰ ਹੈ । ਦਾਦ ਕਬੂਲ ਕਰਨੀ । ਹੁਣ ਤੁਸੀਂ ਆਪ ਹੀ ਵਾਰਤਾ ਤੇ ਸ਼ਿਅਰ ਦੀ ਪਹਿਲੀ ਤੁਕ ਦਾ ਟਾਕਰਾ ਕਰਕੇ ਦੇਖ ਲਓ ਕਿ ਇਸ ਵਿਚ ਐਬ-ਸ਼ਕਸਤ-ਇ-ਨਾਰਵਾ ਹੈ ਜਾਂ ਕਿ ਨਹੀਂ । ਇਹ ਦੋਸ਼ ਇਸ ਤਰ੍ਹਾਂ ਦੂਰ ਹੋ ਸਕਦਾ ਸੀ ।

ਜਿਨ੍ਹਾਂ ਤਪਦੇ ਥਲਾਂ 'ਚ ਵਾਹੀ ਅੱਗ ਦੀ ਲਕੀਰ
ਅੱਜ ਲਿਖ ਤੂੰ ਸਾਲਾਮ ਉਨ੍ਹਾਂ ਜੇਰਿਆਂ ਦੇ ਨਾਮ ।

ਮੈਂ ਐਸ. ਤਰਸੇਮ ਸਾਹਿਬ ਦੇ ਇਹਨਾਂ ਸੁਝਾਵਾਂ ਨਾਲ ਸੌ ਫੀਸਦੀ ਸਿਹਮਤ ਹਾਂ ।, "ਗ਼ਜ਼ਲ ਵਿਚ ਵੀ ਹੋਰਾਂ ਕਾਵਿ-ਰੂਪਾਂ ਵਾਂਗ ਸ਼ਬਦ ਜੋੜ ਡਿਕਸ਼ਨਰੀ ਅਨੁਸਾਰ ਹੀ ਰੱਖਣੇ ਚਾਹੀਦੇ ਹਨ ।" "ਜੇ ਪੰਜਾਬੀ ਵਿਚ ਗਜ਼ਲ ਨੂੰ ਸਫਲ ਬਣਾਉਣਾ ਹੈ ਤਾਂ ਸਾਨੂੰ ਪੰਜਾਬੀ ਦਾ ਹੀ ਕਾਵਿ-ਸ਼ਾਸਤਰ ਅਪਨਾਉਣਾ ਪਵੇਗਾ ।"

ਪਰ ਇਸ ਗੱਲ ਨਾਲ ਸਹਿਮਤ ਨਹੀਂ ਕਿ "ਪੜ੍ਹਨ ਸਮੇਂ ਪਾਠਕ ਆਪਣੇ ਆਪ ਹੀ ਅੱਖਰ ਦੇ ਗਿਰਾਉਣ ਨੂੰ ਉਚਾਰਣ ਅਨੁਸਾਰ ਢਾਲ ਲੈਂਦੇ ਹਨ ।"

ਮੁਆਫ ਕਰਨਾ ਡਾ: ਐਸ. ਤਰਸੇਮ ਸਾਹਿਬ । ਕੀ ਉਪਰਲੀ ਸਤਰ ਵਿਚ ਤੁਹਾਡਾ ਲਿਖਿਆ ਸ਼ਬਦ ਉਚਾਰਣ ਡਿਕਸ਼ਨਰੀ ਅਨੁਸਾਰ ਹੈ ? ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼, ਪੰਜਾਬੀ

ਯੂਨੀਵਰਸਟੀ ਪਟਿਆਲਾ ਅਤੇ ਪੰਜਾਬੀ-ਇੰਗਲਿਸ਼ ਡਿਕਸ਼ਨਰੀ, ਪੰਜਾਬ ਯੂਨੀਵਰਸਟੀ ਦੋਹਾਂ ਅਨੁਸਾਰ ਇਸ ਸ਼ਬਦ ਦੇ ਜੋੜ ਹਨ "ਉਚਾਰਨ"

ਜੋ ਖੁੱਲ੍ਹ ਤੁਸੀਂ ਪਾਠਕ ਤੇ ਗ਼ਜਲਗੋ ਨੂੰ ਦੇ ਰਹੇ ਹੋ ਉਸ ਨਾਲ ਦੋ ਨੁਕਸਾਨ ਹੋਣਗੇ।

1 :—ਗਜ਼ਲਗੋ, ਗਜ਼ਲ ਕਹਿੰਦੇ ਸਮੇਂ ਉਚਾਰਨ ਦੀ ਕੋਈ ਪਰਵਾਹ ਨਹੀਂ ਰੱਖੇਗਾ। ਕਿਉਂਕਿ ਉਸ ਨੂੰ ਪਤਾ ਹੈ ਕਿ ਪਾਠਕ ਨੇ ਆਪ ਹੀ ਉਚਾਰਨ ਸਹੀ ਕਰ ਲੈਣਾ ਹੈ। ਜੋ ਰਹਿੰਦਾ ਖੂੰਹਦਾ ਉਚਾਰਨ ਸਾਡੇ ਕੋਲ ਬਚਿਆ ਹੈ ਉਹ ਵੀ ਜਾਂਦਾ ਲੱਗੂ।

2 :—ਗ਼ਜ਼ਲ ਵਿਚ ਬੋਲੀ ਦੀ ਗਿਰਾਵਟ ਐਨੀ ਵੱਧ ਜਾਵਗੀ ਕਿ ਕੋਈ ਵੀ ਗਜ਼ਲ ਨਹੀਂ ਪੜ੍ਹੇਗਾ।

ਡਾ: ਐਸ. ਤਰਸੇਮ ਸਾਹਿਬ ਨੇ ਪੰਜਾਬੀ ਵਿਚ ਅਧਿਕ ਬਾਟੇ, ਲਹਿੰਦੇ ਪੰਜਾਬ ਵਿਚ ਅਧਿਕ ਦੇ ਉਚਾਰਨ ਤੇ ਚੜ੍ਹਦੇ ਪੰਜਾਬ ਦੇ (ਸਿਰਫ) ਸ਼ਹਿਰਾਂ ਵਿਚ ਅਧਿਕ ਦੇ ਉਚਾਰਨ ਦੀ ਜੋ ਰਾਏ ਦਿਤੀ ਹੈ ਨਿੱਗਰ ਨਹੀਂ। ਕੀ ਡਾ: ਐਸ. ਤਰਸੇਮ ਸਾਹਿਬ ਲਈ, ਭਾਰਤੀ ਪੰਜਾਬ ਦੇ ਪਿੰਡਾਂ ਵਿਚ 80%ਵਸਨੀਕਾਂ ਦਾ ਉਚਾਰਨ ਕੋਈ ਅਹਿਮੀਅਤ ਨਹੀਂ ਰੱਖਦਾ ? ਖੈਰ, ਇਹ ਉਨ੍ਹਾਂ ਦਾ ਸੁਤੰਤਰ ਵਿਚਾਰ ਹੈ, ਖੇਤਰ ਵੀ। ਉਹ ਵਿਦਵਾਨ ਹਨ ਤੇ ਇਸ ਗੱਲ ਦੇ ਮਾਹਰ ਹਨ।

ਇਵੇਂ ਹੀ ਫਾਰਸੀ ਅਰਬੀ ਸ਼ਬਦਾਂ ਦੇ ਹਾਹੇ ਦੀ ਗ਼ੱਲ ਹੈ। ਸਾਡੇ ਵਿਦਵਾਨਾਂ ਨੇ ਤਤਸਮ ਤੇ ਤਦਭਵ ਦੀ ਬਹੁਤ ਉਚੀ ਕੰਧ ਉਸਾਰ ਰੱਖੀ ਹੈ। ਕਾਸ਼ ! ਕਿ ਉਹ ਇਸ ਦੇ ਬਾਹਰ ਝਾਕ ਸਕਣ। ਮੋਹੀ ਸਾਹਿਬ ਨੂੰ ਬੇਨਤੀ ਹੈ ਕਿ ਉਹ ਮੇਰੀ ਗਜ਼ਲ ਦੇ ਤਕਨੀਕੀ ਨੁਕਸ ਤੇ ਬੇ-ਅਰਥੇ ਜਿਹੇ ਸ਼ਿਅਰ ਮੈਨੂੰ ਭੇਜਣ ਦੀ ਖੇਚਲ ਕਰਨੀ। ਧੰਨਵਾਦੀ ਹੋਵਾਂਗਾ। ਮੇਰਾ ਸਿਰਨਾਵਾਂ ਤਾਂ ਉਨ੍ਹਾਂ ਪਾਸ ਹੈ ਹੀ। ਜੇ ਨਹੀਂ ਤੇ 'ਚਿਰਾਗ' ਦੇ ਕਿਸੇ ਅੰਕ ਤੋਂ ਦੇਖ ਲੈਣ।

ਮੇਰਾ ਸੁਝਾ ਹੈ ਕਿ ਸਾਡੀਆਂ ਯੂਨੀਵਰਸਟੀਆਂ ਨੂੰ 'ਉਰਦੂ, ਹਿੰਦੀ, ਅਰਬੀ, ਫਾਰਸੀ, ਅੰਗਰੇਜ਼ੀ ਆਦਿ ਬੋਲੀਆਂ ਵਾਂਗ ਇਕ ਡਿਕਸ਼ਨਰੀ ਤਿਆਰ ਕਰਨ, ਜਿਸ ਵਿਚ ਸ਼ਬਦ ਜੋੜ ਤੇ ਉਚਾਰਨ ਦਿਤੇ ਗਏ ਹੋਣ। ਪਰ ਸ਼ਬਦਾਂ ਦੇ ਉਚਾਰਨ ਕੌਣ ਨਿਸ਼ਚਿਤ ਕਰੇਗਾ ? ਲੋਕ ਜਾਂ...???

—ਨਦੀਮ ਪਰਮਾਰ (ਕੈਨੇਡਾ)

---

## ਚਿਰਾਗ਼ ਪ੍ਰਕਾਸ਼ਨ ਦੀਆਂ ਕਿਤਾਬਾਂ

1. ਨਾਜ਼ਿਮ ਹਿਕਮਤ ਜੀਵਨ ਤੇ ਰਚਨਾ—ਸੰਪਾਦਕ : ਹਰਭਜਨ ਸਿੰਘ ਹੁੰਦਲ ਮੁੱਲ 20/-
2. ਹੋਅ-ਚੀ-ਮਿੰਨ—ਜੀਵਨੀ—ਲੇਖਕ ਸੂਫੀ ਅਮਰਜੀਤ—ਮੁੱਲ 100/-।
3. ਮਾਰਕਸਵਾਦੀ ਸਾਹਿਤ ਸਿਧਾਂਤ—ਸੰਪਾਦਕ ਹਰਭਜਨ ਸਿੰਘ ਹੁੰਦਲ—ਮੁੱਲ 100/-।
4. ਜੰਗ ਨਾਮਾ—ਪੰਜਾਬ—ਲੇਖਕ ਹਰਭਜਨ ਸਿੰਘ ਹੁੰਦਲ, ਮੁੱਲ ਸੁਜਿਲਦ 50/-।
5. ਵਿਅੰਗ ਨਾਮਾ (ਹਰਭਜਨ ਸਿੰਘ ਹੁੰਦਲ) ਮੁੱਲ 40/-।

ਮਿਲਣ ਦਾ ਪਤਾ :

ਸੰਪਾਦਕ ਚਿਰਾਗ਼ : ਪਿੰਡ : ਫੱਤੂ ਚੱਕ, ਡਾ: ਢਿਲਵਾਂ (ਕਪੂਰਥਲਾ) 144804




# HARMONY

(A DESIGN FORUM)

FOR

ARCHITECTURAL & Structural Designing
INTERIOR PLANNING & CONSULTANCY SERVICES

TO

**our esteemed dreamers of elegantly Comfortable homes and aesthetically appealing buildings**

**We Serve you at :**

**HARMONY**

**229, Sahil Plaza,**
(Air Conditioned Market)
**Dalhousie Road,**
**PATHANKOT**
Ph. 81329

Registered with the Registrar of News-Papers of India
No—PUN-PUN O 2776/AL/TC/94.

ਉਤਰੀ ਭਾਰਤ ਵਿਚ ਕੌਸਮੈਟਿਕ ਸਰਜਰੀ ਦਾ ਪਹਿਲਾ ਕੇਂਦਰ
8 ਸਾਲ ਮਿਲਾਪ ਰੋਡ ਵਿਖੇ ਕੰਮ ਕਰਨ ਤੋਂ ਬਾਦ ਹੁਣ ਨਵੀਂ ਬਿਲਡਿੰਗ ਵਿਚ ਚਲਾ ਗਿਆ ਹੈ

ਪਲਾਸਟਿਕ ਅਤੇ ਕੌਸਮੈਟਿਕ ਸਰਜਰੀ ਦਾ ਕੇਂਦਰ

ਭੁਪਿੰਦਰ ਨਰਸਿੰਗ ਹੋਮ
261, ਮੋਤਾ ਸਿੰਘ ਨਗਰ, ਮੇਨ ਰੋਡ, ਨੇੜੇ ਬੱਸ ਅੱਡਾ
ਜਲੰਧਰ ਫੋਨ : 0181-224228, 223376

BHUPINDER NURSING HOME
261, Mota Singh Nagar, Main Road.
Near Bus Stand, Jalandhar City.
Ph.: 0181-224228, 223376

ਡਾ: ਬੀ. ਪੀ. ਸਿੰਘ (ਐਮ ਐਸ)
ਪਲਾਸਟਿਕ ਅਤੇ ਕੌਸਮੈਟਿਕ ਸਰਜਨ

For Details Contact:
DR. B.P. SINGH (M.S.)
PLASTIC & COSMETIC SURGEON

ਕੌਸਮੈਟਿਕ ਸਰਜਰੀ ਅਤੇ ਪਲਾਸਟਿਕ ਸਰਜਰੀ ਦੇ ਅੱਜ ਤੱਕ ਕੀਤੇ ਹੋਏ ਅਪਰੇਸ਼ਨ ਇਸ ਤਰ੍ਹਾਂ ਹਨ

● ਲਾਈਪੋਸਕਸ਼ਨ ● ਲਾਈਪੋਇੰਜੈਕਸ਼ਨ ● ਨੱਕ ਦੀ ਕੌਸਮੈਟਿਕ ਸਰਜਰੀ ● ਮੂੰਹ ਦੀਆਂ ਝੁਰੜੀਆਂ ਖਤਮ ਕਰਨਾ ● ਮੱਥੇ ਦੀਆਂ ਝੁਰੜੀਆਂ ਖਤਮ ਕਰਨਾ ● ਬਲੇਫਰੋਪਲਾਸਟੀ ● ਰੁਕਿਆ ਹੋਇਆ ਚਿੱਟਾ ਦਾਗ (ਫੁਲਵਹਿਰੀ) ● ਰੀਕੰਸਟਰਕਟਿਵ ਸਰਜਰੀ ● ਗੰਜੇਪਨ ਤੇ ਵਾਲ ਪੁਨਰ ਸਥਾਪਿਤ ਕਰਨਾ ● ਮੈਮੋਪਲਾਸਟੀ ● ਗੁਪਤ ਅੰਗ ਦੇ ਨੁਕਸ ਠੀਕ ਕਰਨਾ ● ਐਕਸੀਡੈਂਟ ਨਾਲ ਹੋਏ ਅੰਗਾਂ ਦੇ ਵਿਕਾਰ ਨੂੰ ਠੀਕ ਕਰਨਾ ● ਜਲੇ ਦਾ ਇਲਾਜ ● ਨਿਸ਼ਾਨ ਜਲੇ ਦਾ, ਸੱਟ ਦਾ, ਅਪਰੇਸ਼ਨ ਦਾ। ● ਠੋਡੀ, ਗੱਲ੍ਹ, ਕੰਨ, ਪਲਕਾਂ, ਭਰਵੱਟੇ, ਬੁੱਲ੍ਹ, ਨੱਕ ਦੇ ਵਿਕਾਰ ਠੀਕ ਕਰਨਾ

VARIOUS COSMETICS SURGERY & PLASTIC SURGERY OPERATION DONE SO FAR ARE:

LIPOSUCTION * LIPOINJECTIONS * ACCIDENTAL INJURIES CARE
RHINOPLASTIES * FACE LIFT * BROW LIFT * BLEPHEROPLASTIES * STAITIONERY WHITE PATCH
* RECONSTRUCTIVE SURGERY * IN BORN DEFECTS & DEFORMITIES
* HAIR TRANSPLATATION * DEFECTS & DEFORMITIES OF ACCIDENTS
* BURNS * TREATMENT OF SCARS
* CHIN, CHEAK, EAR, EYE BROWS, EYE LIDS, LIPS CORRECTION

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ. ਅਨੂਪ ਸਿੰਘ ਨੇ ਵਾਈਟ ਕ੍ਰੌਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ 219, ਭਾਈ ਦਿੱਤ ਸਿੰਘ ਨਗਰ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਫੋਨ : 226877